**Restaurant Supply** (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
Ravi Kapoor (CEO)
1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com




**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 6; February 8, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਅਮਰੀਕੀਆਂ ਨੂੰ ਔਖੇ ਦਿਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ: ਟਰੰਪ

### ਗੈਰ-ਕਾਨੂੰਨੀ ਢੰਗਾਂ ਨਾਲ ਅਮਰੀਕਾ ਆਏ ਭਾਰਤੀਆਂ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ਸ਼ੁਰੂ

**ਨਵੀਂ ਦਿੱਲੀ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋ ਲਏ ਜਾ ਰਹੇ ਸਖਤ ਫੈਸਲਿਆਂ ਨੇ ਵਿਸ਼ਵ ਭਰ ਵਿੱਚ ਹਾਹਾਕਾਰ ਮਚਾ ਰੱਖੀ ਹੈ। ਅਮਰੀਕਾ ਵਿਚ ਰਹਿ ਰਹੇ ਗੈਰ ਕਾਨੂੰਨੀ ਵਿਦੇਸ਼ੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜਣ, ਕੈਨੇਡਾ ਅਤੇ ਮੈਕਸੀਕੋ ਦੇ ਸਮਾਨ ਉੱਤੇ ਟੈਕਸ ਲਗਾਉਣ ਨਾਲ ਸਥਿਤੀ ਗੰਭੀਰ ਹੋ ਗਈ ਹੈ। ਇਸ ਦੇ ਨਾਲ ਹੀ ਡੋਨਾਲਡ ਟਰੰਪ ਨੂੰ ਵੀ ਇਹ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਹੈ ਕਿ ਸਖ਼ਤ ਫੈਸਲਿਆਂ ਵਾਲਾ ਉਸਦਾ ਰਾਹ ਆਸਾਨ ਨਹੀਂ ਹੈ। ਉਸਨੇ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਮਰੀਕਨਾਂ ਨੂੰ ਔਖੇ ਦਿਨ ਦੇਖਣੇ ਪੈ ਸਕਦੇ ਹਨ। ਹੋਰ ਬਹੁਤ ਸਾਰੇ ਦੇਸ਼ਾਂ ਵਾਂਗ ਹੀ ਗੈਰ-ਕਾਨੂੰਨੀ ਢੰਗਾਂ ਨਾਲ ਅਮਰੀਕਾ ਆਏ ਲਗਭਗ ਅਠਾਰਾਂ ਹਜ਼ਾਰ ਭਾਰਤੀਆਂ ਨੂੰ ਵੀ ਵਾਪਸ ਭੇਜਿਆ ਜਾ ਰਿਹਾ ਹੈ, ਜਿਨ੍ਹਾਂ ਵਿਚੋਂ 200 ਤੋਂ ਵੱਧ ਭਾਰਤੀਆਂ ਨੂੰ ਲੈ ਕੇ ਗਿਆ ਪਹਿਲਾ ਫੌਜੀ ਜਹਾਜ਼ ਅੰਮ੍ਰਿਤਸਰ ਅੱਪੜ ਗਿਆ ਹੈ।

ਟੋਰਾਂਟੋ ਤੋਂ ਖ਼ਬਰ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡਾ ਦੇ ਜ਼ਿਆਦਾਤਰ ਸਾਮਾਨ 'ਤੇ 25% ਟੈਰਿਫ ਲਗਾਉਣ ਦਾ ਐਲਾਨ ਕਰਨ ਤੋਂ ਬਾਅਦ ਕੈਨੇਡਾ ਦੇ ਨਾਗਰਿਕਾਂ ਨੇ ਸਰਹੱਦ ਦੇ ਦੱਖਣ ਵੱਲ ਯਾਤਰਾਵਾਂ ਰੱਦ ਕਰ ਦਿੱਤੀਆਂ ਹਨ, ਅਮਰੀਕੀ ਸ਼ਰਾਬ ਤੇ ਹੋਰ ਉਤਪਾਦਾਂ ਦਾ ਬਾਈਕਾਟ ਕੀਤਾ ਹੈ ਤੇ ਖੇਡ ਸਮਾਗਮਾਂ 'ਚ ਵੀ ਅਮਰੀਕੀਆਂ ਦਾ ਵਿਰੋਧ ਕੀਤਾ ਹੈ। ਹਾਲਾਂਕਿ ਟਰੰਪ ਨੇ ਅਹੁਦਾ ਸੰਭਾਲਣ ਤੋਂ ਪਹਿਲਾਂ ਕੈਨੇਡਾ ਤੇ ਮੈਕਸੀਕੋ 'ਤੇ ਟੈਰਿਫ ਲਗਾਉਣ ਦਾ ਵਾਅਦਾ ਕੀਤਾ ਸੀ, ਪਰ ਇਕ ਦੇਸ਼, ਜੋ ਸੱਭਿਆਚਾਰਕ ਤੇ ਭੂਗੋਲਿਕ ਤੌਰ 'ਤੇ ਅਮਰੀਕਾ ਦੇ ਬਹੁਤ ਨੇੜੇ ਹੈ, 'ਤੇ ਆਰਥਿਕ ਯੁੱਧ ਵਰਗੀ ਕਾਰਵਾਈ ਬਹੁਤ ਸਾਰੇ ਕੈਨੇਡੀਅਨਾਂ ਲਈ ਇਕ ਝਟਕਾ ਹੈ।



ਕੈਨੇਡੀਅਨ ਸਰਹੱਦੀ ਸ਼ਹਿਰ ਵਿੰਡਸਰ ਦੇ ਮੇਅਰ ਡ੍ਰਿਊ ਡਿਲਕੇਨਸ ਨੇ ਇਕ ਇੰਟਰਵਿਊ 'ਚ ਕਿਹਾ ਕਿ ਇਹ ਮਹਿਸੂਸ ਹੁੰਦਾ ਹੈ ਕਿ ਟਰੰਪ ਵਿਸ਼ਵ ਵਿਵਸਥਾ ਦਾ ਪੁਨਰਗਠਨ ਕਰਨਾ ਚਾਹੁੰਦਾ ਹੈ। ਉਹ ਆਪਣੇ ਸਭ ਤੋਂ ਨਜ਼ਦੀਕੀ ਸਹਿਯੋਗੀ ਨਾਲ ਸ਼ੁਰੂਆਤ ਕਰਨ ਲਈ ਤਿਆਰ ਹੈ। ਜੇਕਰ ਉਹ ਕੈਨੇਡਾ ਨਾਲ ਅਜਿਹਾ ਕਰਨ ਲਈ ਤਿਆਰ ਹੈ ਤਾਂ ਉਹ ਬਾਕੀ ਸਾਰਿਆਂ ਨਾਲ ਕੀ ਕਰੇਗਾ। ਡਿਲਕੇਨਸ ਨੇ ਕਿਹਾ ਕਿ ਡੇਟ੍ਰੋਇਟ ਤੇ ਵਿੰਡਸਰ ਨੂੰ ਜੋੜਨ ਵਾਲੇ ਅੰਬੈਸਡਰ ਬ੍ਰਿਜ ਤੋਂ ਹਰ ਰੋਜ਼ 400 ਮਿਲੀਅਨ ਕੈਨੇਡੀਅਨ ਡਾਲਰ ਦਾ ਵਪਾਰ ਹੁੰਦਾ ਹੈ। ਉਸ ਦੇ 240000 ਵਿਅਕਤੀਆਂ ਵਾਲੇ ਭਾਈਚਾਰੇ ਲਈ ਟਰੰਪ ਦੇ ਟੈਰਿਫਾਂ ਦਾ ਨਤੀਜਾ ਤੁਰੰਤ ਹੋਵੇਗਾ। ਉਸ ਨੂੰ ਉਮੀਦ ਹੈ ਕਿ ਵਸਨੀਕ ਸਥਾਨਕ ਵਾਈਨਰੀਆਂ ਤੇ ਡਿਸਟਿਲਰੀਆਂ ਦਾ ਸਮਰਥਨ ਕਰਨਗੇ। ਕੈਲਗਰੀ ਨਿਵਾਸੀ ਕੇਨ ਲੀਮਾ-ਕੋਏਲਹੋ ਨੇ ਕਿਹਾ ਕਿ ਟੈਰਿਫ ਖ਼ਬਰਾਂ ਨੇ ਉਸ ਦੇ ਘਰ 'ਚ ਕੈਨੇਡਾ ਪ੍ਰਤੀ ਮਾਣ ਦੀ ਲਹਿਰ ਨੂੰ ਉਤਸ਼ਾਹਿਤ ਕੀਤਾ ਹੈ। ਉਸ ਦਾ 19 ਸਾਲਾ ਪੁੱਤਰ ਹੁਣ ਯੂਰਪ ਦੀ ਆਉਣ ਵਾਲੀ ਯਾਤਰਾ ਲਈ ਆਪਣੇ ਬੈਕਪੈਕ 'ਤੇ ਇਕ ਛੋਟਾ ਕੈਨੇਡੀਅਨ ਝੰਡਾ ਸਿਲਾਈ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਉਧਰ, ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ 'ਤੇ ਕਿਹਾ ਕਿ ਇਹ ਅਮਰੀਕਾ ਦਾ ਸੁਨਹਿਰੀ ਯੁੱਗ ਹੋਵੇਗਾ। ਇਸ ' ਨਾਲ ਕੁਝ ਦਰਦ ਵੀ ਹੋ ਸਕਦਾ ਹੈ ਤੇ ਸ਼ਾਇਦ ਨਾ ਵੀ ਹੋਵੇ।

ਟਰੰਪ ਨੇ ਕਿਹਾ ਕਿ ਅਸੀਂ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਵਾਂਗੇ ਤੇ ਇਹ ਸਭ ਉਸ ਕੀਮਤ ਦੇ ਯੋਗ ਹੋਵੇਗਾ, ਜੋ ਅਦਾ ਕਰਨੀ ਪਵੇਗੀ। ਅਸੀਂ ਇਕ ਅਜਿਹਾ ਦੇਸ਼ ਬਣਾਵਾਂਗੇ, ਜੋ ਹਾਲੇ ਤੱਕ ਆਮ ਸਮਝ ਨਾਲ ਚੱਲ ਰਿਹਾ ਹੈ ਤੇ ਇਸ ਦੇ ਨਤੀਜੇ ਸ਼ਾਨਦਾਰ ਹੋਣਗੇ।

## ਮੋਦੀ 12 ਤੋਂ ਅਮਰੀਕਾ ਦੇ 2 ਦਿਨਾ ਦੌਰੇ 'ਤੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ 12 ਫਰਵਰੀ ਤੋਂ ਅਮਰੀਕਾ ਦੇ ਦੋ ਦਿਨਾ ਦੌਰੇ 'ਤੇ ਜਾਣਗੇ, ਜਿਥੇ ਉਹ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵਿਆਪਕ ਗੱਲਬਾਤ ਕਰਨਗੇ, ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਯੋਜਨਾ ਅਨੁਸਾਰ, ਮੋਦੀ ਪੈਰਿਸ ਦੀ ਆਪਣੀ ਦੋ ਦਿਨਾ ਯਾਤਰਾ ਖਤਮ ਕਰਨ ਤੋਂ ਬਾਅਦ ਵਾਸ਼ਿੰਗਟਨ ਡੀ.ਸੀ. ਜਾਣਗੇ। ਟਰੰਪ ਦੇ ਦੂਜੇ ਕਾਰਜਕਾਲ ਲਈ ਰਾਸ਼ਟਰਪਤੀ ਬਣਨ ਤੋਂ ਬਾਅਦ ਇਹ ਪ੍ਰਧਾਨ ਮੰਤਰੀ ਦਾ ਅਮਰੀਕਾ ਦਾ ਪਹਿਲਾ ਦੁਵੱਲਾ ਦੌਰਾ ਹੋਵੇਗਾ।

ਘਰ ਦੀ ਵਿਕਰੀ ਅਤੇ ਖਰੀਦ ਲਈ ਅੱਜ ਹੀ ਕਾਲ ਕਰੋ
Buying or Selling Home?
Contact PRADEEP SINGH
COLDWELL BANKER REALTY
SCAN TO BEGIN YOUR HOME SEARCH
847-322-5832
ishowhomes@yahoo.com
1501 E Woodfield Rd Ste 113E, Schaumburg 60173

**India Palace Restaurant**
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
*Noblesville, IN*
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .55 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493




ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

## 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ

## ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀ ਸੰਗਤ ਨੂੰ




## ਲੱਖ ਲੱਖ ਵਧਾਈ ਹੋਵੇ

## ਵਲੋਂ: ਟੂਰਾ ਪਰਿਵਾਰ, ਵੈਸਟਫੀਲਡ (ਇੰਡੀਆਨਾ)

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਸ. ਸਤਨਾਮ ਸਿੰਘ ਰਟੈਂਡਾ ਦੇ ਦੇਹਾਂਤ ‘ਤੇ ਦੁਖ ਦਾ ਪ੍ਰਗਟਾਵਾ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਸ. ਸਤਨਾਮ ਸਿੰਘ ਰਟੈਂਡਾ (68) ਦੇ ਅਕਾਲ ਚਲਾਣੇ ‘ਤੇ ਦੁਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਦਲ ਦੇ ਮੈਂਬਰਾਂ ਨੇ ਆਖਿਆ ਕਿ ਸ. ਰਟੈਂਡਾ ਦਾ ਵਿਛੋੜਾ ਦੁੱਖਦਾਇਕ ਹੈ। ਸ. ਰਟੈਂਡਾ ਲੰਮੇ ਸਮੇਂ ਤੋਂ ਬਿਮਾਰੀ ਨਾਲ ਜੂਝ ਰਹੇ ਸਨ। ਉਨ੍ਹਾਂ ਦੀ ਕਲਮ ਨੇ ਜਿੱਥੇ ਆਪਣੀ ਕੌਮੀਅਤ ਨੂੰ ਉਭਾਰਿਆ ਉਥੇ ਹੀ ਉਨ੍ਹਾਂ ਆਪਣੀ ਅਖਬਾਰ ‘ਪੰਜਾਬ ਐਕਸਪ੍ਰੈਸ’ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਖਾਸ ਥਾਂ ਦਿੱਤੀ। ਸ. ਸਿਮਰਨਜੀਤ ਸਿੰਘ ਮਾਨ ਦੇ ਨਾਲ ਉਨ੍ਹਾਂ ਦਾ ਨਿੱਜੀ ਸਨੇਹ ਸੀ। ਸ਼੍ਰੋਮਣੀ ਅਕਾਲੀ (ਅੰਮ੍ਰਿਤਸਰ) ਨੇ ਉਨ੍ਹਾਂ ਦੇ ਅਕਾਲ ਚਲਾਣੇ ‘ਤੇ ਅਫਸੋਸ ਜ਼ਾਹਰ ਕਰਦਿਆਂ ਅਰਦਾਸ ਕੀਤੀ ਕਿ ਅਕਾਲ ਪੁਰਖ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



ਸ. ਸਤਨਾਮ ਸਿੰਘ ਰਟੈਂਡਾ ਦਾ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ ਪਹਿਲੀ ਫਰਵਰੀ ਨੂੰ ਨਿਊਜਰਸੀ ਵਿਚ ਕੀਤੀ ਗਈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਸ. ਹਰਜੀਤ ਸਿੰਘ ਰਟੈਂਡਾ ਨਾਲ ਫੋਨ ਨੰਬਰ 848-459-0736, ਕੁਲਵਿੰਦਰ ਰਟੈਂਡਾ ਨਾਲ ਫੋਨ ਨੰਬਰ 848-459-8188, ਨਿਰਮਲ ਸਿੰਘ ਨਾਲ 347-538-8296 ਅਤੇ ਸੁਖਦੀਪ ਸੰਘਾ ਨਾਲ 908-737-2221 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ



ਚਾਹਵਾਨ ਕਾਲ ਕਰੋ:

**ਮਿ. ਸਿੰਘ ਫੋਨ: 515-291-1961**




## Saloon For Sale

**Eyebrows & Waxing Saloon for sale at 19 S Randall Rd. Algonquin IL.**

ਐਲਗੋਨਕੁਇਨ ਵਿਚ 19 S Randall Rd. ’ਤੇ ਵਧੀਆ ਚੱਲਦਾ ਸਲੂਨ ਸੇਲ ’ਤੇ ਹੈ।

**Please Call at: 708-407-4688**

**or E-Mail: aksharmaus@gmail.com**

## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-436-9010**

*EARLY BIRD SALE!!!!*

**Domestic fares available**



## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# Matrimonials

## ਲੜਕੇ ਦੀ ਲੋੜ ਹੈ

Sikh parents looking for a suitable match for their daughter, USA born 1992, 5’4" , vegetarian, non-drinker. She has completed B.S. EHS and Paralegal Studies. She is currently working in a reputable law firm. Looking for a Sikh groom who is a USA born, non-drinker, well-educated, respectful, kind heart and compatible with her personality. Caste no bar. Please send biodata and recent photos at 1-248-840-7938 (WhatsApp only).
Marriage bureau, please excuse.”

6-9

Jat Sikh family is looking for a suitable match for their beautiful daughter 38, 5’4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

3-6

Jat Sikh parents invite matrimonial alliance for their US born daughter 39, 5’9" beautiful, family oriented, never married. Master’s in Bioengineering Management- executive position in Bay Area, California. The boy must be from the USA, professionally qualified; good-natured and well settled, with family values. Contact 669-946-5891

2-5

## ਲੜਕੀ ਦੀ ਲੋੜ ਹੈ

Ramgarhia family seeks a suitable match for their son, born on 35, 5’-6", born in Ludhiana and raised in the US. He is a US citizen, never married, and working in healthcare field. Seeking a kind-hearted, family-oriented, and educated girl, preferably settled in the US or Canada. Please call 1 (312) 217-8849 or 1 262-515-8955

6-9

USA Citizen, handsome, Jatt Sinkh boy, 31, 5’8". Highly educated, high profile job as coordinator in California Govt. education department, Salary $ 12000/- per month. No sibling. Parents are well educated, US citizen, financially sound & contented. No bargaining, no demand, no bar. Whatsapp: +1-661-578-2261

5-8

Well settled U.S. Jatt Sikh parents looking for a compatible match for their 28, 5’7" turbaned diligent, athletic son; has a bachelors of science in computer engineering. Endeavors include Legacy Program Developer/Business Analyst working on the modernization of Mainframe systems for the IRS, and Chief Executive of family business. For inquiries, please contact: 301-653-7029 or E-mail at: Gorayads@yahoo.com

5-8

Sikh Family looking for a professionally qualified match for their 36, 5’8" handsome, turbaned son. Shortly divorced with no kids. Currently working as a Senior Software Engineer in Investment Banking, Owns a house. On H1B with I-140 approved. Caste no bar. Contact us at +1 631-624-8279

5-8

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5’10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com

5-8

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ 1987 ਬੌਰਨ ਕੱਦ 5’11" ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ ਵੈੱਲ ਸੈਟਲਡ ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) ਵਿਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਵੈਸ਼ਨੂੰ ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ +1 510-281-7065 ਜਾਂ ਫਿਰ ਵਟਸਐਪ ਨੰਬਰ +91 98993-79442 ’ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: cjsingh55@gmail.com ’ਤੇ ਭੇਜ ਸਕਦੇ ਹੋ।

2-05

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

*847-359-0746*

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਹੀ ਹੋਵੇਗੀ ਭਰਤੀ

## ਸੱਤ ਮੈਂਬਰੀ ਕਮੇਟੀ ਦੀ ਅਗਲੀ ਮੀਟਿੰਗ ਗਿਆਰਾਂ ਨੂੰ; ਭੂੰਦੜ ਨੂੰ ਸੱਦਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੀ ਪਹਿਲੀ ਮੀਟਿੰਗ ਅੱਜ ਪਟਿਆਲਾ ਨੇੜੇ ਬਹਾਦਰਗੜ੍ਹ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਸੱਤ ਮੈਂਬਰੀ ਕਮੇਟੀ ਬਣਨ ਤੋਂ ਲਗਭਗ ਦੋ ਮਹੀਨੇ ਬਾਅਦ ਹੋਈ ਇਸ ਮੀਟਿੰਗ ਵਿੱਚ ਸੱਤ ਮੈਂਬਰੀ ਕਮੇਟੀ ਦੇ ਸਾਰੇ ਮੈਂਬਰ ਹਾਜ਼ਰ ਹੋਏ। ਮੀਟਿੰਗ ਤੋਂ ਬਾਅਦ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਅਗਲੀ ਮੀਟਿੰਗ 11 ਫਰਵਰੀ ਨੂੰ ਹੋਵੇਗੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਵੀ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬਲਵਿੰਦਰ ਸਿੰਘ ਭੂੰਦੜ ਨੂੰ ਇਸ ਕਰਕੇ ਮੀਟਿੰਗ ਵਿੱਚ ਬੁਲਾਇਆ ਗਿਆ ਹੈ ਕਿ ਜਿਹੜੀ ਭਰਤੀ ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਧੜੇ ਵੱਲੋਂ ਹੁਣ ਤੱਕ ਕੀਤੀ ਜਾ ਰਹੀ ਹੈ, ਉਸ ਉੱਪਰ ਵਿਚਾਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਉਸ ਮੀਟਿੰਗ ਵਿੱਚ ਹੀ ਅਗਲਾ ਫੈਸਲਾ ਲਿਆ ਜਾਵੇਗਾ।



ਸਪਸ਼ਟ ਹੈ ਕਿ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੱਤ ਮੈਂਬਰੀ ਕਮੇਟੀ ਦੀ ਦੇਖਰੇਖ ਹੇਠ ਹੀ ਹੋਣੀ ਸੀ। ਜਿਸ ਬਾਰੇ ਜਥੇਦਾਰ ਸ੍ਰੀ ਅਕਾਲ ਤਖਤ ਸਰਦਾਰ ਰਘਵੀਰ ਸਿੰਘ ਨੇ ਵਾਰ ਵਾਰ ਦੁਹਰਾਇਆ ਹੈ।

ਅੱਜ ਦੀ ਮੀਟਿੰਗ ਤੋਂ ਬਾਅਦ ਇਹ ਗੱਲ ਕਹੀ ਗਈ ਕਿ ਅਕਾਲੀ ਦਲ ਦੇ ਬਾਦਲ ਧੜੇ ਵਲੋਂ ਜੇਕਰ ਕੋਈ ਭਰਤੀ ਕੀਤੀ ਜਾ ਰਹੀ ਹੈ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਨਹੀਂ ਹੈ। ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮ ਸਪਸ਼ਟ ਹੈ ਕਿ ਮੈਂਬਰਸ਼ਿਪ ਦੀ ਭਰਤੀ ਸੱਤ ਮੈਂਬਰੀ ਕਮੇਟੀ ਦੀ ਦੇਖਰੇਖ ਹੇਠ ਹੀ ਹੋਵੇਗੀ। ਇਸ ਮੀਟਿੰਗ ਵਿੱਚ ਇਹ ਸਪਸ਼ਟ ਤੌਰ ਤੇ ਇਹ ਗੱਲ ਉਭਰੀ ਕਿ ਕੀ ਸ਼੍ਰੋਮਣੀ ਅਕਾਲੀ ਦਲ ਦਾ ਬਾਦਲ ਧੜਾ ਦੋ ਦਸੰਬਰ 2024 ਨੂੰ, ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤੇ ਹੁਕਮਨਾਮੇ ਨੂੰ ਮੰਨਦਾ ਹੈ ਕਿ ਨਹੀਂ ? ਮੀਟਿੰਗ ਤੋਂ ਬਾਅਦ ਸੱਤ ਮੈਂਬਰੀ ਕਮੇਟੀ ਦੇ ਕੁਝ ਮੈਂਬਰਾਂ ਨੇ ਵੱਖਰੇ ਵੱਖਰੇ ਤੌਰ ਤੇ ਪੱਤਰਕਾਰਾਂ ਅਤੇ ਵੱਖ ਵੱਖ ਚੈਨਲਾਂ ਨਾਲ ਗੱਲਬਾਤ ਵੀ ਕੀਤੀ। ਇਹਨਾਂ ਵਿੱਚ ਇਕਬਾਲ ਸਿੰਘ ਝੂੰਦਾਂ, ਮਨਪ੍ਰੀਤ ਸਿੰਘ ਇਆਲੀ ਤੇ ਗੁਰਪ੍ਰਤਾਪ ਸਿੰਘ ਵਡਾਲਾ ਸ਼ਾਮਿਲ ਹਨ। ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਫੈਸਲਾ ਹੋਇਆ ਹੈ ਕਿ ਅਕਾਲੀ ਦਲ ਦੀ ਭਰਤੀ ਸੱਤ ਮੈਂਬਰੀ ਕਮੇਟੀ ਦੀ ਦੇਖਰੇਖ ਹੇਠ ਹੀ ਸ਼ੁਰੂ ਹੋਵੇਗੀ। ਗੁਰ ਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸੱਤ ਮੈਂਬਰੀ ਕਮੇਟੀ ਨੂੰ ਸੰਗਤ ਨੇ ਵੀ ਸਵੀਕਾਰ ਕੀਤਾ ਹੈ ਅਤੇ ਪੰਥਕ ਹਲਕਿਆਂ ਵਿੱਚ ਇਸ ਪ੍ਰਤੀ ਪੂਰਾ ਉਤਸਾਹ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਧੜੇ ਵੱਲੋਂ ਵਾਰ-ਵਾਰ ਇਹ ਕਿਹਾ ਜਾਣਾ ਕਿ ਜੇਕਰ ਸੱਤ ਮੈਂਬਰੀ ਕਮੇਟੀ ਦੀ ਦੇਖਰੇਖ ਹੇਠ ਮੈਂਬਰਸ਼ਿਪ ਹੋਵੇਗੀ ਤਾਂ ਅਕਾਲੀ ਦਲ ਦੀ ਮਾਨਤਾ ਰੱਦ ਹੋ ਜਾਵੇਗੀ ਇਹ ਸਹੀ ਨਹੀਂ ਹੈ।

ਇਸ ਬਾਰੇ ਉੱਘੇ ਵਕੀਲਾਂ ਤੋਂ ਵੀ ਰਾਏ ਲਈ ਜਾ ਚੁੱਕੀ ਹੈ। ਸਪਸ਼ਟ ਹੈ ਕਿ 11 ਤਰੀਕ ਦੀ ਮੀਟਿੰਗ ਵਿੱਚ ਜੇਕਰ ਬਲਵਿੰਦਰ ਸਿੰਘ ਭੂੰਦੜ ਅਕਾਲੀ ਦਲ ਦੇ ਬਾਦਲ ਧੜੇ ਵੱਲੋਂ ਕੀਤੀ ਗਈ ਭਰਤੀ ਨੂੰ ਜਾਇਜ਼ ਠਹਿਰਾਉਂਦੇ ਹਨ ਤਾਂ ਉਸਨੂੰ ਇੱਕ ਤਰ੍ਹਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਸਮਝਿਆ ਜਾਏਗਾ। ਇਸ ਕਰਕੇ ਅੱਜ ਦੀ ਮੀਟਿੰਗ ਤੋਂ ਬਾਅਦ ਇਹ ਪ੍ਰਤੀਤ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਬਾਦਲ ਧੜਾ ਬਹੁਤ ਹੀ ਗੰਭੀਰ ਸਥਿਤੀ ਵਿੱਚ ਫਸ ਗਿਆ ਹੈ। ਜੇਕਰ ਉਹ ਪਹਿਲਾਂ ਕੀਤੀ ਗਈ ਭਰਤੀ ਨੂੰ ਜਾਇਜ਼ ਮੰਨਦਾ ਹੈ ਤਾਂ ਇਹ ਹੁਕਮਨਾਮੇ ਦੀ ਉਲੰਘਣਾ ਮੰਨੀ ਜਾਵੇਗੀ। ਦੂਸਰੀ ਸਥਿਤੀ ਵਿੱਚ ਹੁਣ ਤੱਕ ਕੀਤੀ ਗਈ ਭਰਤੀ ਰੱਦ ਸਮਝੀ ਜਾਵੇਗੀ। ਗਿਆਰਾਂ ਫ਼ਰਵਰੀ ਤੋਂ ਬਾਅਦ ਸਥਿਤੀ ਹੋਰ ਦਿਲਚਸਪ ਹੋਵੇਗੀ।

# ਕਿਸ ਕਰਵਟ ਬੈਠੇਗੀ ਟਰੰਪ ਦੀ ਟੈਰਿਫ ਜੰਗ?

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਾਂ ਦਿੱਤੀ ਗਈ ਆਪਣੀ ਚਿਤਾਵਨੀ ਮੁਤਾਬਕ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਦਰਾਮਦਸ਼ੁਦਾ ਸਮੱਗਰੀ ‘ਤੇ ਦਰਾਮਦ ਕਰ ਵਧਾ ਦਿੱਤਾ ਹੈ। ਜਿੱਥੇ ਕੈਨੇਡਾ ਅਤੇ ਮੈਕਸੀਕੋ ‘ਤੇ 25-25 ਫ਼ੀਸਦੀ ਇੰਪੋਰਟ ਡਿਊਟੀ ਲਗਾਈ ਗਈ ਹੈ, ਓਥੇ ਹੀ ਚੀਨ ‘ਤੇ ਦਸ ਪ੍ਰਤੀਸ਼ਤ। ਇਹ ਕਾਬਿਲੇਗ਼ੌਰ ਹੈ ਕਿ ਉਨ੍ਹਾਂ ਨੇ ਕੈਨੇਡਾ ਤੇ ਮੈਕਸੀਕੋ ਦੀ ਤੁਲਨਾ ਵਿਚ ਚੀਨ ‘ਤੇ ਕੁਝ ਨਰਮੀ ਵਰਤੀ। ਇਹ ਨਰਮੀ ਇਸ ਲਈ ਇਕ ਬੁਝਾਰਤ ਵਰਗੀ ਹੈ ਕਿ ਚੀਨ ਤਾਂ ਅਮਰੀਕਾ ਦੇ ਮੁਕਾਬਲੇਬਾਜ਼ ਦੇ ਰੂਪ ਵਿਚ ਉੱਤਰਿਆ ਹੈ ਅਤੇ ਉਸ ਦੀ ਚੜ੍ਹਤ ਨੂੰ ਘੱਟ ਕਰਨਾ ਚਾਹੁੰਦਾ ਹੈ। ਓਥੇ ਹੀ ਕੈਨੇਡਾ ਤੇ ਮੈਕਸੀਕੋ ਅਮਰੀਕਾ ਦੇ ਗੁਆਂਢੀ ਹਨ। ਇਨ੍ਹਾਂ ‘ਚ ਵੀ ਕੈਨੇਡਾ ਅਮਰੀਕਾ ਦਾ ਖ਼ਾਸ ਸਹਿਯੋਗੀ ਰਿਹਾ ਹੈ। ਸਪਸ਼ਟ ਹੈ ਕਿ ਟਰੰਪ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੀ ਆਪਣੀ ਮੁਹਿੰਮ ਤਹਿਤ ਨੇੜਲੇ ਸਹਿਯੋਗੀਆਂ ‘ਤੇ ਵੀ ਕੋਈ ਕਿਰਪਾ ਦਿਖਾਉਣ ਨੂੰ ਤਿਆਰ ਨਹੀਂ ਪਰ ਇਸ ਵਿਚ ਸ਼ੱਕ ਹੈ ਕਿ ਟਰੰਪ ਨੇ ਜੋ ਟੈਰਿਫ ਵਾਰ ਆਰੰਭ ਕੀਤੀ ਹੈ, ਉਸ ਨਾਲ ਅਮਰੀਕਾ ਨੂੰ ਲਾਹਾ ਹੀ ਲਾਹਾ ਹੋਵੇਗਾ। ਪੂਰੇ ਆਸਾਰ ਹਨ ਕਿ ਇਸ ਨਾਲ ਅਮਰੀਕਾ ਨੂੰ ਨੁਕਸਾਨ ਵੀ ਹੋ ਸਕਦਾ ਹੈ ਕਿਉਂਕਿ ਹੁਣ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਆਉਣ ਵਾਲਾ ਸਾਮਾਨ ਮਹਿੰਗਾ ਹੋ ਜਾਵੇਗਾ ਅਤੇ ਇਸ ਦੇ ਮਾੜੇ ਨਤੀਜੇ ਅਮਰੀਕੀ ਜਨਤਾ ਨੂੰ ਭੁਗਤਣੇ ਪੈਣਗੇ। ਹੈਰਾਨੀ ਨਹੀਂ ਕਿ ਟਰੰਪ ਦੇ ਫ਼ੈਸਲੇ ਦੇ ਜਵਾਬ ਵਿਚ ਕੈਨੇਡਾ ਨੇ ਵੀ ਅਮਰੀਕੀ ਦਰਾਮਦਾਂ ‘ਤੇ ਵਾਧੂ ਟੈਕਸ ਲਗਾਉਣ ਦਾ ਫ਼ੈਸਲਾ ਕੀਤਾ ਅਤੇ ਮੈਕਸੀਕੋ ਤੇ ਚੀਨ ਨੇ ਵੀ ਜਵਾਬੀ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ। ਹੋ ਸਕਦਾ ਹੈ ਕਿ ਅੱਗੇ ਚੱਲ ਕੇ ਅਮਰੀਕੀ ਰਾਸ਼ਟਰਪਤੀ ਇਨ੍ਹਾਂ ਤਿੰਨਾਂ ਦੇਸ਼ਾਂ ਨਾਲ ਆਪਣੇ ਮਨ-ਮਾਫ਼ਕ ਸਮਝੌਤੇ ਕਰਨ ਵਿਚ ਕਾਮਯਾਬ ਹੋ ਜਾਣ ਪਰ ਭਾਰਤ ਨੂੰ ਚੌਕਸ ਹੋ ਜਾਣਾ ਚਾਹੀਦਾ ਹੈ ਕਿਉਂਕਿ ਉਹ ਭਾਰਤ ਨੂੰ ਟੈਰਿਫ ਕਿੰਗ ਕਹਿੰਦੇ ਰਹੇ ਹਨ।



ਬੀਤੇ ਦਿਨੀਂ ਬਜਟ ਜ਼ਰੀਏ ਵਿੱਤ ਮੰਤਰੀ ਨੇ ਦਰਾਮਦਸ਼ੁਦਾ ਮੋਟਰਸਾਈਕਲਾਂ ਅਤੇ ਹੋਰ ਵਾਹਨਾਂ ‘ਤੇ ਦਰਾਮਦ ਕਰ ਘਟਾਇਆ ਹੈ ਪਰ ਦੇਖਣਾ ਇਹ ਹੈ ਕਿ ਟਰੰਪ ਇਸ ਤੋਂ ਸੰਤੁਸ਼ਟ ਹੁੰਦੇ ਹਨ ਜਾਂ ਨਹੀਂ। ਕਿਉਂਕਿ ਅਗਲੇ ਕੁਝ ਦਿਨਾਂ ਵਿਚ ਭਾਰਤੀ ਪ੍ਰਧਾਨ ਮੰਤਰੀ ਦੇ ਅਮਰੀਕੀ ਦੌਰੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਦੋਵੇਂ ਮੁਲਕ ਗੱਲਬਾਤ ਜ਼ਰੀਏ ਕਿਸੇ ਸਹਿਮਤੀ ‘ਤੇ ਪੁੱਜਣ ਵਿਚ ਸਮਰੱਥ ਹੋਣਗੇ। ਜੇ ਭਾਰਤ ਅਤੇ ਅਮਰੀਕਾ ਵਿਚਾਲੇ ਦਰਾਮਦ ਕਰ ਨੂੰ ਲੈ ਕੇ ਕੋਈ ਸਹਿਮਤੀ ਬਣ ਜਾਂਦੀ ਹੈ ਤਾਂ ਇਸ ਨਾਲ ਦੋਵਾਂ ਦੇਸ਼ਾਂ ਨੂੰ ਲਾਭ ਹੋਵੇਗਾ। ਭਾਰਤ ਦੀ ਕੋਸ਼ਿਸ਼ ਗੱਲਬਾਤ ਜ਼ਰੀਏ ਸਮੱਸਿਆ ਦੇ ਹੱਲ ਦੀ ਹੋਣੀ ਚਾਹੀਦੀ ਹੈ ਪਰ ਗੱਲ ਉਦੋਂ ਬਣੇਗੀ ਜਦ ਟਰੰਪ ਇਹ ਸਮਝਣਗੇ ਕਿ ਉਹ ਅਮਰੀਕਾ ਨੂੰ ਅੱਗੇ ਰੱਖਣ ਦੇ ਚੱਕਰ ਵਿਚ ਅਮਰੀਕੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਹੀ ਵਿਸ਼ਵ ਵਪਾਰ ਵਿਚ ਅਸੰਤੁਲਨ ਪੈਦਾ ਕਰਨ ਦਾ ਹੀ ਕੰਮ ਕਰਨਗੇ। ਫ਼ਿਲਹਾਲ ਤਾਂ ਟਰੰਪ ਹੰਕਾਰ ਦਾ ਮੁਜ਼ਾਹਰਾ ਕਰ ਰਹੇ ਹਨ।

# ਟਰੰਪ ਮੈਕਸੀਕੋ ’ਤੇ ਟੈਰਿਫ ਰੋਕਣ ਲਈ ਸਹਿਮਤ

ਵਾਸ਼ਿੰਗਟਨ ਤੋਂ ਇਕ ਖ਼ਬਰ ਇਹ ਵੀ ਹੈ ਕਿ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬਾਮ ਵਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਨਜਿੱਠਣ ਲਈ ਸਰਹੱਦ ‘ਤੇ ਆਪਣੇ ਦੇਸ਼ ਦੇ ਨੈਸ਼ਨਲ ਗਾਰਡ ਦੇ 10,000 ਮੈਂਬਰਾਂ ਨੂੰ ਭੇਜਣ ‘ਤੇ ਸਹਿਮਤੀ ਜਤਾਉਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ਵਿਰੁੱਧ ਟੈਰਿਫ ਦੀਆਂ ਧਮਕੀਆਂ ‘ਤੇ ਸੋਮਵਾਰ ਨੂੰ ਇਕ ਮਹੀਨੇ ਲਈ ਰੋਕ ਲਗਾ ਦਿੱਤੀ ਹੈ। ਕੈਨੇਡਾ ਤੇ ਚੀਨ ਵਿਰੁੱਧ ਟਰੰਪ ਦੇ ਟੈਰਿਫ ਅਜੇ ਵੀ ਮੰਗਲਵਾਰ ਤੋਂ ਲਾਗੂ ਹੋਣੇ ਸਨ ਪਰ ਕਿਸੇ ਵੀ ਸੌਦੇ ਦੇ ਟਿਕਾਊਪਣ ਬਾਰੇ ਅਨਿਸ਼ਚਿਤਤਾ ਬਣੀ ਹੋਈ ਹੈ। ਟਰੰਪ ਨੇ ਸੋਸ਼ਲ ਮੀਡੀਆ ‘ਤੇ ਇਸ ਨੂੰ ‘ਬਹੁਤ ਦੋਸਤਾਨਾ ਗੱਲਬਾਤ’ ਦੱਸਿਆ ਅਤੇ ਕਿਹਾ ਕਿ ਉਹ ਆਉਣ ਵਾਲੀ ਗੱਲਬਾਤ ਨੂੰ ਲੈ ਕੇ ਉਤਸੁਕ ਹਨ। ਟਰੰਪ ਨੇ ਕਿਹਾ ਕਿ ਗੱਲਬਾਤ ਦੀ ਅਗਵਾਈ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਵਿੱਤ ਮੰਤਰੀ ਸਕਾਟ ਬੇਸੈਂਟ ਅਤੇ ਵਣਜ ਮੰਤਰੀ ਹਾਵਰਡ ਲੂਟਨਿਕ ਅਤੇ ਮੈਕਸੀਕੋ ਦੇ ਉੱਚ ਪੱਧਰੀ ਨੁਮਾਇੰਦੇ ਕਰਨਗੇ। ਟਰੰਪ ਨੇ ਇਸ ਤੋਂ ਪਹਿਲਾਂ ਸੋਸ਼ਲ ਮੀਡੀਆ ‘ਤੇ ਪੋਸਟ ਕੀਤਾ ਸੀ ਕਿ ਉਨ੍ਹਾਂ ਨੇ ਸੋਮਵਾਰ ਸਵੇਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਗੱਲ ਕੀਤੀ।ਕੈਨੇਡਾ ਤੇ ਮੈਕਸੀਕੋ ਦੋਵਾਂ ਨੇ ਅਮਰੀਕੀ ਕਾਰਵਾਈਆਂ ਦੇ ਜਵਾਬ ਵਿਚ ਆਪਣੇ ਟੈਰਿਫ ਲਗਾਉਣ ਦੀ ਯੋਜਨਾ ਬਣਾਈ ਸੀ ਪਰ ਮੈਕਸੀਕੋ ਫ਼ਿਲਹਾਲ ਇਸ ਨੂੰ ਰੋਕ ਰਿਹਾ ਹੈ।



# ਗੈਰ-ਕਾਨੂੰਨੀ ਪਰਵਾਸੀਆਂ ’ਚ ਸਹਿਮ ਦਾ ਮਾਹੌਲ

ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਗ਼ੈਰ-ਕਾਨੂੰਨੀ (ਬਗ਼ੈਰ ਪੇਪਰਾਂ ਤੋਂ) ਰਹਿ ਰਹੇ ਲੋਕਾਂ ‘ਤੇ ਆਈਸ, ਬਾਰਡਰ ਸਕਿਉਰਿਟੀ ਤੇ ਇਮੀਗ੍ਰੇਸ਼ਨ ਵਲੋਂ ਕੀਤੀ ਜਾ ਰਹੀ ਸਖ਼ਤੀ ਤੇ ਲੋਕਾਂ ਦੀ ਫੜੋ-ਫੜੀ ਕਾਰਨ ਅਮਰੀਕਾ ਵਿਚ ਇਸ ਵੇਲੇ ਡਰ ਤੇ ਸਹਿਮ ਦਾ ਮਾਹੌਲ ਹੈ, ਜਿਸ ਕਾਰਨ ਇਥੇ ਹਰ ਕਿਸਮ ਦੇ ਕਾਰੋਬਾਰਾਂ ‘ਚ ਭਾਰੀ ਮੰਦੇ ਦਾ ਮਾਹੌਲ ਚੱਲ ਰਿਹਾ ਹੈ। ਕਾਰੋਬਾਰੀ ਭਾਰੀ ਪ੍ਰੇਸ਼ਾਨੀ ਵਿਚੋਂ ਲੰਘ ਰਹੇ ਹਨ। ਇਕ ਤਾਂ ਹੁਣ ਲੇਬਰ ਦੀ ਵੀ ਭਾਰੀ ਤੰਗੀ ਆ ਗਈ ਹੈ ਕਿਉਂਕਿ ਬਗ਼ੈਰ ਪੇਪਰਾਂ ਵਾਲੇ ਲੋਕ ਤਾਂ ਇਕ ਤਰ੍ਹਾਂ ਘਰਾਂ ਵਿਚ ਹੀ ਲੁਕ ਗਏ ਹਨ ਜਾਂ ਇਧਰ-ਉਧਰ ਹੋ ਗਏ ਹਨ, ਜਿਸ ਕਾਰਨ ਰੈਸਟੋਰੈਂਟਾਂ, ਗੈਸ ਸਟੇਸ਼ਨਾਂ, ਗਰੋਸਰੀ ਸਟੋਰਾਂ, ਹੋਟਲਾਂ, ਮੋਟਲਾਂ, ਖੇਤੀ ਦਾ ਕੰਮ ਕਰਨ ਲਈ, ਨਵੇਂ ਘਰ ਬਣਾਉਣ ਲਈ ਕਾਮਿਆਂ ਦੀ ਕਮੀ ਦੇਖਣ ਨੂੰ ਮਿਲ ਰਹੀ ਹੈ। ਜੋ ਕਾਮੇ ਪਹਿਲਾਂ ਘੱਟ ਰੇਟ ‘ਤੇ ਵੀ ਮਿਲ ਜਾਂਦੇ ਸਨ, ਅਤੇ ਉਹ ਹੁਣ ਦੁੱਗਣੇ ਤੋਂ ਵੀ ਜ਼ਿਆਦਾ ਰੇਟ ‘ਤੇ ਵੀ ਨਹੀਂ ਮਿਲ ਰਹੇ, ਜਿਸ ਕਾਰਨ ਆਪਣਾ ਕਾਰੋਬਾਰ ਕਰਨ ਵਾਲੇ ਇਸ ਸਖ਼ਤੀ ਦੀ ਮਾਰ ਝੱਲ ਰਹੇ ਹਨ। ਸਭ ਤੋਂ ਵੱਧ ਮਾਰ ਖੇਤੀ ਨਾਲ ਸੰਬੰਧਿਤ ਕੰਮ ‘ਤੇ ਪਈ ਹੈ। ਉਹ ਵੀ ਕੈਲੀਫੋਰਨੀਆ ਵਿਚ ਜਿਥੇ ਕਿ ਸਭ ਤੋਂ ਵੱਧ ਖੇਤੀ ਕਾਰੋਬਾਰ ਹੈ।‘ਇੰਡੀਅਨ ਬਿਜ਼ਨੈਸ ਓਨਰ ਐਸੋਸੀਏਸ਼ਨ ਸਿਆਟਲ’ ਦੇ ਅਹੁਦੇਦਾਰ ਜੋ ਖ਼ੁਦ ਰੈਸਟੋਰੈਂਟ ਦੇ ਮਾਲਕ ਹਨ, ਨੇ ਕਿਹਾ ਕਿ ਇਸ ਵੇਲੇ ਕਾਰੋਬਾਰ ਤਾਂ ਪਹਿਲਾਂ ਹੀ ਭਾਰੀ ਮੰਦੇ ਵਿਚੋਂ ਲੰਘ ਰਿਹਾ ਸੀ, ਉੱਪਰੋਂ ਵਰਕਰਾਂ ਦੀ ਤੰਗੀ ਕਾਰਨ ਆਰਥਿਕ ਬੋਝ ਹੋਰ ਵਧ ਗਿਆ ਹੈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

ੴ

# ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
# ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ੴ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥ 1॥
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ ਰਹਾਉ॥

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਪ੍ਰਕਾਸ਼ ਪੁਰਬ ਸਿੱਖ ਟੈਂਪਲ ਆਫ਼ ਵਿਸਕਾਨਸਿਕ, ਓਕ ਕਰੀਕ ਵਿਖੇ 14, 15 ਅਤੇ 16 ਫਰਵਰੀ 2025 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

## 14 ਫਰਵਰੀ 2025
(ਸ਼ੁਕਰਵਾਰ)
ਅਰੰਭ ਸ੍ਰੀ ਅਖੰਡ ਪਾਠ
ਸਵੇਰੇ 10 ਵਜੇ

## 16 ਫਰਵਰੀ 2025
(ਐਤਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ
ਸਵੇਰੇ 10 ਵਜੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਲੋਂ ਸਮੂਹ ਸਾਧ ਸੰਗਤ

**Sikh Temple of Wisconsin**

7512 South Howell Avenue, Oak Creek, WI-53154

Phone: 414-764-7454, 414-817-1717

# ਭਾਰਤ ਦੇ ਬੱਜਟ ਵਿਚ ਮੱਧ ਵਰਗ ਲਈ ਵੱਡੀ ਰਾਹਤ

## ਨਵਾਂ ਆਮਦਨ ਕਰ ਬਿੱਲ ਲਿਆਵੇਗੀ ਸਰਕਾਰ




**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦਾ ਪਹਿਲਾ ਬਜਟ ਪੇਸ਼ ਕਰਦਿਆਂ ਮਿਡਲ ਕਲਾਸ ਲਈ ਆਮਦਨ ਟੈਕਸ ਨੂੰ ਲੈ ਕੇ ਵੱਡਾ ਐਲਾਨ ਕਰਦਿਆਂ 12 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਕਰਨ ਦਾ ਐਲਾਨ ਕਰ ਦਿੱਤਾ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਟੈਕਸ ਛੂਟ ਹੈ। ਇਸ ਤੋਂ ਇਲਾਵਾ ਬਜਟ 'ਚ ਬਜ਼ੁਰਗਾਂ ਲਈ ਵੀ ਵੱਡਾ ਐਲਾਨ ਕਰਦਿਆਂ ਵਿਆਜ 'ਤੇ ਟੀ.ਡੀ.ਐਸ ਦੀ ਹੱਦ ਦੁੱਗਣੀ ਕਰਕੇ 1 ਲੱਖ ਰੁਪਏ ਕਰ ਦਿੱਤੀ ਗਈ। ਸੰਸਦ 'ਚ ਅਗਲੇ ਹਫ਼ਤੇ ਨਵਾਂ ਆਮਦਨ ਕਰ ਬਿੱਲ ਪੇਸ਼ ਕੀਤਾ ਜਾਵੇਗਾ। ਕਿਸਾਨ ਕਰੈਡਿਟ ਕਾਰਟ ਦੀ ਲਿਮਟ 5 ਲੱਖ ਤੱਕ ਵਧਾਈ ਗਈ ਹੈ। ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰਾਜਾਂ ਨੂੰ ਡੇਢ ਲੱਖ ਕਰੋੜ ਰੁਪਏ ਦਾ ਵਿਆਜ ਮੁਕਤ ਕਰਜ਼ਾ ਮਿਲੇਗਾ ਅਤੇ ਸਾਰੇ ਜ਼ਿਲ੍ਹਾ ਹਸਪਤਾਲਾਂ 'ਚ ਡੇ-ਕੇਅਰ ਕੈਂਸਰ ਸੈਂਟਰ ਸਥਾਪਤ ਕੀਤੇ ਜਾਣਗੇ। ਰੱਖਿਆ ਬਜਟ ਲਈ 6.81 ਲੱਖ ਕਰੋੜ . ਪੇਂਡਾਂ ਲਈ 330 ਕਰੋੜ ਰੁਪਏ ਅਤੇ ਰੇਲਵੇ ਲਈ 2.55 ਲੱਖ ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਸਰਕਾਰ 'ਪਹਿਲਾਂ ਵਿਸ਼ਵਾਸ ਕਰੋ, ਬਾਅਦ 'ਚ ਜਾਂਚ ਕਰੋ ਸੰਕਲਪ ਨੂੰ ਅੱਗੇ ਵਧਾਉਣ ਲਈ ਅਗਲੇ ਹਫ਼ਤੇ ਇਕ ਨਵਾਂ ਆਮਦਨ ਕਰ ਬਿਲ ਪੇਸ਼ ਕਰੇਗੀ। ਇਕ ਹੋਰ ਵੱਡੇ ਸੁਧਾਰ ਕਦਮ ਤਹਿਤ ਮੰਤਰੀ ਨੇ ਐਲਾਨ ਕੀਤਾ ਕਿ ਬੀਮਾ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਨੂੰ 74 ਪ੍ਰਤੀਸ਼ਤ ਤੋਂ ਵਧਾ ਕੇ 100 ਪ੍ਰਤੀਸ਼ਤ ਕੀਤਾ ਜਾਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ' ਨੇ ਆਮਦਨ ਕਰ ਦਰਾਂ 'ਚ ਫੇਰਬਦਲ ਕਰ ' ਕੇ ਲੋਕਾਂ ਦੇ ਹੱਥਾਂ 'ਚ ਲੁੜੀਂਦੀ ਮਾਤਰਾ 'ਚ ਪੈਸਾ ਦਿੱਤਾ ਹੈ। ਅਸੀਂ ਮੱਧ ਵਰਗ ਨੂੰ ਫ਼ਾਇਦਾ ਪਹੁੰਚਾਉਣ ਲਈ ਟੈਕਸ ਦੀਆਂ ਦਰਾਂ ਘੱਟ ਕੀਤੀਆਂ ਹਨ। ਅਸੀਂ ਆਮ ਲੋਕਾਂ ਵੱਲੋਂ ਚੁੱਕੇ ਗਏ ਮੁੱਦਿਆਂ ਦਾ ਸਕਾਰਾਤਮ ਜਵਾਬ ਦਿੰਦੇ ਹਾਂ।

ਬੱਜਟ ਬਾਰੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬਜਟ 'ਚ ਸਰਕਾਰੀ ਖ਼ਜ਼ਾਨਾ ਭਰਨ ਦੀ ਬਜਾਏ ਜਨਤਾ ਦੀ ਜੇਬ ਭਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਬਜਟ ਨਾ ਸਿਰਫ਼ ਦੇਸ਼ ਦੀਆਂ ਮੌਜੂਦਾ ਜ਼ਰੂਰਤਾਂ ਨੂੰ ਧਿਆਨ 'ਚ ਰੱਖਦਾ ਹੈ, ਬਲਕਿ ਭਵਿੱਖ ਦੀ ਤਿਆਰੀ ਕਰਨ 'ਚ ਵੀ ਮਦਦ ਕਰਨ ਵਾਲਾ ਹੈ।

### ਬੱਜਟ: ਇਕ ਨਜ਼ਰ

-ਅਗਲੇ ਹਫ਼ਤੇ ਕਰਦਾਤਿਆਂ ਦੀ ਸਹੂਲਤ ਲਈ ਨਵਾਂ ਆਮਦਨ ਕਰ ਬਿੱਲ ਪੇਸ਼ ਕਰਨ ਦਾ ਐਲਾਨ
-ਬੀਮਾ ਖੇਤਰ ਵਿਚ 100 ਫੀਸਦ ਸਿੱਧੇ ਵਿਦੇਸ਼ੀ ਨਿਵੇਸ਼ (ਐੱਫਡੀਆਈ) ਨੂੰ ਮਨਜ਼ੂਰੀ
-100 ਜ਼ਿਲ੍ਹਿਆਂ 'ਚ ਕਿਸਾਨਾਂ ਲਈ ਯੋਜਨਾਵਾਂ, 1.7 ਕਰੋੜ ਤੋਂ ਵੱਧ ਕਿਸਾਨਾਂ ਨੂੰ ਹੋਵੇਗਾ ਫਾਇਦਾ
-ਕਿਸਾਨ ਕਰੈਡਿਟ ਕਾਰਡ ਦੀ ਲਿਮਟ ਤਿੰਨ ਲੱਖ ਤੋਂ ਵਧਾ ਕੇ ਪੰਜ ਲੱਖ ਕਰਨ ਦਾ ਐਲਾਨ
-ਭਾਰਤ ਨੂੰ ਖਿਡੌਣਿਆਂ ਦਾ ਆਲਮੀ ਹੱਬ ਬਣਾਉਣ ਦਾ ਦਾਅਵਾ
-ਯੂਰੀਆ ਉਤਪਾਦਨ ਵਿਚ ਆਤਮ ਨਿਰਭਰ ਬਣਨ ਲਈ ਅਸਾਮ (ਪੂਰਬੀ ਭਾਰਤ) 'ਚ ਯੂਰੀਆ ਪਲਾਂਟ ਖੋਲ੍ਹਣ ਦਾ ਐਲਾਨ
-ਏਆਈ ਸਿੱਖਿਆ ਲਈ 500 ਕਰੋੜ ਰੁਪਏ ਰਾਖਵੇਂ, ਦੇਸ਼ 'ਚ ਤਿੰਨ ਏਆਈ ਐਕਸੀਲੈਂਸ ਸੈਂਟਰ ਬਣਨਗੇ
-ਹੋਮ ਡਲਿਵਰੀ ਵਾਲਿਆਂ ਲਈ ਬੀਮਾ ਕਵਰ, ਈ-ਸ੍ਰਮ ਪੋਰਟਲ 'ਤੇ ਹੋਵੇਗਾ ਰਜਿਸਟਰੇਸ਼ਨ
-ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰਾਜਾਂ ਨੂੰ ਮਿਲੇਗਾ ਡੇਢ ਲੱਖ ਕਰੋੜ ਰੁਪਏ ਦਾ ਵਿਆਜ ਮੁਕਤ ਕਰਜ਼ਾ

## ਵਿਕਸਤ ਭਾਰਤ ਦੇ ਸੰਕਲਪ ਵਾਲਾ ਬੱਜਟ

**ਸਰਕਾਰ ਨੇ ਅਰਥਚਾਰੇ ਦੀ ਸਭ ਤੋਂ ਵੱਡੀ ਕੜੀ ਮੱਧ ਵਰਗ ਨੂੰ ਆਪਣੀ ਆਰਥਿਕ ਯੋਜਨਾ ਦੇ ਕੇਂਦਰ 'ਚ ਰੱਖਿਆ**

ਆਰਥਿਕ ਬੇਯਕੀਨੀ 'ਚੋਂ ਪੈਦਾ ' ਹੋਈਆਂ ਚਿੰਤਾਵਾਂ ਤੇ ਵਿਕਾਸ ਦੀ ਰਫ਼ਤਾਰ 'ਚ ਥੋੜ੍ਹੀ ਸੁਸਤੀ ਦਾ ਸਾਹਮਣਾ ਕਰਨ ਲਈ ਜੋ ਕੁੱਝ ਤੱਤਕਾਲੀ ਤੌਰ ' ਤੇ ਜ਼ਰੂਰੀ ਸੀ, ਉਸ ਦੀ ਪੂਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਨਰਿੰਦਰ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੇ ਪਹਿਲੇ ਪੂਰਨ ਬੱਜਟ 'ਚ ਕਰ ਦਿੱਤੀ ਹੈ। ਜ਼ਮੀਨ, ਕਿਰਤ, ਖੇਤੀ ਤੇ ਪ੍ਰਸ਼ਾਸਨ ਦੇ ਖੇਤਰ 'ਚ ਦਲੇਰਾਨਾ ਤੇ ਸਿਆਸੀ ਰੂਪ 'ਚ ਸੰਵੇਦਨਸ਼ੀਲ ਮੰਨੇ ਜਾਣ ਵਾਲੇ ਸੁਧਾਰਾਂ ਦੇ ਬਗ਼ੈਰ ਵੀ ਵਿੱਤੀ ਸਾਲ 2025-26 ਦਾ ਬਜਟ ਉੱਭਰਦੇ, ਸੁਧਾਰ ਲਈ ਫ਼ੌਰੀ ਤੇ ਸੰਭਾਵਨਾਵਾਂ ਨਾਲ ਭਰੇ ਭਾਰਤ ਦੀ ਤਸਵੀਰ ਹੋਰ ਗੂੜ੍ਹੀ ਕਰਦਾ ਹੈ। ਸਰਕਾਰ ਨੇ ਅਰਥਚਾਰੇ ਦੀ ਸਭ ਤੋਂ ਵੱਡੀ ਕੜੀ ਮੱਧ ਵਰਗ ਨੂੰ ਆਪਣੀ ਆਰਥਿਕ ਯੋਜਨਾ ਦੇ ਕੇਂਦਰ 'ਚ ਰੱਖ ਕੇ ਇਹ ਸਪਸ਼ਟ ਸੰਕੇਤ ਦਿੱਤਾ ਹੈ ਕਿ ਉਸ ਨੂੰ ਜ਼ਰੂਰਤਾਂ ਦਾ ਅਹਿਸਾਸ ਵੀ ਹੈ ਤੇ ਉਸ ਕੋਲ ਉਨ੍ਹਾਂ ਨੂੰ ਪੂਰਾ ਕਰਨ ਦੀ ਇੱਛਾ ਸ਼ਕਤੀ ਵੀ ਹੈ। ਇਸ ਬਜਟ ਦਾ ਜੇਤੂ ਇਹੀ ਵਰਗ ਹੈ, ਜਿਹੜਾ ਆਰਥਕਤਾ ਦੀ ਰਫ਼ਤਾਰ ਨੂੰ ਨਵੀਂ ਧਾਰ ਦੇਣ ਦੇ ਨਾਲ ਹੀ ਇਕ ਮਜ਼ਬੂਤ ਤੇ ਆਤਮ-ਵਿਸ਼ਵਾਸ ਨਾਲ ਭਰੇ ਸਮਾਜ ਦੇ ਨਿਰਮਾਣ 'ਚ ਵੀ ਸਹਾਇਕ ਹੋ ਸਕਦਾ ਹੈ। ਗ਼ਰੀਬ, ਨੌਜਵਾਨ, ਕਿਸਾਨ ਤੇ ਮਹਿਲਾਵਾਂ ਨੂੰ ਦੇਸ਼ ਦੀਆਂ ਚਾਰ ਜਾਤਾਂ ਦੱਸਣ ਵਾਲੀ ਮੋਦੀ ਸਰਕਾਰ ਨੇ ਮੁੱਖ ਤੌਰ 'ਤੇ ਦੱਸ ਖੇਤਰਾਂ 'ਚ ਬਦਲਾਅਕਾਰੀ ਯਤਨਾਂ 'ਤੇ ਧਿਆਨ ਕੇਂਦਰਤ ਕੀਤਾ ਹੈ। ਇਹ ਯਤਨ ਵਿਕਸਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰ ਸਕਦੇ ਹਨ, ਪਰ ਇਸ ਲਈ ਬਜਟ ਦੇ ਨਾਲ ਹੀ ਆਰਥਿਕ ਸਰਵੇਖਣ ਦੀ ਆਵਾਜ਼ ਵੀ ਅਹਿਮ ਹੈ।

## ਭਾਰਤ ਦੀ ਵਿਕਾਸ ਦਰ 6.3 ਤੋਂ 6.8 ਫ਼ੀਸਦੀ ਰਹਿਣ ਦੀ ਸੰਭਾਵਨਾ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ ਪੇਸ਼ ਕਰਨ ਤੋਂ ਪਹਿਲਾਂ ਸਦਨ 'ਚ ਆਰਥਿਕ ਸਰਵੇਖਣ ਪੇਸ਼ ਕਰਦਿਆਂ ਅਗਲੇ ਵਿੱਤੀ ਸਾਲ ਲਈ ਦੇਸ਼ ਦੀ ਕੁੱਲ ਘਰੇਲੂ ਉਤਪਾਦ ਦਰ (ਜੀ. ਡੀ. ਪੀ.) 6.3 ਫ਼ੀਸਦੀ ਤੋਂ 6.8 ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਹੈ। ਸਰਵੇਖਣ 'ਚ ਖੇਤੀ ਕਿਸਾਨੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਨਾਲ ਹੀ ਘਰੇਲੂ ਪੱਧਰ 'ਤੇ ਮੌਜੂਦਾ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਮਹਿੰਗਾਈ ਨੂੰ ਸਰਕਾਰ ਲਈ ਵੱਡੀ ਚੁਣੌਤੀ ਕਰਾਰ ਦਿੱਤਾ। ਆਰਥਿਕ ਮਾਮਲਿਆਂ ਬਾਰੇ ਵਿਭਾਗ ਵਲੋਂ ਪੇਸ਼ ਕੀਤੇ ਆਰਥਿਕ ਸਰਵੇਖਣ 'ਚ ਭਾਰਤ ਦੀ ਜੀ. ਡੀ. ਪੀ. ਨੂੰ 6.3 ਤੋਂ 6.8 ਫੀਸਦੀ ਦੀ ਦਰ ਨਾਲ ਅੱਗੇ ਵਧਣ ਦੀ ਪੇਸ਼ੀਨਗੋਈ ਕਰਦਿਆਂ ਮਹਿੰਗਾਈ ਨੂੰ ਵੱਡੀ ਚੁਣੌਤੀ ਦੱਸਿਆ।

ਉਨ੍ਹਾਂ ਕਿਹਾ ਕਿ ਅਗਲੇ ਵਿੱਤੀ ਸਾਲ 'ਚ ਘਰੇਲੂ ਨਿਵੇਸ਼, ਉਤਪਾਦਨ ਵਿਕਾਸ ਸਮੇਤ ਜਿੱਥੇ ਕਈ ਹਾਂ ਪੱਖੀ ਪਹਿਲੂ ਹਨ ਪਰ ਨਾਲ ਹੀ ਬਾਹਰੀ ਨਾਂਹ ਪੱਖੀ ਪਹਿਲੂ ਵੀ ਹਨ, ਜਿਸ ਦਾ ਅਸਰ ਜੀ. ਡੀ. ਪੀ. ਵਿਕਾਸ ਦਰ 'ਤੇ ਵੇਖਣ ਨੂੰ ਮਿਲੇਗਾ। ਜ਼ਿਕਰਯੋਗ ਹੈ ਕਿ ਸਰਵੇਖਣ 'ਚ ਪ੍ਰਗਟਾਈ ਗਈ 6.4 ਫੀਸਦੀ ਦੀ ਵਿਕਾਸ ਦਰ ਪਿਛਲੇ 6 ਸਾਲਾਂ 'ਚ ਸਭ ਤੋਂ ਹੌਲੀ ਵਿਕਾਸ ਦਰ ਹੈ। ਮਹਿੰਗਾਈ ਨੂੰ ਵੱਡੀ ਚੁਣੌਤੀ ਦੱਸਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਮਹਿੰਗਾਈ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਲਈ ਵੱਡੀ ਚੁਣੌਤੀ ਬਣੀ ਹੈ ਹੈ।

ਭਾਰਤੀ ਰਿਜ਼ਰਵ ਬੈਂਕ ਨੇ ਮਹਿੰਗਾਈ ਰੋਕਣ ਲਈ ਹੀ ਸਮੇਂ-ਸਮੇਂ ਤੇਂ ਵਿਆਜ ਦਰਾਂ 'ਚ ਬਦਲਾਅ ਨਹੀਂ ਕੀਤਾ, ਇਸ ਨੂੰ ਵੀ ਅਰਥਵਿਵਸਥਾ ਦੀ ਸੁਸਤੀ ਦਾ ਅਹਿਮ ਕਾਰਨ ਦੱਸਿਆ ਜਾ ਰਿਹਾ ਹੈ। ਸਰਵੇਖਣ 'ਚ ਖ਼ਰਾਬ ਮੌਸਮ, ਘੱਟ ਉਤਪਾਦਕ ਕਾਰਨ ਸਪਲਾਈ ਚੇਨ 'ਚ ਰੁਕਾਵਟ ਆਉਣ ਨੂੰ ਖਾਣ-ਪੀਣ ਦੀਆਂ ਵਸਤਾਂ 'ਚ ਮਹਿੰਗਾਈ ਦਾ ਕਾਰਨ ਕਰਾਰ ਦਿੱਤਾ। 2023-24 'ਚ ਰਿਟੇਲ ਮਹਿੰਗਾਈ ਦਰ 5.4 ਫੀਸਦੀ ਸੀ। ਵਿੱਤ ਮੰਤਰੀ ਨੇ ਸਰਵੇਖਣ 'ਚ ਕਿਰਤ ਮਾਰਕੀਟ ਦੇ ਹਾਲਾਤ ਬਿਹਤਰ ਹੋਣ ਦਾ ਦਾਅਵਾ ਕਰਦਿਆਂ ਕਿਹਾ ਵਿੱਤੀ ਸਾਲ 2024 : 'ਚ ਬੇਰੁਜ਼ਗਾਰੀ ਦਰ ਘਟ ਕੇ 3.2 ਫੀਸਦੀ ਹੋ ਗਈ ਹੈ। ਦੱਸਣਯੋਗ ਹੈ ਕਿ ਕਾਂਗਰਸ ਵਲੋਂ ਵੀਰਵਾਰ ਨੂੰ ਪੇਸ਼ ਕੀਤੀ ਇਕ ਰਿਪੋਰਟ 'ਚ ਦਾਅਵਾ ਕੀਤਾ ਗਿਆ ਸੀ ਕਿ ਨੌਕਰੀਆਂ ਦੀ ਲਗਾਤਾਰ ਘਾਟ ਚਿੰਤਾ ਦਾ ਵਿਸ਼ਾ ਹੈ।

ਸਰਵੇਖਣ 'ਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਨੂੰ ਜਿੱਥੇ ਨਵੇਂ ਮੌਕਿਆਂ ਦਾ ਕਾਰਨ ਦੱਸਿਆ ਉੱਥੇ ਏ.ਆਈ. ਕਾਰਨ ਹੋਣ ਵਾਲੇ ਬਦਲਾਵਾਂ ਦੇ ਉਲਟ ਪ੍ਰਭਾਵਾਂ ਨੂੰ ਵੀ ਘੱਟ ਕਰਨ ਦੀ ਲੋੜ ਦੱਸੀ।

ਆਰਥਿਕ ਸਰਵੇਖਣ ਮੁਤਾਬਿਕ ਖੇਤੀ ਖੇਤਰ 'ਚ ਵਿਕਾਸ ਦਰ 'ਚ ਸੁਧਾਰ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ 3.5 ਫੀਸਦੀ ਦੀ ਰਫ਼ਤਾਰ ਨਾਲ ਵਫ਼ਾ ਰਹੇ ਖੇਤੀ ਖੇਤਰ 'ਚ ਸੁਧਾਰ ਦਾ ਕਾਰਨ ਚੰਗਾ ਮੌਸਮ, ਨਵੀਂ ਤਕਨਾਲੋਜੀ ਡਿਜੀਟਲ ਪਹਿਲਕਦਮੀਆਂ ਅਤੇ ਸਿੰਚਾਈ ਸੁਧਾਰਾਂ ਨੂੰ ਦੱਸਿਆ। ਸਰਵੇਖਣ ਰਿਪੋਰਟ ਮੁਤਾਬਿਕ ਵਿੱਤੀ ਸਾਲ 'ਚ ਸਭ ਤੋਂ ਵੱਧ ਪੈਸਾ ਸਰਵਿਸ ਸੈਕਟਰ ਤੋਂ ਆਇਆ ਹੈ। ਅਪ੍ਰੈਲ ਤੋਂ ਸਤੰਬਰ ਤੱਕ 29.8 ਅਰਬ ਡਾਲਰ ਦੀ ਸਿੱਧੀ ਵਿਦੇਸ਼ੀ ਪੂੰਜੀਕਾਰੀ 'ਚ ਸਭ ਤੋਂ ਵੱਧ ਐਫ. ਡੀ. ਆਈ. (5.7 ਅਰਬ ਡਾਲਰ ਦਾ) ਸਰਵਿਸ ਸੈਕਟਰ ਤੋਂ ਆਇਆ ਹੈ। ਆਰਥਿਕ ਸਰਵੇਖਣ 'ਚ ਇਲੈਕਟ੍ਰਿਕ ਵਾਹਨਾਂ 'ਚ ਆਯਾਤ ਵੱਧ ਹੋਣ 'ਤੇ ਚਿੰਤਾ ਦਾ ਪ੍ਰਗਟਾਅ ਕਰਦਿਆਂ ਕਿਹਾ ਕਿ ਸਰਕਾਰ ਮੇਡ ਇਨ ਇੰਡੀਆ ਰਾਹੀਂ ਘਰੇਲੂ ਸਪਲਾਈ ਚੇਨ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ।

ਇਸ ਤੋਂ ਇਲਾਵਾ ਵੰਦੇ ਭਾਰਤ ਟ੍ਰੇਨ ਅਤੇ ਰੇਲ ਨੈੱਟਵਰਕ ਦੇ ਵਿਸਥਾਰ 'ਤੇ ਵੀ ਫੋਕਸ ਦਿੱਤਾ ਗਿਆ। ਸਰਵੇਖਣ 'ਚ ਕਿਹਾ ਕਿ ਅਗਲੇ 20 ਸਾਲਾਂ 'ਚ ਤੇਜ਼ ਵਿਕਾਸ ਲਈ ਬੁਨਿਆਦੀ ਢਾਂਚੇ 'ਚ ਨਿਵੇਸ਼ ਦੀ ਲੋੜ ਹੈ। ਪਿਛਲੇ 5 ਸਾਲਾਂ 'ਚ ਸਰਕਾਰ ਨੇ ਫਿਜ਼ੀਕਲ, ਡਿਜੀਟਲ ਅਤੇ ਸੋਸ਼ਲ ਬੁਨਿਆਦੀ ਢਾਂਚੇ 'ਤੇ ਫੋਕਸ ਕੀਤਾ ਹੈ ਪਰ ਪਬਲਿਕ ਫੰਡਿੰਗ ਨਾਲ ਇਹ ਜ਼ਰੂਰਤਾਂ ਪੂਰੀਆਂ ਨਹੀਂ ਹੋਣਗੀਆਂ। ਇਸ ਲਈ ਪ੍ਰਾਈਵੇਟ ਭਾਗੀਦਾਰ ਨੂੰ ਵਧਾਉਣ ਦੀ ਲੋੜ ਹੈ। ਸਰਵੇਖਣ 'ਚ ਅਮਰੀਕੀ ਬਾਜ਼ਾਰ ਦੀ ਉਥਲ ਪੁਥਲ ਦੀ ਪੇਸ਼ੀਨਗੋਈ ਕੀਤੀ ਗਈ ਹੈ ਜਿਸ ਦਾ ਅਸਰ ਭਾਰਤੀ ਸ਼ੇਅਰ ਬਾਜ਼ਾਰ 'ਤੇ ਵੀ ਪੈ ਸਕਦਾ ਹੈ।

# ਸਰਕਾਰ ਦੇ ਤੀਜੇ ਕਾਰਜਕਾਲ ਵਿਚ ਕੰਮ ਕਰਨ ਦੀ ਰਫ਼ਤਾਰ ਤਿੰਨ ਗੁਣਾ ਵਧੀ: ਮੁਰਮੂ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਸਦ ਦੇ ਬਜਟ ਇਜਲਾਸ ਦੀ ਰਸਮੀ ਸ਼ੁਰੂਆਤ ਵਜੋਂ ਦੋਵਾਂ ਸਦਨਾਂ ਨੂੰ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਦੇ ਤੀਜੇ ਕਾਰਜਕਾਲ 'ਚ ਕੰਮ ਕਰਨ ਦੀ ਰਫ਼ਤਾਰ ਤਿੰਨ ਗੁਣਾ ਵਧ ਗਈ ਹੈ। ਉਨ੍ਹਾਂ ਆਪਣੇ ਭਾਸ਼ਨ 'ਚ ਨਾ ਸਿਰਫ਼ ਕਿਸਾਨਾਂ, ਬੁਨਿਆਦੀ ਢਾਂਚੇ, ਦਲਿਤਾਂ, ਆਦਿਵਾਸੀਆਂ, ਉੱਤਰ-ਪੂਰਬੀ ਖੇਤਰ ਅਤੇ ਜੰਮੂ-ਕਸ਼ਮੀਰ ਨੂੰ ਸਰਕਾਰ ਦੀਆਂ ਉਪਲਬਧੀਆਂ ਦਾ ਜ਼ਿਕਰ ਕੀਤਾ ਨਾਲ 'ਵਕਫ਼ ਸੋਧ ਇਕ ਚੋਣ ਬਿੱਲ' ਦਾ ਵੀ ਜ਼ਿਕਰ ਕੀਤਾ।

ਇਸ ਤੋਂ ਇਲਾਵਾ ਵਿਕਸਿਤ, ਸਸ਼ਕਤ ਅਤੇ ਸਮਰੱਥ ਭਾਰਤ ਦਾ ਖਾਕਾ ਉਲੀਕਦਿਆਂ ਸਭ ਨੂੰ ਇਕੱਠੇ ਆਉਣ ਦਾ ਹੋਕਾ ਵੀ ਦਿੱਤਾ। ਨਾਲ ਹੀ ਉਨ੍ਹਾਂ ਮਹਾਂਕੁੰਭ ਹਾਦਸੇ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਿਹਾਂਤ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ। ਰਾਸ਼ਟਰਪਤੀ ਮੁਰਮੂ ਨੇ ਭਾਸ਼ਨ ਦੀ ਸ਼ੁਰੂਆਤ 'ਚ ਹੀ ਮਹਾਂਕੁੰਭ 'ਚ ਮੌਨੀ ਮੱਸਿਆ ਵਾਲੇ ਦਿਨ ਹੋਏ ਹਾਦਸੇ 'ਤੇ ਦੁੱਖ ਪ੍ਰਗਟਾਇਆ ਅਤੇ ਜ਼ਖ਼ਮੀਆਂ ਦੇ ਛੇਤੀ ਸਿਹਤਯਾਬ ਹੋਣ ਦੀ ਦੁਆ ਵੀ ਕੀਤੀ।

### ਡਾ. ਮਨਮੋਹਨ ਸਿੰਘ ਨੂੰ ਦਿੱਤੀ ਸ਼ਰਧਾਂਜਲੀ

ਉਹਨਾਂ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਿਹਾਂਤ 'ਤੇ ਵੀ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਸਾਡੇ ਦੇਸ਼ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗੁਆਇਆ ਹੈ। ਡਾ. ਮਨਮੋਹਨ ਸਿੰਘ ਨੇ 10 ਸਾਲਾਂ ਤੱਕ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਸੇਵਾ ਕੀਤੀ। ਉਹ ਲੰਮੇ ਸਮੇਂ ਤੱਕ ਸੰਸਦ ਦੇ ਮੈਂਬਰ ਵੀ ਰਹੇ। ਉਨ੍ਹਾਂ ਕਿਹਾ ਕਿ ਉਹ ਡਾ. ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹਨ।

### ਕਿਸਾਨਾਂ 'ਤੇ ਰੱਖਿਆ ਫੋਕਸ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਆਪਣੇ ਤਕਰੀਬਨ ਇਕ ਘੰਟੇ ਦੇ ਭਾਸ਼ਨ 'ਚ ਕਿਸਾਨਾਂ 'ਤੇ ਵਿਸ਼ੇਸ਼ ਫੋਕਸ ਰੱਖਦਿਆਂ ਸਰਕਾਰ ਵਲੋਂ ਉਨ੍ਹਾਂ (ਕਿਸਾਨਾਂ) ਲਈ ਚੁੱਕੇ ਕਦਮਾਂ ਦਾ ਜ਼ਿਕਰ ਕੀਤਾ। ਉਨ੍ਹਾਂ 2023-24 'ਚ ਰਿਕਾਰਡ 3.32 ਮਿਲੀਅਨ ਟਨ ਅਨਾਜ ਦੇ ਉਤਪਾਦਨ ਹੋਣ ਅਤੇ ਭਾਰਤ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਦੁੱਧ, ਦਾਲ ਅਤੇ ਮਸਾਲਿਆਂ ਦਾ ਉਤਪਾਦਕ ਦੱਸਦਿਆਂ ਕਿਸਾਨਾਂ ਨੂੰ ਸਸਤੀ ਦਰਾਂ 'ਤੇ ਡੀ.ਏ.ਪੀ. ਮੁਹੱਈਆ ਕਰਵਾਉਣ ਅਤੇ ਸਾਉਣੀ ਅਤੇ ਹਾੜ੍ਹੀ ਦੀਆਂ ਫ਼ਸਲਾਂ 'ਤੇ ਲਗਾਤਾਰ ਵਾਧਾ ਕਰਨ ਨੂੰ ਸਰਕਾਰ ਦੀ ਉਪਲਬਧੀ ਕਰਾਰ ਦਿੱਤਾ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਪਿਛਲੇ ਇਕ ਦਹਾਕੇ 'ਚ ਝੋਨੇ, ਕਣਕ, ਦਾਲਾਂ, ਤਿਲ ਅਤੇ ਮੋਟੇ ਅਨਾਜ ਦੀ ਖਰੀਦ 'ਤੇ ਤਿੰਨ ਗੁਣਾ ਵੱਧ ਰਕਮ ਖ਼ਰਚ ਕੀਤੀ ਗਈ।



**ਪਿਛਲੇ 6 ਮਹੀਨਿਆਂ 'ਚ ਫ਼ਸਲਾਂ ਦੀਆਂ ਜਲਵਾਯੂ:** ਮੁਤਾਬਿਕ, ਬਾਇਓ ਫਾਰਟੀਫਾਈਡ ਅਤੇ ਚੰਗੀ ਉਪਜ ਦੇਣ ਵਾਲੀਆਂ 109 ਕਿਸਮਾਂ ਕਿਸਾਨਾਂ ਨੂੰ ਦਿੱਤੀਆਂ ਹਨ। ਦੇਸ਼ 'ਚ ਖੇਤੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਰਕਾਰ ਨੇ ਖੇਤੀ ਬੁਨਿਆਦੀ ਢਾਂਚੇ ਬਾਰੇ ਫੰਡ ਯੋਜਨਾ ਦਾ ਵਿਸਤਾਰ ਕੀਤਾ ਹੈ। ਰਾਸ਼ਟਰਪਤੀ ਨੇ ਕੁਦਰਤੀ ਖੇਤੀ ਨੂੰ ਵਧਾਵਾ ਦੇਣ ਲਈ ਰਾਸ਼ਟਰੀ ਮਿਸ਼ਨ ਚਲਾਏ ਜਾਣ ਅਤੇ ਮੱਛੀ ਪਾਲਣ ਨੂੰ ਵਧਾਵਾ ਦੇਣ ਲਈ 11 ਐਕੁਆ ਪਾਰਕ ਸਥਾਪਿਤ ਕੀਤੇ ਜਾਣ ਬਾਰੇ ਵੀ ਕਿਹਾ।

### ਬੁਨਿਆਦੀ ਢਾਂਚੇ 'ਤੇ ਵੀ ਦਿੱਤਾ ਜ਼ੋਰ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਬੁਨਿਆਦੀ ਤੇ ਢਾਂਚੇ 'ਤੇ ਵੀ ਵਿਸ਼ੇਸ਼ ਜ਼ੋਰ ਦਿੰਦਿਆਂ ਕੇਨ ਬੇਤਵਾ ਲਿੰਕ ਮਾਂ ਪ੍ਰਾਜੈਕਟ, ਪਾਰਵਤੀ-ਕਾਲੀਸਿੰਧ ਚੰਬਲ ਲਿੰਕ 11 ਪ੍ਰਾਜੈਕਟ, ਪੋਲਾਵਰਮ ਸਿੰਚਾਈ ਪ੍ਰਾਜੈਕਟ ਦਾ ਵੀ ਉਚੇਚਾ ਜ਼ਿਕਰ ਕੀਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਸਮਰਪਿਤ ਦੱਸਦਿਆਂ ਕਿਹਾ ਕਿ 10 ਸਾਲ ਪਹਿਲਾਂ ਬੁਨਿਆਦੀ ਢਾਂਚੇ ਦਾ ਬਜਟ ਤਕਰੀਬਨ 2 ਲੱਖ ਕਰੋੜ ਸੀ ਜੋ 1 ਪਿਛਲੇ ਬਜਟ 'ਚ ਵਧ ਕੇ 11 ਲੱਖ ਕਰੋੜ ਤੋਂ ਵੱਧ ਹੋ ਗਿਆ। ਰਾਸ਼ਟਰਪਤੀ ਨੇ ਵਾਢਵਣ 'ਚ ਭਾਰਤ ਦੇ ਪਹਿਲੇ ਡੀਪ ਵਾਟਰ ਮੇਗਾ ਪੋਰਟ, ਉਧਮਪੁਰ-ਬਾਰਾਮੂਲਾ-ਸ੍ਰੀਨਗਰ-ਰੇਲ ਲਿੰਕ ਪ੍ਰਾਜੈਕਟ, ਆਜੀ ਬ੍ਰਿਜ, ਚਿਨਾਬ ਬ੍ਰਿਜ, ਨਿਕੁਨ ਲਾ ਸੁਰੰਗ ਪ੍ਰਾਜੈਕਟਾਂ ਨੂੰ ਸਰਕਾਰ ਦੀ ਅਹਿਮ ਉਪਲਬਧੀ ਕਰਾਰ ਦਿੱਤਾ। ਰਾਸ਼ਟਰਪਤੀ ਨੇ ਆਪਣੇ ਭਾਸ਼ਨ 'ਚ ਦਿੱਲੀ 'ਚ ਮੈਟਰੋ ਦੇ ਪਾਸਾਰ ਨੂੰ ਸਰਕਾਰ ਦੀ ਪ੍ਰਾਪਤੀ ਦੱਸਦਿਆਂ ਕਿਹਾ ਕਿ 2014 'ਚ ਦਿੱਲੀ ਐਨ.ਸੀ.ਆਰ. 'ਚ ਮੈਟਰੋ ਦਾ ਕੁੱਲ ਨੈੱਟਵਰਕ 200 ਕਿਲੋਮੀਟਰ ਤੋਂ ਵੀ ਘੱਟ ਸੀ। ਜੋ ਹੁਣ ਵਧ ਕੇ ਦੁੱਗਣੇ ਤੋਂ ਵੀ ਵੱਧ ਹੋ ਗਿਆ ਹੈ। ਉਨ੍ਹਾਂ ਕੁਝ ਦਿਨ ਪਹਿਲਾਂ ਦਿੱਲੀ 'ਚ ਰਿਠਾਲਾ ਨਰੇਸਾ-ਕੁੰਡਲੀ ਕਾਰੀਡੋਰ ਦਾ ਕੰਮ ਸ਼ੁਰੂ ਹੋਣ ਦਾ ਵੀ ਜ਼ਿਕਰ ਕੀਤਾ। ਰਾਸ਼ਟਰਪਤੀ ਵਲੋਂ ਭਾਸ਼ਨ 'ਚ ਦਿੱਲੀ ਦਾ ਜ਼ਿਕਰ ਕਰਨ ਦੌਰਾਨ ਵਿਰੋਧੀ ਧਿਰ ਦੇ ਕਿਸੇ ਸੰਸਦ ਮੈਂਬਰ ਨੇ ਤਨਜ਼ ਕਰਦਿਆਂ ਕਿਹਾ ਕਿ ਦਿੱਲੀ ਚੋਣਾਂ ਜੋ ਆਉਣ ਵਾਲੀਆਂ ਹਨ। ਧਾਰਾ 370 ਦਾ ਜ਼ਿਕਰ ਕਰਦਿਆਂ ਭਾਜਪਾ ਆਗੂ ਦੇਰ ਤੱਕ ਬੈਂਚ ਥਪਥਪਾਉਂਦੇ ਰਹੇ। ਰਾਸ਼ਟਰਪਤੀ ਨੇ ਜੰਮੂ-ਕਸ਼ਮੀਰ 'ਚ ਧਾਰਾ 370 ਹਟਣ ਤੋਂ ਬਾਅਦ ਹੋਈਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ 'ਤੇ ਉਥੋਂ ਦੇ ਲੋਕਾਂ ਨੂੰ ਵਧਾਈ ਦਿੱਤੀ। ਧਾਰਾ 370 ਦਾ ਜ਼ਿਕਰ ਆਉਂਦਿਆਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸਾਰੇ ਭਾਜਪਾ ਆਗੂ ਕਾਫੀ ਦੇਰ ਤੱਕ ਬੈਂਚ ਥਪਥਪਾਉਂਦੇ ਨਜ਼ਰ ਆਏ।

### ਉੱਤਰ-ਪੂਰਬੀ ਖਿੱਤੇ ਦੇ ਵਿਕਾਸ ਲਈ ਕੀਤੀ ਸਰਕਾਰ ਦੀ ਸ਼ਲਾਘਾ

ਰਾਸ਼ਟਰਪਤੀ ਨੇ ਉੱਤਰ-ਪੂਰਬੀ ਖਿੱਤੇ ਦੇ ਵਿਕਾਸ ਲਈ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੇਂਦਰ ਨੇ ਉਥੋਂ ਦੇ ਲੋਕਾਂ ਦੇ ਦਿਲਾਂ 'ਚੋਂ ਦੂਰੀਆਂ ਦੇ ਭਾਵ ਖ਼ਤਮ ਕੀਤੇ ਹਨ। ਉਨ੍ਹਾਂ ਇਸ ਖਿੱਤੇ 'ਚ ਹੋਏ 10 ਤੋਂ ਵੱਧ ਸ਼ਾਂਤੀ ਸਮਝੌਤੇ, ਅਸ਼ਟਲਕਸ਼ਮੀ ਮਹੋਤਸਵ ਆਦਿ ਦਾ ਵੀ ਜ਼ਿਕਰ ਕੀਤਾ।

**'ਇਕ ਰਾਸ਼ਟਰ ਇਕ ਚੋਣ' ਅਤੇ ਵਕਫ਼ ਬਿੱਲ ਨੂੰ ਵੀ ਕੀਤਾ ਭਾਸ਼ਨ 'ਚ ਸ਼ਾਮਿਲ:** ਰਾਸ਼ਟਰਪਤੀ ਮੁਰਮੂ ਨੇ ਆਪਣੇ ਭਾਸ਼ਨ 'ਚ ਇਕ ਰਾਸ਼ਟਰ ਇਕ ਚੋਣ ਅਤੇ ਵਕਫ਼ ਬਿੱਲ ਨੂੰ ਵੀ ਸ਼ਾਮਿਲ ਕਰਦਿਆਂ ਕਿਹਾ ਕਿ ਅਜਿਹੇ ਕਾਨੂੰਨਾਂ 'ਤੇ ਤੇਜ਼ ਗਤੀ ਨਾਲ ਕਦਮ ਅੱਗੇ ਵਧਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਦੋਹਾਂ ਬਿੱਲਾਂ 'ਤੇ ਅਜੇ ਰਜ਼ਾਮੰਦੀ ਨਹੀਂ ਬਣੀ ਹੈ ਜਿੱਥੇ ਇਕ ਰਾਸ਼ਟਰ ਇਕ ਚੋਣ ਨਾਲ ਸੰਬੰਧਿਤ ਦੇ ਬਿੱਲਾਂ 'ਤੇ ਸੰਸਦ ਦੀ ਸੰਯੁਕਤ ਕਮੇਟੀ ਵਿਚਾਰ ਕਰ ਰਹੀ ਹੈ ਉਥੇ ਜੇ.ਪੀ.ਸੀ. ਨੇ ਵਕਫ਼ ਸੋਧ ਬਿੱਲ ਸੰਬੰਧੀ ਆਪਣੀ ਰਿਪੋਰਟ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਸੌਂਪ ਦਿੱਤੀ।

# 'ਪੰਜਾਬ ਟਾਈਮਜ਼ ਨਾਈਟ 2025' 17 ਮਈ ਨੂੰ



**ਸ਼ਿਕਾਗੋ:** 'ਪੰਜਾਬ ਟਾਈਮਜ਼ ਸਲਾਹਕਾਰ ਕਮੇਟੀ' ਦੀ ਮੀਟਿੰਗ ਲੰਘੇ ਐਤਵਾਰ ਪੰਜਾਬ ਟਾਈਮਜ਼ ਦੇ ਦਫਤਰ ਵਿਚ ਹੋਈ, ਜਿਸ ਦੌਰਾਨ 'ਪੰਜਾਬ ਟਾਈਮਜ਼ ਨਾਈਟ 2025' ਬਾਰੇ ਵਿਉਂਤਬੰਦੀ ਕੀਤੀ ਗਈ। ਮੀਟਿੰਗ ਵਿਚ 'ਪੰਜਾਬ ਟਾਈਮਜ਼' ਦੇ ਮੈਨੇਜਿੰਗ ਐਡੀਟਰ ਜਸਪ੍ਰੀਤ ਕੌਰ ਤੋਂ ਇਲਾਵਾ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਨਵਦੀਪ ਕੌਰ, ਬਲਵਿੰਦਰ (ਨਿੱਕੀ) ਕੌਰ ਸੇਖੋਂ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਅੰਮ੍ਰਿਤਪਾਲ ਸਿੰਘ ਸੰਘਾ, ਭੁਪਿੰਦਰ ਸਿੰਘ ਧਾਲੀਵਾਲ, ਹਰਵਿੰਦਰਪਾਲ ਸਿੰਘ ਲੈਲ ਨੇ ਸ਼ਮੂਲੀਅਤ ਕੀਤੀ। ਸ. ਗੁਲਜ਼ਾਰ ਸਿੰਘ ਮੁਲਤਾਨੀ ਨਿੱਜੀ ਰੁਝੇਵੇਂ ਕਾਰਨ ਅਤੇ ਸ. ਅਮਰੀਕ ਸਿੰਘ ਅਤੇ ਜਗਜੀਤ ਸਿੰਘ ਢੀਂਡਸਾ ਇੰਡੀਆ ਗਏ ਹੋਣ ਕਾਰਨ ਮੀਟਿੰਗ ਵਿਚ ਸ਼ਾਮਲ ਨਾ ਹੋ ਸਕੇ। ਮੀਟਿੰਗ ਦੌਰਾਨ 'ਪੰਜਾਬ ਟਾਈਮਜ਼ ਨਾਈਟ -2015' ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਰੇ ਮੈਂਬਰਾਂ ਨੇ ਆਪੋ-ਆਪਣੇ ਸੁਝਾਅ ਪੇਸ਼ ਕੀਤੇ ਅਤੇ ਸਾਰਿਆਂ ਦੀ ਰਜ਼ਾਮੰਦੀ ਨਾਲ ਇਹ ਪ੍ਰੋਗਰਾਮ 17 ਮਈ, 2025 ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।

## ਸਵੇਰਾ ਦਾ ਲੋਹੜੀ ਪ੍ਰੋਗਰਾਮ 15 ਮਾਰਚ ਨੂੰ

**ਸ਼ਿਕਾਗੋ:** ਸਿੱਖ ਵਿਮੈਨਜ਼ ਇਰਾ (ਸਵੇਰਾ) ਵਲੋਂ ਪੰਜਾਬ ਦੇ ਰਵਾਇਤੀ ਤਿਉਹਾਰ ਲੋਹੜੀ ਨੂੰ ਸਮਰਪਿਤ ਪ੍ਰੋਗਰਾਮ 15 ਮਾਰਚ ਨੂੰ ਐਟਲਾਂਟਿਸ ਬੈਂਕੁਇਟ ਹਾਲ, ਅਰਲਿੰਗਟਨ ਹਾਈਟਸ ਵਿਖੇ ਕਰਵਾਇਆ ਜਾ ਰਿਹਾ ਹੈ। ਸੰਸਥਾ ਦੀ ਰੂਹ-ਏ-ਰਵਾਂ ਜਸਬੀਰ ਕੌਰ ਮਾਨ ਨੇ ਦੱਸਿਆ ਕਿ ਹਮੇਸ਼ਾ ਵਾਂਗ ਲੋਹੜੀ ਦੇ ਪ੍ਰੋਗਰਾਮ ਵਿਚ ਪੰਜਾਬੀ ਕਲਾਕਾਰ ਦਰਸ਼ਕਾਂ ਦੇ ਮਨੋਰੰਜਨ ਲਈ ਆਵੇਗਾ ਅਤੇ ਪੂਰੀਆਂ ਰੌਣਕਾਂ ਲੱਗਣਗੀਆਂ। ਇਸ ਦੌਰਾਨ ਬੱਚਿਆਂ ਅਤੇ ਬੀਬੀਆਂ ਵਲੋਂ ਵੱਖ-ਵੱਖ ਡਾਂਸ ਆਈਟਮਾਂ ਵੀ ਪੇਸ਼ ਕੀਤੀਆਂ ਜਾਣਗੀਆਂ ਅਤੇ ਮਹਿਮਾਨਾਂ ਲਈ ਖਾਣ-ਪੀਣ ਦਾ ਪ੍ਰਬੰਧ ਵੀ ਹੋਵੇਗਾ। ਓਪਨ ਡੀ.ਜੇ. 'ਤੇ ਸਾਰਿਆਂ ਨੂੰ ਭੰਗੜੇ ਪਾਉਣ ਦਾ ਮੌਕਾ ਵੀ ਮਿਲੇਗਾ। ਮੇਲੇ ਸਬੰਧੀ ਵਧੇਰੇ ਜਾਣਕਾਰੀ ਲਈ ਬੀਬੀ ਜਸਬੀਰ ਕੌਰ ਮਾਨ ਨਾਲ ਫੋਨ ਨੰਬਰ 847-890-2390 'ਤੇ ਸੰਪਰਕ ਕੀਤਾ ਜਾ ਸਕਦਾ ਹੈ।










# ਮਿੱਡਵੈਸਟ ਦੇ ਸਾਲ 2025 ਦੇ ਮੇਲੇ

## ਪੀਸੀਐਸ ਸ਼ਿਕਾਗੋ ਵਲੋਂ ਰੰਗਲਾ ਪੰਜਾਬ 26 ਅਪਰੈਲ ਨੂੰ

**ਸ਼ਿਕਾਗੋ:** ਪੰਜਾਬੀ ਕਲਚਰਲ ਸੁਸਾਇਟੀ (ਪੀਸੀਐਸ) ਸ਼ਿਕਾਗੋ ਵਲੋਂ ਹਰ ਸਾਲ ਵਿਸਾਖੀ ਮੌਕੇ ਕਰਵਾਇਆ ਜਾਂਦਾ 'ਰੰਗਲਾ ਪੰਜਾਬ' ਪ੍ਰੋਗਰਾਮ ਇਸ ਸਾਲ 26 ਅਪਰੈਲ ਨੂੰ ਹੋਵੇਗਾ, ਜਿਸ ਲਈ ਤਿਆਰੀ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ। ਪੀ.ਸੀ.ਐਸ. ਦੇ ਸਾਬਕਾ ਪ੍ਰਧਾਨ ਸ. ਭੁਪਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਹਰ ਸਾਲ ਵਾਂਗ ਐਤਕੀਂ ਵੀ ਪੀਸੀਐਸ ਵਲੋਂ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਅਤੇ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਇਹ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ 30 ਤੋਂ ਵੱਧ ਟੀਮਾਂ ਗਿੱਧੇ-ਭੰਗੜੇ ਦੀ ਪੇਸ਼ਕਾਰੀ ਕਰਨਗੀਆਂ, ਜਿਸ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਉਨ੍ਹਾਂ ਨੇ ਦਰਸ਼ਕਾਂ ਨੂੰ ਪ੍ਰੋਗਰਾਮ ਦੀਆਂ ਟਿਕਟਾਂ ਖਰੀਦਣ ਲਈ ਵੀ ਕਿਹਾ।



## ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਕਬੱਡੀ ਕੱਪ 31 ਮਈ ਨੂੰ

**ਸ਼ਿਕਾਗੋ:** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵੱਲੋਂ ਹਰ ਸਾਲ ਵਾਂਗ ਐਤਕੀਂ ਵੀ ਸ਼ਿਕਾਗੋ ਕਬੱਡੀ ਕੱਪ ਅਤੇ ਵਾਲੀਬਾਲ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸਾਲ ਦਾ ਕਬੱਡੀ ਕੱਪ 31 ਮਈ, ਦਿਨ ਸ਼ਨਿਚਰਵਾਰ ਨੂੰ ਬਸੀ ਵੁੱਡਜ਼, ਐਲਕ ਗਰੋਵ ਵਿਲੇਜ ਵਿਖੇ ਹੋਵੇਗਾ। ਕਲੱਬ ਦੇ ਪ੍ਰਧਾਨ ਸ. ਕਮਲਜੀਤ ਸਿੰਘ ਘੁੰਮਣ ਅਤੇ ਵਾਈਸ ਪ੍ਰਧਾਨ



ਪਿੰਦੀ ਛੀਨਾ ਨੇ 'ਪੰਜਾਬ ਟਾਈਮਜ਼' ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕਬੱਡੀ ਕੱਪ ਦੌਰਾਨ ਪੰਜਾਬ ਦੇ ਨਾਮਵਰ ਗਾਇਕਾਂ ਵਲੋਂ ਲੋਕਾਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਦਰਸ਼ਕਾਂ ਲਈ ਖਾਣ-ਪੀਣ ਦਾ ਵੀ ਖੁਲ੍ਹਾ ਪ੍ਰਬੰਧ ਹੋਵੇਗਾ ਤੇ ਬੀਬੀਆਂ ਲਈ ਖਰੀਦੋ-ਫੋਰਖਤ ਲਈ ਸਟਾਲ ਲਾਏ ਜਾਣਗੇ। ਮੇਲੇ ਸਬੰਧੀ ਵਧੇਰੇ ਜਾਣਕਾਰੀ ਲਈ ਸ. ਕਮਲਜੀਤ ਸਿੰਘ ਘੁੰਮਣ ਨਾਲ ਫੋਨ ਨੰਬਰ 847-830-9976 ਅਤੇ ਪਿੰਦੀ ਛੀਨਾ ਨਾਲ 312-622-2222 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੀਸੀਐਸ ਮਿਸ਼ੀਗਨ ਵਲੋਂ ਸੱਭਿਆਚਾਰਕ ਮੇਲਾ 26 ਅਪਰੈਲ ਨੂੰ

**ਮਿਸ਼ੀਗਨ:** ਪੀਸੀਐਸ ਮਿਸ਼ੀਗਨ ਦਾ ਸੱਭਿਆਚਾਰਕ ਮੇਲਾ 26 ਅਪਰੈਲ, ਦਿਨ ਸ਼ਨਿਚਰਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਪ੍ਰੋਗਰਾਮ ਦੌਰਾਨ ਜਿੱਥੇ ਪੰਜਾਬੀ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ, ਉਥੇ ਹੀ ਲੋਕਾਂ ਦੇ ਨੱਚਣ-ਟੱਪਣ ਲਈ ਡੀ ਜੇ ਦਾ ਪ੍ਰਬੰਧ ਵੀ ਹੋਵੇਗਾ। ਦਰਸ਼ਕਾਂ ਲਈ ਖਾਣੇ ਦਾ ਵੀ ਖਾਸ ਪ੍ਰਬੰਧ ਕੀਤਾ ਜਾਵੇਗਾ। ਸੰਸਥਾ ਦੇ ਖਜਾਨਚੀ ਮੁਖਤਿਆਰ ਸਿੰਘ ਖਹਿਰਾ ਨੇ ਆਖਿਆ ਕਿ ਇਹ ਸੱਭਿਆਚਾਰ ਮੇਲਾ ਲੋਕਾਂ ਦੇ ਇਕੱਠੇ ਹੋਣ ਅਤੇ ਆਪਸ ਵਿਚ ਮਿਲਣ-ਗਿਲਣ ਦਾ ਸਬੱਬ ਬਣਦਾ ਹੈ। ਲੋਕ ਪਰਿਵਾਰਾਂ ਸਣੇ ਮੇਲੇ ਵਿਚ ਪੁੱਜਦੇ ਹਨ ਅਤੇ ਹਰ ਉਮਰ ਦਾ ਵਿਅਕਤੀ ਮੇਲੇ ਦਾ ਹਿੱਸਾ ਬਣ ਕੇ ਆਪਣਾ ਮਨੋਰੰਜਨ ਕਰਦਾ ਹੈ। ਉਨ੍ਹਾਂ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਅਤੇ ਦਰਸ਼ਕ ਇਸ ਵਿਚ ਹਿੱਸਾ ਲੈਣ ਲਈ ਤਿਆਰ ਰਹਿਣ।

## ਇੰਡੀਅਨਐਪੋਲਿਸ ਦਾ ਸੱਭਿਆਚਾਰਕ ਮੇਲਾ 10 ਮਈ ਨੂੰ

ਇੰਡੀਅਨਐਪੋਲਿਸ ਵਿਖੇ ਗੁਰਬਖਸ਼ ਸਿੰਘ ਰਾਹੀ ਅਤੇ ਸਾਥੀਆਂ ਵਲੋਂ ਮਿਲ ਕੇ 10 ਮਈ ਨੂੰ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਓਪਨ ਸੰਗੀਤਕ ਪ੍ਰੋਗਰਾਮ ਵਿਚ ਐਤਕੀਂ ਉਘੇ ਪੰਜਾਬੀ ਗੀਤਕਾਰ ਅਤੇ ਗਾਇਕ ਦੇਬੀ ਮਖਸੂਸਪੁਰੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇੰਡੀਐਪੋਲਿਸ ਦੇ ਕਾਰੋਬਾਰੀਆਂ ਵਲੋਂ ਹਰ ਸਾਲ ਓਪਨ ਸੰਗੀਤਕ ਪ੍ਰੋਗਰਾਮ ਕਰਵਾਇਆ ਜਾਂਦਾ ਹੈ, ਜਿਸ ਵਿਚ ਕੋਈ ਨਾ ਕੋਈ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ। ਇਸ ਪ੍ਰੋਗਰਾਮ ਵਿਚ ਇੰਡੀਐਪੋਲਿਸ ਤੋਂ ਇਲਾਵਾ ਨੇੜਲੀਆਂ ਸਟੇਟਾਂ ਤੋਂ ਵੀ ਲੋਕ ਖਾਸ ਤੌਰ 'ਤੇ ਪਹੁੰਚਦੇ ਹਨ।



# ਨਹੀਓਂ ਭੁੱਲਣੀਆਂ ਯਾਦਾਂ ਸਾਂਦਲ ਬਾਰ ਤੇ ਸ਼ਹਿਰ ਲਾਹੌਰ ਦੀਆਂ

19 ਤੋਂ 21 ਜਨਵਰੀ ਦੌਰਾਨ ਲਾਹੌਰ ਵਿਖੇ ਸੂਫ਼ੀਮੱਤ ਨੂੰ ਸਮਰਪਿਤ 34ਵੀਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਗਈ। 64 ਸਾਹਿਤਕਾਰ, ਬੁੱਧੀਜੀਵੀ ਤੇ ਕਲਾਕਾਰ 18 ਜਨਵਰੀ ਦੀ ਸ਼ਾਮ ਨੂੰ ਲਾਹੌਰ ਪਹੁੰਚੇ ਅਤੇ ਗੁਰਦੁਆਰਾ ਡੇਹਰਾ ਸਾਹਿਬ, ਜੋ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਹੈ, ਦੇ ਦਰਸ਼ਨ ਕੀਤੇ।






ਇਹ ਕਾਨਫਰੰਸ ਬਾਬਾ ਸ਼ੇਖ਼ ਫਰੀਦ ਤੋਂ ਗ਼ੁਲਾਮ ਫ਼ਰੀਦ ਤੱਕ ਦੇ ਸੂਫ਼ੀ ਸਫ਼ਰ ਨੂੰ ਸਮਰਪਿਤ ਸੀ। ਸੂਫ਼ੀਮੱਤ ਦੀਆਂ ਧਾਰਨਾਵਾਂ, ਸਿੱਖਿਆਵਾਂ ਅਤੇ ਮੌਜੂਦਾ ਸਮੇਂ ਦੌਰਾਨ ਇਸ ਦੀ ਅਹਿਮੀਅਤ ਨੂੰ ਪਛਾਣਿਆ ਤੇ ਵਿਚਾਰਿਆ ਗਿਆ। 'ਸੂਫ਼ੀਮੱਤ ਵਿਚ ਔਰਤ ਦਾ ਯੋਗਦਾਨ' ਆਖ਼ਰੀ ਦਿਨ ਦਾ ਮੁੱਖ ਵਿਸ਼ਾ ਸੀ। ਤਿੰਨ ਦਿਨਾ ਕਾਨਫਰੰਸ ਦੌਰਾਨ ਜਨਾਬ ਫ਼ਖ਼ਰ ਜ਼ਮਾਨ ਤੇ ਡਾ. ਦੀਪਕ ਮਨਮੋਹਨ ਸਿੰਘ ਪੂਰਾ ਸਮਾਂ ਸਟੇਜ 'ਤੇ ਅਡੋਲ ਬੈਠੇ ਰਹੇ। ਸਹਿਜਪ੍ਰੀਤ ਸਿੰਘ ਮਾਂਗਟ ਨੇ ਸਿਰੜ ਨਾਲ ਪ੍ਰੋਗਰਾਮ ਚਲਾਇਆ। ਆਖ਼ਰੀ ਦਿਨ ਕਾਨਫਰੰਸ ਦੇ 12 ਨੁਕਾਤੀ ਐਲਾਨਨਾਮੇ ਅਨੁਸਾਰ ਸਕੂਲਾਂ ਵਿਚ ਪ੍ਰਾਇਮਰੀ ਤੋਂ ਪੰਜਾਬੀ ਲਾਜ਼ਮੀ ਕਰਨ, ਗ੍ਰੈਜੂਏਸ਼ਨ ਤੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਏ ਜਾਣ, ਪੰਜਾਬੀ ਭਾਸ਼ਾ ਨੂੰ ਮਾਨਤਾ ਦੇਣ, ਸਰਕਾਰੀ ਦਫ਼ਤਰਾਂ ਵਿਚ ਇਸ ਦੀ ਵਰਤੋਂ ਲਾਜ਼ਮੀ ਬਣਾਉਣ, ਪੰਜਾਬੀ ਅਦਾਰਿਆਂ ਨੂੰ ਆਰਥਿਕ ਮੱਦਦ ਦੇਣ ਅਤੇ ਸਾਹਿਤਕਾਰਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਲਈ ਵੀਜ਼ਾ ਪ੍ਰਣਾਲੀ ਸੁਖਾਲੀ ਬਣਾਉਣ ਦੀ ਫਰਿਆਦ ਕੀਤੀ ਗਈ।

ਸਾਰੇ ਮਹਿਮਾਨ ਹੋਟਲ ਵਿਚ ਠਹਿਰੇ ਹੋਏ ਸਨ ਅਤੇ ਇਤਿਹਾਸਕਾਰ ਇਕਬਾਲ ਕੈਸਰ, ਅੱਧੀ-ਅੱਧੀ ਰਾਤ ਤੱਕ ਹੋਟਲ ਵਿਚ ਹੀ ਰਹਿੰਦੇ, ਤੇ ਉਹ ਇਕ ਕਮਰੇ ਵਿਚੋਂ ਉੱਠਦੇ ਤਾਂ ਦੂਜਾ ਵਿਅਕਤੀ ਉਨ੍ਹਾਂ ਨੂੰ ਆਪਣੇ ਕਮਰੇ ਵਿਚ ਲੈ ਜਾਂਦਾ। ਪ੍ਰੋ. ਗੁਰਭਜਨ ਗਿੱਲ ਹੁਰਾਂ ਦਾ ਕਮਰਾ ਨੰਬਰ 106, ਸਰਗੋਧੇ ਤੋਂ ਆਏ ਮਾਲਟਿਆਂ-ਕਿੰਨੂਆਂ, ਸਿਆਲਕੋਟ ਤੇ ਨਾਰੋਵਾਲ ਤੋਂ ਆਈਆਂ ਮਠਿਆਈਆਂ ਅਤੇ ਲਾਹੌਰ ਤੋਂ ਆਉਂਦੇ-ਜਾਂਦੇ ਤੋਹਫ਼ਿਆਂ ਨਾਲ ਭਰਿਆ ਪਿਆ ਸੀ, ਜੋ ਕੈਮਰਿਆਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਕੋਈ ਮੁਲਤਾਨ, ਕੋਈ ਝੰਗ ਤੇ ਕੋਈ ਬਹਾਵਲਪੁਰ ਤੋਂ ਲੰਮੇ ਪੈਂਡੇ ਤੈਅ ਕਰਕੇ ਉਚੇਚੇ ਤੌਰ 'ਤੇ ਮਿਲਣ ਪਹੁੰਚਿਆ। ਬਾਬੂ ਰਜਬ ਅਲੀ ਦੀ ਪੋਤਰੀ ਰਿਹਾਨਾ ਬੀਬੀ ਇਸ ਸਮਾਗਮ ਵਿਚ ਪੇਕੇ ਘਰ ਆਉਣ ਵਾਂਗ ਸ਼ਾਮਲ ਹੋਈ। ਉਸ ਦੁਆਲੇ ਸਭ ਤੋਂ ਵੱਧ ਇਕੱਠ ਵਿਖਾਈ ਦਿੱਤਾ। ਇਧਰੋਂ ਗਏ ਪ੍ਰਾਹੁਣੇ ਉਸ ਦੇ ਸਿਰ 'ਤੇ ਹੱਥ ਰੱਖਦੇ ਤੇ ਬਾਬੂ ਰਜਬ ਅਲੀ ਦੀਆਂ ਗੱਲਾਂ ਕਰਦੇ। ਮੇਰੀ ਪਤਨੀ ਨੇ ਉਸਦੇ ਮੋਢਿਆਂ 'ਤੇ ਸ਼ਾਲ ਪਾਉਂਦਿਆ ਦੱਸਿਆ ਕਿ ਸਾਹੋਕੇ ਦੇ ਨਾਲ ਬੰਬੀਹੇ ਭਾਈ ਸਾਡੀ ਮਾਸੀ ਹੈ। ਇਹ ਸੁਣਦਿਆਂ ਉਸ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ।



ਪ੍ਰੋਗਰਾਮ ਦੌਰਾਨ ਹਾਲ ਦੀਆਂ ਕੁਰਸੀਆਂ ਦੇ ਪਿਛਲੇ ਪਾਸੇ ਲੋਕ ਇਕ ਦੂਜੇ ਨੂੰ ਮਿਲ ਰਹੇ ਸਨ, ਇਕ ਦੂਜੇ ਨੂੰ ਤੋਹਫ਼ੇ ਦਿੰਦੇ, ਫੋਟੋਆਂ ਬਣਾਉਂਦੇ, ਸਟੇਜ ਸਕੱਤਰ ਦੇ ਵਾਰ-ਵਾਰ ਬੇਨਤੀਆਂ, ਅਪੀਲਾਂ ਤੇ ਝਿੜਕਾਂ ਮਾਰਨ 'ਤੇ ਵੀ ਤਿੰਨੋਂ ਦਿਨ ਇਸ ਇਕੱਠ ਵਿਚ ਕੋਈ ਕਮੀ ਨਜ਼ਰ ਨਾ ਆਈ।

ਦੋਵੇਂ ਪੰਜਾਬਾਂ ਦੇ 8 ਲੇਖਕਾਂ ਦੀਆਂ ਸ਼ਾਹਮੁਖੀ ਤੇ ਗੁਰਮੁਖੀ ਵਿਚ ਲਿਖੀਆਂ ਕਿਤਾਬਾਂ ਕਾਨਫਰੰਸ ਦੇ ਪਹਿਲੇ ਦਿਨ ਲੋਕ-ਅਰਪਣ ਕੀਤੀਆਂ ਗਈਆਂ। 'ਪੰਜ ਆਬ ਦੇ ਸ਼ਾਹ ਅਸਵਾਰ' ਨਵਦੀਪ ਗਿੱਲ ਦੀ ਦੋਵੇਂ ਲਿੱਪੀਆਂ ਵਿਚ ਭਾਰਤ ਤੇ ਪਾਕਿ ਦੇ 15-15 ਖਿਡਾਰੀਆਂ ਬਾਰੇ ਲਿਖੀ ਕਿਤਾਬ, ਯੂਨੀਵਰਸਿਟੀ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਲਾਹੌਰ ਵਿਖੇ ਲੋਕ ਅਰਪਣ ਕੀਤੀ ਗਈ। ਇਸ ਸਮੇਂ ਤੌਕੀਰ ਦਾਰ, ਤਾਹਿਰ ਜਮਾਂ, ਰੇਹਾਨ ਭੱਟ ਸਣੇ ਕਈ ਅੰਤਰਰਾਸ਼ਟਰੀ ਹਾਕੀ ਖਿਡਾਰੀ, ਕੋਚ ਤੇ ਖੇਡ-ਪ੍ਰਬੰਧਕ ਵੀ ਹਾਜ਼ਰ ਸਨ।

ਕਾਨਫਰੰਸ ਤੋਂ ਬਾਅਦ ਦੋ ਦਿਨ ਧਾਰਮਿਕ ਸਥਾਨਾਂ ਤੇ ਸਿੱਖ ਇਤਿਹਾਸ ਨਾਲ ਸਬੰਧਿਤ ਥਾਵਾਂ ਦੀ ਯਾਤਰਾ ਲਈ ਦਿੱਤੇ ਗਏ ਸਨ। ਪਹਿਲੇ ਦਿਨ ਨਨਕਾਣਾ ਸਾਹਿਬ, ਦੂਜੇ ਦਿਨ ਗੁਜਰਾਂਵਾਲਾ ਤੇ ਕਸੂਰ ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ 'ਤੇ ਸਿਜਦਾ ਕੀਤਾ ਗਿਆ।

ਏਮਨਾਬਾਦ ਵਿਖੇ ਸਥਿਤ ਪਹਿਲੀ ਪਾਤਿਸ਼ਾਹੀ ਨਾਲ ਸਬੰਧਿਤ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਵੀ ਕੀਤੇ ਗਏ, ਜਿਸ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਈ ਸੀ। ਗੁਜਰਾਂਵਾਲਾ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਹਵੇਲੀ ਦੀ ਚੱਲ ਰਹੀ ਮੁਰੰਮਤ ਦੌਰਾਨ ਕੁਝ ਸਮਾਂ ਮਿਸਤਰੀ ਨੂੰ ਟਾਈਲਾਂ ਫੜਾਉਣ ਦੀ ਸੇਵਾ ਨਿਭਾਈ। ਇਸ ਹਵੇਲੀ ਦੇ ਨੇੜੇ ਹੀ ਸ. ਹਰੀ ਸਿੰਘ ਨਲੂਆ ਦਾ ਰਿਹਾਇਸ਼ੀ ਅਸਥਾਨ ਹੈ। ਇਸੇ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਦੀ ਸਮਾਧ ਹੈ। ਉਨ੍ਹਾਂ ਦੇ ਦਾਦਾ ਸ. ਚੜ੍ਹਤ ਸਿੰਘ ਨੇ ਇਸੇ ਸ਼ਹਿਰ ਵਿਚ ਪਹਿਲੇ ਕਿਲ੍ਹੇ ਦੀ ਉਸਾਰੀ ਕਰਵਾਈ ਸੀ। ਸ਼ੇਰੇ-ਪੰਜਾਬ ਦੀਆਂ ਤਿੰਨ ਪੁਸ਼ਤਾਂ ਦੀਆਂ ਪੈੜਾਂ ਇਸ ਸ਼ਹਿਰ ਵਿਚ ਮੌਜੂਦ ਹਨ। ਉਸੇ ਦਿਨ ਸ਼ਾਮ ਨੂੰ ਅਸੀਂ ਕਸੂਰ ਲਈ ਰਵਾਨਾ ਹੋਏ, ਜੋ ਲਾਹੌਰ-ਫ਼ਿਰੋਜ਼ਪੁਰ ਸੜਕ 'ਤੇ ਸਥਿਤ ਹੈ। ਇਸੇ ਸੜਕ 'ਤੇ ਸਰ ਗੰਗਾ ਰਾਮ ਹਸਪਤਾਲ, ਜਾਨਕੀ ਦੇਵੀ ਹਸਪਤਾਲ, ਵਾਲਟਨ ਰੇਲਵੇ ਸਕੂਲ, ਅਮਰ ਸਿੱਧੂ ਚੁੰਗੀ, ਲਲਿਆਣੀ ਤੇ ਬੇਦੀਆਂ ਪਿੰਡ ਸਥਿਤ ਹਨ। ਕਸੂਰ ਤੋਂ ਅੱਗੇ ਗੰਡਾ ਸਿੰਘ ਵਾਲਾ ਤੇ ਹੁਸੈਨੀਵਾਲਾ ਕ੍ਰਮਵਾਰ ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਚੈੱਕ-ਪੋਸਟਾਂ ਹਨ। ਇਹ ਸੜਕ ਆਪਣੇ ਸੀਨੇ 'ਚ ਸਿੱਖ ਰਾਜ ਦੇ ਪਤਨ ਦਾ ਇਤਿਹਾਸ ਸਮੋਈ ਬੈਠੀ ਹੈ।

ਆਲੀਵਾਲ, ਮੁਦਕੀ ਤੇ ਸਭਰਾਵਾਂ ਦੀਆਂ ਲੜਾਈਆਂ ਹਾਰਨ ਤੋਂ ਬਾਅਦ ਅੰਗਰੇਜ਼ ਜਨਰਲ ਲਾਰਡ ਹਾਰਡਿੰਗ ਵੱਲੋਂ ਗੁਲਾਬ ਚੰਦ ਡੋਗਰਾ ਨੂੰ ਲਲਿਆਣੀ ਪਿੰਡ ਕੋਲ ਮਹਾਰਾਜਾ ਦਲੀਪ ਸਿੰਘ ਨੂੰ ਲਿਆਉਣ ਲਈ ਆਦੇਸ਼ ਦਿੱਤਾ ਗਿਆ। 10 ਮਾਰਚ, 1846 ਨੂੰ ਲਲਿਆਣੀ ਪੈਕਟ ਲਿਖਿਆ ਗਿਆ ਜਿਸ ਦੀਆਂ ਸ਼ਰਤਾਂ ਅਨੁਸਾਰ ਪੰਜਾਬ 'ਤੇ ਬ੍ਰਿਟਿਸ਼ ਹਕੂਮਤ ਦੀ ਨੀਂਹ ਰੱਖੀ ਗਈ। ਇਸੇ ਸੜਕ 'ਤੇ ਸਤਲੁਜ ਕਿਨਾਰੇ ਸ਼ਹੀਦੇ-ਆਜ਼ਮ ਸ. ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਸਸਕਾਰ ਕੀਤਾ ਗਿਆ ਸੀ।

ਬੁੱਲ੍ਹੇ ਸ਼ਾਹ ਦੀ ਮਜ਼ਾਰ 'ਤੇ ਸਿਜਦਾ ਕਰਨ ਤੋਂ ਬਾਅਦ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦਾ ਅਸੀਂ ਅਨੰਦ ਮਾਣਿਆ। ਮਜ਼ਾਰ ਦੇ ਆਸੇ-ਪਾਸੇ ਝਾੜੀਆਂ, ਜੰਡ ਤੇ ਕਿੱਕਰਾਂ ਦੇ ਕੁਝ ਰੁੱਖ ਵੀ ਸਨ।

ਪਾਕਿਸਤਾਨ ਹਾਈ ਕਮਿਸ਼ਨ ਨੇ ਇਸ ਵਾਰ ਡੈਲੀਗੇਟਾਂ ਨੂੰ ਪੁਰਾਣੇ ਪਿੰਡ ਵੇਖਣ ਦਾ ਵੀਜ਼ਾ ਦੇ ਕੇ ਖੁੱਲ੍ਹਦਿਲੀ ਦਾ ਸਬੂਤ ਦਿੱਤਾ। ਪਰਿਵਾਰ ਸਮੇਤ ਆਪਣੇ ਵਡੇਰਿਆਂ ਦਾ ਪਿੰਡ '531 ਚੱਕ ਗੁਗੇਰਾ ਬ੍ਰਾਂਚ' ਦੇਖਣ ਲਈ ਪੂਰਾ ਦਿਨ ਮਿਲਿਆ। ਵੰਡ ਸਮੇਂ ਮੇਰੇ ਪਿਤਾ ਜੀ ਦਸਵੀਂ ਅਤੇ ਚਾਚਾ ਜੀ ਅੱਠਵੀਂ ਜਮਾਤ ਵਿਚ ਸਨ। ਅਸੀਂ ਪਹਿਲਾਂ 'ਪੁਲ 45' ਉਨ੍ਹਾਂ ਦੇ ਸਕੂਲ ਗਏ ਤੇ ਵਿਦਿਆਰਥੀਆਂ ਅਤੇ ਸਟਾਫ਼ ਨਾਲ ਗੱਲਬਾਤ ਕੀਤੀ। ਘਰ ਦੀਆਂ ਦੇਹਲੀਆਂ ਤੇ ਚੌਗਾਠਾਂ ਨੂੰ ਟਟੋਲਣ ਦਾ ਯਤਨ ਕੀਤਾ। ਖੇਤ ਜਾ ਕੇ ਅਸੀਂ ਵੱਡਿਆਂ ਦੀ ਯਾਦ ਵਿਚ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਮੇਰੀ ਪਤਨੀ ਨੇ ਦੋ ਲੱਪ ਮੂੰਗਰੇ ਤੋੜ ਲਏ ਤੇ ਮੈਂ ਕਣਕ ਦੇ ਖੇਤ ਵਿਚੋਂ ਦੋ ਮੁੱਠੀਆਂ ਮਿੱਟੀ ਦੀਆਂ ਭਰ ਲਈਆਂ। ਵਤਨ ਦੀ ਮਿੱਟੀ ਦੇ ਇਹ ਤੋਹਫ਼ੇ ਜੋ ਸ਼ਾਇਦ ਫੇਰ ਕਦੇ ਨਸੀਬ ਨਹੀਂ ਹੋ ਸਕਣੇ।

ਸ੍ਰੀ ਰਾਮ ਚੰਦਰ ਜੀ ਦੇ ਪੁੱਤਰਾਂ ਲਵ ਤੇ ਕੁਸ਼ ਦੇ ਨਾਮ 'ਤੇ ਕ੍ਰਮਵਾਰ ਲਾਹੌਰ ਤੇ ਕਸੂਰ ਸ਼ਹਿਰ ਵੱਸਣ ਦਾ ਵਰਣਨ ਪ੍ਰਚਲਿਤ ਹੈ। ਲਾਹੌਰ ਰਾਜਿਆਂ, ਸ਼ਾਹੀ ਮਹਿਲਾਂ, ਬਾਗ਼ਾਂ ਤੇ ਆਲੀਸ਼ਾਨ ਇਮਾਰਤਾਂ ਦਾ ਸ਼ਹਿਰ ਹੈ। ਸ਼ਾਲੀਮਾਰ ਬਾਗ਼, ਸ਼ਾਹ ਜਹਾਂ ਨੇ ਬਣਵਾਇਆ। ਬਾਗ਼-ਏ-ਦਿਲਕੁਸ਼ਾਂ ਜਿੱਥੇ ਨੂਰਜਹਾਂ ਨੇ ਜਹਾਂਗੀਰ ਦਾ ਮਕਬਰਾ ਬਣਵਾਇਆ ਤੇ ਫੇਰ ਆਪਣੇ ਮਕਬਰੇ ਬਾਰੇ ਥਾਂ ਨਿਸ਼ਚਿਤ ਕੀਤੀ। ਹੁਣ ਕਰਾਚੀ-ਲਾਹੌਰ-ਇਸਲਾਮਾਬਾਦ ਰੇਲਵੇ ਲਾਈਨ ਨੇ ਇਨ੍ਹਾਂ ਦੋਵੇਂ ਮਕਬਰਿਆਂ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ। ਬਾਗ਼-ਏ-ਮਹਿਰੂਲ ਨਿਸ਼ਾਹ ਔਰੰਗਜ਼ੇਬ ਦੀ ਬੇਟੀ ਦੇ ਨਾਮ 'ਤੇ ਤਿਆਰ ਕਰਵਾਇਆ ਗਿਆ। ਮੰਟੋ ਪਾਰਕ, ਗੁੱਡੀ ਗਰਾਊਂਡ ਅਤੇ ਮੀਨਾਰੇ-ਪਾਕਿਸਤਾਨ ਦਿਲ-ਖਿੱਚਵੀਆਂ ਥਾਵਾਂ ਹਨ।

ਲਾਹੌਰ ਦੀਆਂ ਇਮਾਰਤਾਂ ਬਾਬਤ ਜਾਨਣ ਲਈ ਸਰ ਗੰਗਾ ਰਾਮ ਦੇ ਕੰਮਾਂ ਦੀ ਪੇਸ਼ਕਾਰੀ ਲਾਜਵਾਬ ਹੈ। ਮੰਨਿਆ ਜਾਂਦਾ ਹੈ ਕਿ ਪੌਣਾ ਲਾਹੌਰ ਸਰ ਗੰਗਾ ਰਾਮ ਦਾ ਡਿਜ਼ਾਇਨ ਕੀਤਾ ਹੋਇਆ ਹੈ। ਜਨਰਲ ਪੋਸਟ ਆਫ਼ਿਸ, ਲਾਹੌਰ ਮਿਊਜ਼ੀਅਮ, ਮੇਉ ਸਕੂਲ ਆਫ਼ ਆਰਟਸ, ਪੰਜਾਬ ਯੂਨੀਵਰਸਿਟੀ, ਸਰ ਗੰਗਾ ਰਾਮ ਹਸਪਤਾਲ ਅਤੇ ਗੰਗਾ ਰਾਮ ਟਰੱਸਟ ਬਿਲਡਿੰਗ, ਇਹ ਸਾਰੀਆਂ ਇਮਾਰਤਾਂ ਉਨ੍ਹਾਂ ਦੀ ਆਰਕੀਟੈਕਚਰਲ ਦੇਣ ਹਨ। ਅੱਠ ਕਿਲੋਮੀਟਰ ਲੰਮੀ ਮਾਲ ਰੋਡ ਦਾ ਨਿਰਮਾਣ ਸਰ ਗੰਗਾ ਰਾਮ ਨੇ ਕਰਵਾਇਆ ਸੀ। ਮਾਡਲ ਟਾਊਨ ਲਾਹੌਰ ਦਾ ਨਕਸ਼ਾ ਜਿੱਥੇ ਬਹੁਤੇ ਅੰਗਰੇਜ਼ ਅਫ਼ਸਰ ਰਹਿੰਦੇ ਸਨ, ਉਨ੍ਹਾਂ ਨੇ ਇਕ ਹੋਰ ਆਰਕੀਟੈਕਟ ਨਾਲ ਮਿਲ ਕੇ ਤਿਆਰ ਕੀਤਾ ਸੀ। ਨਵੀਆਂ ਰਿਹਾਇਸ਼ੀ ਇਮਾਰਤਾਂ ਦੇ ਮੁਕਾਬਲੇ ਸਵਾ ਸੌ ਸਾਲ ਪਹਿਲਾਂ ਡਿਜ਼ਾਇਨ ਕੀਤਾ ਗਿਆ ਮਾਡਲ ਟਾਊਨ ਅੱਜ ਵੀ ਲਾਹੌਰ ਦਾ ਸਭ ਤੋਂ ਬਿਹਤਰ ਰਿਹਾਇਸ਼ੀ ਖੇਤਰ ਜਾਣਿਆ ਜਾਂਦਾ ਹੈ। ਲਾਇਲਪੁਰ ਦਾ ਨਕਸ਼ਾ ਵੀ ਉਨ੍ਹਾਂ ਨੇ ਹੀ ਬ੍ਰਿਟਿਸ਼ ਦੇ ਰਾਸ਼ਟਰੀ ਝੰਡੇ ਚੌਕ ਗਣਰਾਜ 'ਤੇ ਆਧਾਰਿਤ ਅੰਗਰੇਜ਼ ਇੰਜਨੀਅਰ ਕੈਪਟਨ ਯੂਹਾਂਗ ਯੰਗ ਨਾਲ ਮਿਲ ਕੇ ਬਣਾਇਆ ਸੀ। ਲਾਹੌਰ ਰੇਲਵੇ ਡਿਵੀਜ਼ਨ ਦੇ ਬਹੁਤੇ ਕੰਟਰੈਕਟ ਵੀ ਸਰ ਗੰਗਾ ਰਾਮ ਕੋਲ ਹੀ ਸਨ। ਬ੍ਰਿਟਿਸ਼ ਹਕੂਮਤ ਸਮੇਂ ਇਕ ਮੀਟਿੰਗ ਦੌਰਾਨ ਲਾਹੌਰ ਵਿਖੇ ਕਾਮਰਸ ਕਾਲਜ ਖੋਲ੍ਹਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਮਾਰਤ ਦੀ ਲੋੜ ਨੂੰ ਮੁੱਖ ਰੱਖਦਿਆਂ ਵਿਦਿਆ ਵਿਭਾਗ ਨੇ ਇਸ ਕੰਮ ਲਈ ਘੱਟੋ-ਘੱਟ ਛੇ ਮਹੀਨਿਆਂ ਦਾ ਸਮਾਂ ਮੰਗਿਆ। ਸਰ ਗੰਗਾ ਰਾਮ ਉੱਠ ਖੜ੍ਹੇ ਹੋਏ ਕਿ ਮੇਰੇ ਘਰ ਵਿਚ ਅੱਜ ਸ਼ਾਮ ਤੋਂ ਹੀ ਇਸ ਕਾਲਜ ਦੀ ਸ਼ੁਰੂਆਤ ਕਰ ਲਈ ਜਾਵੇ। ਲਾਹੌਰ ਅਜਿਹੀਆਂ ਇਮਾਰਤਾਂ ਤੇ ਭਾਵਨਾਵਾਂ ਦੀ ਹੋਂਦ ਸੰਭਾਲੀ ਬੈਠਾ ਹੈ।

ਵਾਪਸੀ ਵਾਲੇ ਦਿਨ ਮੈਂ ਪਹੁ-ਫੁਟਾਲੇ ਹੀ ਹੋਟਲ ਦੀ ਛੱਤ 'ਤੇ ਜਾ ਚੜ੍ਹਿਆ। ਲਾਹੌਰ ਨੂੰ ਜਾਗਦਿਆਂ ਵੇਖਿਆ, ਹਰ ਛਿਣ ਉਸ ਦਾ ਰੂਪ ਨਿਖ਼ਰਦਾ ਗਿਆ। ਮਸਜਿਦਾਂ ਦੇ ਗੁੰਬਦ ਸਾਫ਼ ਦਿਖਾਈ ਦੇਣ ਲੱਗੇ। ਪੰਛੀਆਂ ਦੀ ਚਹਿ-ਚਹਾਟ ਤੇ ਉਡਾਰੀਆਂ ਭਰਨ ਦੇ ਫ਼ਰਕ ਦੌਰਾਨ ਖਜੂਰਾਂ ਤੇ ਵੱਡੇ-ਪੁਰਾਣੇ ਰੁੱਖਾਂ ਦੇ ਆਕਾਰ ਸ਼ਹਿਰ ਦੇ ਕੈਨਵਸ 'ਤੇ ਵਾਰੋ ਵਾਰ ਉਭਰਦੇ ਗਏ। ਹਵਾ ਦੇ ਪਹਿਲੇ ਬੁੱਲੇ ਨਾਲ ਹੀ ਇਨ੍ਹਾਂ ਰੁੱਖਾਂ ਵਿਚੋਂ ਦੀ ਕਈ ਇਮਾਰਤਾਂ 'ਤੇ ਪਾਕਿਸਤਾਨ ਦਾ ਕੌਮੀ ਝੰਡਾ ਲਹਿਰਾਉਂਦਾ ਨਜ਼ਰ ਆਇਆ। ਲਾਹੌਰ ਸ਼ਹਿਰ ਦੀਆਂ ਦੁਧੀਆਂ ਇਮਾਰਤਾਂ, ਰੁੱਖਾਂ ਤੇ ਗੁੰਬਦਾਂ ਦੇ ਸਾਵੇ ਰੰਗ ਅਤੀ ਸੁੰਦਰ ਵਿਖਾਈ ਦਿੱਤੇ।

ਏਨੇ ਨੂੰ ਹੋਟਲ ਦਾ ਕਰਮਚਾਰੀ ਚਾਹ ਲੈ ਆਇਆ। ਪਹਿਲੀ ਚੁਸਕੀ ਲੈਂਦਿਆਂ ਮੈਂ ਪੁੱਛਿਆ 'ਰਾਵੀ ਦਰਿਆ ਭਾਰਤ ਤੋਂ ਪਾਕਿਸਤਾਨ ਵਿਚ ਕਿਸ ਪਾਸਿਓਂ ਦਾਖ਼ਲ ਹੁੰਦਾ ਹੈ ਭਲਾ'। ਉਸ ਨੇ ਲੰਬੀ ਬਾਂਹ ਕਰਕੇ ਉੱਤਰ ਦਿਸ਼ਾ ਵੱਲ ਇਸ਼ਾਰਾ ਕੀਤਾ। ਹੁਣ ਮੈਂ ਉਸ ਦੀ ਬਾਂਹ ਹੌਲ਼ੀ-ਹੌਲ਼ੀ ਘੁਮਾਉਂਦਾ ਗਿਆ, ਸਿਆਲਕੋਟ, ਪਿੰਡੀ, ਇਸਲਾਮਾਬਾਦ, ਕਰਾਚੀ, ਮੁਲਤਾਨ, ਕਸੂਰ ਤੇ ਇਧਰ ਇੰਡੀਆ, ਉਸ ਦਾ ਆਖ਼ਰੀ ਇਸ਼ਾਰਾ ਪੂਰਬ ਦੀ ਲਾਲੀ 'ਚੋਂ ਉੱਗਦੇ ਅੱਧ-ਅਕਾਰੀ ਸੂਰਜ ਨਾਲ ਮੇਲ ਖਾ ਗਿਆ। ਮੇਰਾ ਸੋਹਣਾ ਵਤਨ ਪਿਆਰਾ, ਅੰਮ੍ਰਿਤਸਰ ਸਿਫਤੀ ਦਾ ਘਰ, ਦੋ ਕਿਰਨਾਂ ਮੇਰੇ ਮੱਥੇ ਨਾਲ ਟਕਰਾਈਆਂ ਤੇ ਰੰਗਦਾਰ ਕਣੀਆਂ ਵਾਂਗ ਲਾਹੌਰ ਸ਼ਹਿਰ 'ਤੇ ਖਿੰਡ-ਪੁੰਡ ਗਈਆਂ।

*-ਗੁਰਪ੍ਰੀਤ ਸਿੰਘ ਤੂਰ*
*ਫੋਨ: 98158-00405*

# ਢਾਹਾਂ ਸਾਹਿਤ ਪੁਰਸਕਾਰ ਲਈ ਨਾਮਜ਼ਦਗੀਆਂ ਆਰੰਭ

## ਪੁਸਤਕਾਂ ਭੇਜਣ ਦੀ ਆਖਰੀ ਤਾਰੀਕ 28 ਫਰਵਰੀ

**ਵੈਨਕੂਵਰ/ਬੰਗਾ:** ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ ਸਾਲ 2025 ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕਰਨੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਾਰੀਖ 28 ਫਰਵਰੀ 2025 ਹੈ । ਇਹ ਜਾਣਕਾਰੀ ਢਾਹਾਂ ਸਾਹਿਤ ਇਨਾਮ ਦੇ ਬਾਨੀ ਸ੍ਰੀ ਬਰਜਿੰਦਰ ਸਿੰਘ ਢਾਹਾਂ ਦੁਆਰਾ ਦਿੱਤੀ ਗਈ । ਉਹਨਾਂ ਕਿਹਾ ਕਿ ਇਹ ਸਨਮਾਨ ਮਾਂ-ਬੋਲੀ ਪੰਜਾਬੀ ਵਿਚ ਸਮੁੱਚੇ ਸੰਸਾਰ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ । ਜੋ ਕੌਮਾਂਤਰੀ ਪੱਧਰ ਉੱਤੇ ਮਾਂ ਬੋਲੀ ਪੰਜਾਬੀ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਛਪੇ ਨਾਵਲ ਤੇ ਕਹਾਣੀ ਦੀਆਂ ਤਿੰਨ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ । ਜਿਸ ਵਿਚ ਤਿੰਨ ਪੁਸਤਕਾਂ ਵਿਚੋ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋ ਪੁਸਤਕਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਂਦਾ ਹੈ । ਇਸ ਮੌਕੇ ਜੇਤੂ ਕਿਤਾਬਾਂ ਦੇ ਲੇਖਕਾਂ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਵਿਸ਼ੇਸ਼ ਸਨਮਾਨ ਵੀ ਭੇਟ ਕੀਤਾ ਜਾਂਦਾ ਹੈ। ਢਾਹਾਂ ਸਾਹਿਤ ਇਨਾਮ ਵੱਲੋਂ 11 ਸਾਲਾਂ ਦੇ ਸਫਰ ਵਿਚ ਹੁਣ ਤੱਕ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ 33 ਨਾਮਵਰ ਪੁਸਤਕਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿਚ ਨਾਵਲ ਤੇ ਕਹਾਣੀ ਸੰਗ੍ਰਿਹ ਸ਼ਾਮਿਲ ਹਨ। ਸ. ਢਾਹਾਂ ਨੇ ਇਸ ਮੌਕੇ ਢਾਹਾਂ ਸਾਹਿਤ ਇਨਾਮ ਨੂੰ ਦੇਸ-ਵਿਦੇਸ ਦੇ ਲੇਖਕਾਂ, ਪ੍ਰਕਾਸ਼ਿਕਾਂ ਅਤੇ ਪਾਠਕਾਂ ਵੱਲੋ ਦਿੱਤੇ ਜਾ ਰਹੇ ਪਿਆਰ-ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕੀਤਾ।



ਸ.ਢਾਹਾਂ ਨੇ ਨਾਮਜ਼ਦਗੀਆਂ ਦਾਖਲ ਕਰਨ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਾਲ 2025 ਦੇ ਢਾਹਾਂ ਇਨਾਮ ਲਈ ਪ੍ਰਕਾਸ਼ਿਤ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਨਾਮਜ਼ਦ ਕਰਨ ਦੇ ਚਾਹਵਾਨ ਲੇਖਕ, ਪ੍ਰਕਾਸ਼ਿਕ ਨਾਮਜ਼ਦਗੀ ਫਾਰਮ ਭਰ ਕੇ ਸੰਬਧਿਤ ਪੁਸਤਕ ਦੀਆਂ ਤਿੰਨ ਕਾਪੀਆਂ ਨੂੰ ਢਾਹਾਂ ਇਨਾਮ ਦੇ ਮੁੱਖ ਦਫਤਰ Dhahan Prize Book Submission - 1058 2560 Shell Road Richmond, B.C., Canada V6X 0B8 ਜਾਂ ਈਮੇਲ submissions-dhahanprize.com 'ਤੇ ਭੇਜ ਸਕਦੇ ਹਨ । ਇਸ ਸਬੰਧੀ ਹੋਰ ਜਾਣਕਾਰੀ ਵੈਬਸਾਈਟ www.dhahanprize.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਤੋਂ ਲੇਖਕ-ਪ੍ਰਕਾਸ਼ਕ ਤਿੰਨ ਭਾਸ਼ਾਵਾਂ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ਵਿਚ ਜਾਣਕਾਰੀ ਮਿਲ ਸਕਦੀ ਹੈ। ਵਰਨਣਯੋਗ ਹੈ ਕਿ ਢਾਹਾਂ ਇਨਾਮ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਸਨਮਾਨ ਹੈ, ਜੋ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨ ਅਤੇ ਕੌਮਾਂਤਰੀ ਪੱਧਰ 'ਤੇ ਪੰਜਾਬੀ ਸਾਹਿਤ ਦਾ ਪ੍ਰਚਾਰ ਤੇ ਪਸਾਰ ਕਾਰਜਸ਼ੀਲ ਹੈ । ਇਸ ਨਾਲ ਪੰਜਾਬੀ ਲੇਖਕਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਿਵੇਕਲੀ ਪਛਾਣ ਮਿਲਦੀ ਹੈ ਅਤੇ ਜਿਸ ਰਾਹੀਂ ਉਹ ਦੁਨੀਆ ਭਰ ਦੇ ਬਹੁ-ਭਾਸ਼ੀ ਪਾਠਕਾਂ ਤੱਕ ਪਹੁੰਚ ਸਕਦੇ ਹਨ। ਢਾਹਾਂ ਇਨਾਮ ਦੀ ਸਥਾਪਨਾ ਬਰਜ ਢਾਹਾਂ (ਬਰਜਿੰਦਰ ਸਿੰਘ) ਅਤੇ ਉਹਨਾਂ ਧਰਮਪਤਨੀ ਰੀਟਾ ਢਾਹਾਂ ਦੁਆਰਾ ਪਰਿਵਾਰ, ਦੋਸਤਾਂ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਵੈਨਕੂਵਰ, ਕੈਨੇਡਾ ਵਿੱਚ ਸਾਲ 2013 ਵਿਚ ਕੀਤੀ ਸੀ । ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ (ਕਨੈਡਾ) ਸਥਾਪਿਤ ਹੋਇਆ ਸੀ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਇਸ ਤੋਂ ਇਲਾਵਾ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਜੋ ਇਸ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਥੰਮ ਦਾ ਕੰਮ ਕਰ ਰਹੀ ਹੈ ।

# ਰਾਸ਼ਟਰਪਤੀ ਦੇ ਭਾਸ਼ਣ ਵਿਚ ਕੁੱਝ ਵੀ ਨਵਾਂ ਨਹੀਂ: ਰਾਹੁਲ ਗਾਂਧੀ



**ਨਵੀਂ ਦਿੱਲੀ:** ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਰਾਸ਼ਟਰਪਤੀ ਦੇ ਭਾਸ਼ਨ 'ਤੇ ਬਹਿਸ 'ਚ ਹਿੱਸਾ ਲੈਂਦਿਆਂ ਜਿਥੇ ਬਦਲੇ ਅੰਦਾਜ਼ 'ਚ ਬੇਰੁਜ਼ਗਾਰੀ ਦਾ ਹੱਲ ਲੱਭਣ 'ਚ ਮੌਜੂਦਾ ਸਰਕਾਰ ਦੇ ਨਾਲ-ਨਾਲ ਯੂ.ਪੀ.ਏ. ਸਰਕਾਰ ਨੂੰ ਵੀ ਨਾਕਾਮ ਦੱਸਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੇਕ ਇਨ ਇੰਡੀਆ ਰਾਹੀਂ ਇਕ ਕੋਸ਼ਿਸ਼ (ਜਿਸ ਨੂੰ ਬਾਅਦ 'ਚ ਉਨ੍ਹਾਂ 'ਨਾਕਾਮ ਕੋਸ਼ਿਸ਼ ਕਰਾਰ ਦਿੱਤਾ) ਕਰਨ ਦਾ ਸਿਹਰਾ ਦਿੱਤਾ, ਉਥੇ ਆਪਣੇ ਰਵਾਇਤੀ ਅੰਦਾਜ਼ 'ਚ ਚੀਨੀ ਫ਼ੌਜੀਆਂ ਭਾਰਤ 'ਚ ਦਾਖ਼ਲ ਹੋਣ ਅਤੇ ਭਾਰਤ ਦੀ ਵਿਦੇਸ਼ ਨੀਤੀ ਨੂੰ ਲੈ ਕੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਦੀ ਗਿਣਤੀ ਵੱਧਣ ਨੂੰ ਲੈ ਕੇ ਸਰਕਾਰ 'ਤੇ ਤਿੱਖਾ ਹਮਲਾ ਵੀ ਕੀਤਾ। ਰਾਹੁਲ ਗਾਂਧੀ ਵਲੋਂ ਅਮਰੀਕਾ ਨੂੰ ਲੈ ਕੇ ਵਿਦੇਸ਼ ਨੀਤੀ ਬਾਰੇ ਕੀਤੀ ਟਿੱਪਣੀ ਨੂੰ ਲੈ ਕੇ ਸੱਤਾ ਧਿਰ ਵਲੋਂ ਹੰਗਾਮਾ ਵੀ ਕੀਤਾ ਗਿਆ ਜਿਸ 'ਤੇ ਉਨ੍ਹਾਂ ਉਸੇ ਹੀ ਬਦਲੇ ਅੰਦਾਜ਼ 'ਚ ਫੋਰਨ ਮੁਆਫ਼ੀ ਮੰਗੀ ਅਤੇ ਦੂਜੇ ਸ਼ਬਦਾਂ ਨਾਲ ਮੁੜ ਸਰਕਾਰ ਦੀ ਘੇਰਾਬੰਦੀ ਵੀ ਕੀਤੀ।

### ਰਾਸ਼ਟਰਪਤੀ ਦੇ ਭਾਸ਼ਨ 'ਚ ਕੁਝ ਵੀ ਨਵਾਂ ਨਹੀਂ

ਰਾਹੁਲ ਗਾਂਧੀ ਨੇ ਭਾਸ਼ਨ ਦੀ ਸ਼ੁਰੂਆਤ ਰਾਸ਼ਟਰਪਤੀ ਦੇ ਭਾਸ਼ਨ 'ਚ ਕੁਝ ਵੀ ਨਵਾਂ ਨਾ ਹੋਣ ਦੇ ਬਿਆਨ ਨਾਲ ਕੀਤੀ ਪਰ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਰਾਸ਼ਟਰਪਤੀ ਦੇ ਭਾਸ਼ਨ ਦੀ ਇਕਰੂਪਤਾ ਨੂੰ ਵੇਖਦਿਆਂ ਉਨ੍ਹਾਂ ਆਪਣੇ-ਆਪ ਤੋਂ ਸਵਾਲ ਕੀਤਾ ਕਿ ਜੇਕਰ ਇੰਡੀਆ ਗੱਠਜੋੜ ਦੀ ਸਰਕਾਰ ਹੁੰਦੀ ਤਾਂ ਰਾਸ਼ਟਰਪਤੀ ਦੇ ਭਾਸ਼ਨ 'ਚ ਕਿਸ ਗੱਲ 'ਤੇ ਜ਼ੋਰ ਦਿੱਤਾ ਜਾਂਦਾ। ਉਨ੍ਹਾਂ ਨੇ ਅੱਗੇ ਆਪਣਾ ਪੂਰਾ ਭਾਸ਼ਨ (ਜੋ ਕਿ ਕੁੱਲ 40 ਮਿੰਟ ਦਾ ਸੀ) ਉਸ ਨਜ਼ਰੀਏ ਨੂੰ ਮੁੱਖ ਰੱਖਦਿਆਂ ਕੀਤਾ ਕਿ ਉਸ ਭਾਸ਼ਨ (ਇੰਡੀਆ ਗੱਠਜੋੜ ਦੇ ਭਾਸ਼ਨ) 'ਚ ਰਾਸ਼ਟਰਪਤੀ ਕੀ-ਕੀ ਮੁੱਦੇ ਲੈ ਕੇ ਆਉਂਦੇ।

### ਬੇਰੁਜ਼ਗਾਰੀ 'ਤੇ ਬੋਲੇ ਰਾਹੁਲ

ਰਾਹੁਲ ਗਾਂਧੀ ਨੇ ਆਪਣੇ ਭਾਸ਼ਨ ਦੀ ਸ਼ੁਰੂਆਤ 'ਚ ਹੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਭਰਵੀਂ ਥਾਂ ਦਿੱਤੀ। ਨਾਲ ਹੀ ਮੌਜੂਦਾ ਸਰਕਾਰ ਦੇ ਨਾਲ-ਨਾਲ ਯੂ.ਪੀ.ਏ. ਸਰਕਾਰ ਦੀ ਵੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਯੂ.ਪੀ.ਏ. ਜਾਂ ਐਨ.ਡੀ.ਏ. ਸਰਕਾਰ ਨੇ ਰੁਜ਼ਗਾਰ ਦੇ ਬਾਰੇ 'ਚ ਸਪੱਸ਼ਟ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਦੇਸ਼ ਦਾ ਭਵਿੱਖ ਨੌਜਵਾਨਾਂ ਵਲੋਂ ਤੈਅ ਕੀਤਾ ਜਾਵੇਗਾ। ਇਸ ਲਈ ਉਨ੍ਹਾਂ ਨੂੰ ਲਗਦਾ ਹੈ ਕਿ ਅਸੀਂ ਜੋ ਵੀ ਕਹੀਏ ਉਹ ਨੌਜਵਾਨਾਂ ਨੂੰ ਧਿਆਨ 'ਚ ਰੱਖ ਕੇ ਕਹਿਣਾ ਚਾਹੀਦਾ ਹੈ। ਰਾਹੁਲ ਗਾਂਧੀ ਨੇ ਮੇਕ ਇਨ ਇੰਡੀਆ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਮੇਕ ਇਨ ਇੰਡੀਆ ਦੀ ਜੋ ਧਾਰਨਾ ਲਿਆਂਦੀ ਗਈ ਉਹ ਇਕ ਚੰਗਾ ਵਿਚਾਰ ਸੀ ਪਰ ਨਾਲ ਹੀ ਉਸ ਯੋਜਨਾ ਨੂੰ ਨਾਕਾਮ ਕਰਾਰ ਦਿੰਦਿਆਂ ਕਿਹਾ ਕਿ ਸਾਲ 2014 'ਚ ਉਸਾਰੀ ਖੇਤਰ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਦਰ 15.3 ਫ਼ੀਸਦੀ ਤੋਂ ਡਿੱਗ ਕੇ ਅੱਜ ਜੀ.ਡੀ.ਪੀ. ਦੇ 12.6 ਫ਼ੀਸਦੀ 'ਤੇ ਪਹੁੰਚ ਗਈ ਹੈ, ਜੋ ਕਿ 60 ਸਾਲਾਂ 'ਚ ਉਸਾਰੀ ਖੇਤਰ ਦਾ ਸਭ ਤੋਂ ਘੱਟ ਹਿੱਸਾ ਹੈ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ 'ਤੇ ਸਿੱਧਾ ਹਮਲਾ ਨਾ ਕਰਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨੂੰ ਦੋਸ਼ ਨਹੀਂ ਦੇ ਰਹੇ। ਉਨ੍ਹਾਂ ਅੱਗੇ ਕਿਹਾ ਕਿ ਇਹ ਕਹਿਣਾ ਉਚਿਤ ਨਹੀਂ ਹੋਵੇਗਾ ਕਿ ਉਨ੍ਹਾਂ ਕੋਸ਼ਿਸ਼ ਨਹੀਂ ਕੀਤੀ। ਰਾਹੁਲ ਨੇ ਕਿਹਾ ਕਿ ਉਨ੍ਹਾਂ (ਮੋਦੀ) ਨੇ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ।

### ਸਿਰਫ ਖਪਤ ਨਹੀਂ, ਸਗੋਂ ਉਤਪਾਦਨ ਵੀ ਵਧਾਉਣ ਦੀ ਹੈ ਲੋੜ

ਕਾਂਗਰਸੀ ਆਗੂ ਨੇ ਆਪਣੇ ਭਾਸ਼ਨ 'ਚ ਅਰਥ ਸ਼ਾਸਤਰ ਦੇ ਵਿਕਾਸ ਦੇ ਸਿਧਾਂਤ ਖਪਤ ਅਤੇ ਉਤਪਾਦਨ ਰੱਖਦਿਆਂ ਕਿਹਾ ਕਿ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਸਿਰਫ ਖਪਤ ਨਹੀਂ, ਸਗੋਂ ਉਤਪਾਦਨ ਵਧਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 1990 ਤੋਂ ਹਰ ਸਰਕਾਰ ਨੇ ਖਪਤ ਵਿਵਸਥਿਤ ਕਰਨ ਲਈ ਕੰਪਨੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਖਪਤ ਵਿਵਸਥਿਤ ਕਰਦੀਆਂ ਹਨ, ਪਰ ਅਸੀਂ ਇਕ ਦੇਸ਼ ਵਜੋਂ ਉਤਪਾਦਨ ਵਿਵਸਥਿਤ ਕਰਨ 'ਚ ਨਾਕਾਮ ਰਹੇ। ਉਨ੍ਹਾਂ ਮਹਿੰਦਰਾ, ਬਜਾਜ ਅਤੇ ਟਾਟਾ ਵਰਗੀਆਂ ਕੰਪਨੀਆਂ ਦਾ ਨਾਂਅ ਲੈਂਦਿਆਂ ਕਿਹਾ ਕਿ ਉਹ (ਕੰਪਨੀਆਂ) ਉਤਪਾਦਨ ਵਿਵਸਥਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਅਸੀਂ ਇਕ ਦੇਸ਼ ਵਜੋਂ ਅਜਿਹਾ ਕਰਨ 'ਚ ਨਾਕਾਮ ਰਹੇ ਹਾਂ। ਰਾਹੁਲ ਗਾਂਧੀ ਨੇ ਆਰਟੀਫਿਸ਼ਿਅਲ ਇੰਟੈਲੀਜੈਂਸ (ਏ.ਆਈ.) " ਨੂੰ ਅਜੋਕੇ ਜੀਵਨ ਅਤੇ ਕ੍ਰਾਂਤੀ ਦਾ ਅਹਿਮ ਹਿੱਸਾ ਦੱਸਦਿਆਂ ਕਿਹਾ ਕਿ ਏ.ਆਈ. ਆਪਣੇ ਆਪ ਕੁਝ ਕੰਮ ਨਹੀਂ ਆਏਗੀ ਕਿਉਂਕਿ ਉਹ ਡੇਟਾ 'ਤੇ ਕੰਮ ਕਰਦੀ ਹੈ ਅਤੇ ਡੇਟਾ ਤੋਂ ਬਿਨਾਂ ਏ.ਆਈ. ਵਿਅਰਥ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਅੱਜ ਧਰਤੀ 'ਤੇ ਮੂਲ ਰੂਪ ਨਾਲ ਸਾਰੀ ਇਲੈਕਟ੍ਰਾਨਿਕਸ ਬਣਾਉਣ ਲਈ ਵਰਤਿਆ ਜਾਣ ਵਾਲਾ। ਡੇਟਾ ਚੀਨ ਕੋਲ ਅਤੇ ਖਪਤ ਡੇਟਾ ਚੀਨ 1 ਕੋਲ ਹੈ। ਭਾਰਤ ਕੋਲ ਡੇਟਾ ਹੀ ਨਹੀਂ ਹੈ।

### ਅਮਰੀਕਾ ਸੰਬੰਧੀ ਵਿਦੇਸ਼ ਨੀਤੀ ਬਾਰੇ ਸਰਕਾਰ 'ਤੇ ਤਨਜ਼ ਤੇ ਮੁਆਫ਼ੀ

ਰਾਹੁਲ ਗਾਂਧੀ ਨੇ ਵਿਦੇਸ਼ ਨੀਤੀ 'ਤੇ ਬੋਲਦਿਆਂ ਸਰਕਾਰ 'ਤੇ ਅਸਿੱਧੇ ਢੰਗ ਨਾਲ ਤਨਜ਼ ਕਰਦਿਆਂ ਕਿਹਾ ਕਿ ਅਸੀਂ ਆਪਣੇ ਤ ਪ੍ਰਧਾਨ ਮੰਤਰੀ ਨੂੰ ਸੱਦਾ ਦੇਣ ਦੇ ਲਈ ਆਪਣੇ 3 ਵਿਦੇਸ਼ ਮੰਤਰੀ ਨੂੰ ਅਮਰੀਕਾ ਨਹੀਂ ਭੇਜਦੇ। ਰਾਹੁਲ ਗਾਂਧੀ ਦੇ ਇਸ ਬਿਆਨ ਤੋਂ ਬਾਅਦ ਸੱਤਾ ਧਿਰ ਨੇ ਹੰਗਾਮਾ ਕਰਦਿਆਂ ਇਸ 'ਤੇ ਇਤਰਾਜ਼ ਪ੍ਰਗਟਾਇਆ। ਰਾਹੁਲ ਗਾਂਧੀ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਬਿਆਨ ਨਾਲ (ਸੱਤਾ ਧਿਰ ਦੀ) ਮਾਨਸਿਕ ਸ਼ਾਂਤੀ ਭੰਗ ਹੁੰਦੀ ਹੈ ਤਾਂ ਉਹ ਮੁਆਫ਼ੀ ਮੰਗਦੇ ਹਨ। ਕਿਰਨ ਰਿਜਿਜੂ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਨੂੰ ਅਜਿਹੀ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ।

# ਮਹਾਕੁੰਭ ਵਿਚ ਮਚੀ ਭਗਦੜ ਬਾਰੇ ਪਾਰਲੀਮੈਂਟ ਵਿਚ ਹੰਗਾਮਾ



**ਨਵੀਂ ਦਿੱਲੀ :** ਰਾਜ ਸਭਾ 'ਚ ਸੋਮਵਾਰ ਨੂੰ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਨੇ ਕਿਹਾ ਕਿ ਪ੍ਰਯਾਗਰਾਜ 'ਚ ਪਿਛਲੇ ਮਹੀਨੇ ਮੌਨੀ ਮੱਸਿਆ ਦੇ ਇਸ਼ਨਾਨ ਦੇ ਮੌਕੇ 'ਤੇ ਭਗਦੜ 'ਚ ਜਾਨ ਗੁਆਉਣ ਵਾਲਿਆਂ ਦੀ ਗਿਣਤੀ ਹਜ਼ਾਰਾਂ 'ਚ ਹੈ। ਉਨ੍ਹਾਂ ਦੇ ਇਸ 'ਨਿੱਜੀ ਮੁਲਾਂਕਣ' 'ਤੇ ਸੱਤਾਧਾਰੀ ਧਿਰ ਨੇ ਸਖ਼ਤ ਇਤਰਾਜ਼ ਜ਼ਾਹਰ ਕਰਦੇ ਹੋਏ ਇਸ ਨੂੰ ਅੰਤਰਰਾਸ਼ਟਰੀ ਜਗਤ 'ਚ ਭਾਰਤ ਦਾ ਅਕਸ ਮਿੱਟੀ 'ਚ ਮਿਲਾਉਣ ਦੀ ਕੋਸ਼ਿਸ਼ ਦੱਸਿਆ।

ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਪਹਿਲਾਂ ਤਾਂ ਖੜਗੇ ਨੂੰ ਆਪਣਾ ਬਿਆਨ ਵਾਪਸ ਲੈਣ ਦਾ ਮੌਕਾ ਦਿੱਤਾ ਤੇ ਫਿਰ ਉਨ੍ਹਾਂ ਨੂੰ ਸਦਨ ਦੀ ਕਾਰਵਾਈ ਸਮਾਪਤ ਹੋਣ ਤੱਕ ਆਪਣੇ ਦਾਅਵੇ ਦੇ ਸਮਰਥਨ 'ਚ ਸਬੂਤ ਪੇਸ਼ ਕਰਨ ਲਈ ਕਿਹਾ। ਚੇਅਰਮੈਨ ਨੇ ਕਿਹਾ ਕਿ ਏਨੇ ਸੀਨੀਅਰ ਆਗੂ ਵੱਲੋਂ ਅਜਿਹੀ ਗੱਲ 'ਤੇ ਹਰ ਕੋਈ ਹੈਰਾਨ ਰਹਿ ਗਿਆ ਹੈ। ਖੜਗੇ ਨੇ ਕਿਹਾ ਕਿ ਗੰਗਾ ਸਾਫ਼ ਬਣਾਉਣ ਦਾ ਸਰਕਾਰ ਦਾ ਵਾਅਦਾ ਝੂਠਾ ਸਾਬਿਤ ਹੋਇਆ ਹੈ ਤੇ ਹੁਣ ਤਾਂ ਲੋਕ ਨਹਾ ਕੇ ਉਸ ਨੂੰ ਗੰਦਾ ਕਰ ਰਹੇ ਹਨ। ਰਾਸ਼ਟਰਪਤੀ ਦੇ ਭਾਸ਼ਣ 'ਤੇ ਉੱਚ ਸਦਨ 'ਚ ਚਰਚਾ ਦੌਰਾਨ ਖੜਗੇ ਨੇ ਕੁੰਭ ਹਾਦਸੇ 'ਚ ਜਾਨ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਉਨ੍ਹਾਂ ਦੀ ਗਿਣਤੀ ਹਜ਼ਾਰਾਂ 'ਚ ਦੱਸੀ। ਇਸ 'ਤੇ ਸੱਤਾ ਧਿਰ ਦੇ ਮੈਂਬਰ ਖੜ੍ਹੇ ਹੋ ਕੇ ਵਿਰੋਧ ਕਰਨ ਲੱਗੇ। ਉਨ੍ਹਾਂ ਦਾ ਕਹਿਣਾ ਸੀ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਅਧਿਕਾਰਤ ਰੂਪ ਨਾਲ ਮ੍ਰਿਤਕਾਂ ਦੀ ਗਿਣਤੀ 30 ਦੱਸੀ ਹੈ ਤੇ ਇਹ ਜਨਤਕ ਹੈ। ਖੜਗੇ ਨੇ ਜੋੜਿਆ ਕਿ ਇਹ ਉਨ੍ਹਾਂ ਦਾ ਅੰਦਾਜ਼ਾ ਹੈ, ਪਰ ਉਨ੍ਹਾਂ ਨੇ ਆਪਣੀ ਗੱਲ ਵਾਪਸ ਨਹੀਂ ਲਈ। ਉਨ੍ਹਾਂ ਨੇ ਕਿਹਾ ਕਿ ਜੇ ਇਹ ਸਹੀ ਨਹੀਂ ਹੈ ਤਾਂ ਸਰਕਾਰ ਦੱਸੇ ਕਿ ਸਹੀ ਗਿਣਤੀ ਕੀ ਹੈ। ਉਹ ਖ਼ੁਦ ਨੂੰ ਦਰੁਸਤ ਕਰਨ ਲਈ ਤਿਆਰ ਹਨ। ਹਜ਼ਾਰਾਂ ਲੋਕਾਂ ਦੇ ਮਰਨ ਦੀ ਗੱਲ ਕਿਸੇ ਨੂੰ ਦੋਸ਼ ਦੇਣ ਲਈ ਨਹੀਂ ਕਹੀ ਹੈ ਪਰ ਕਿੰਨੇ ਲੋਕ ਮਰੇ ਹਨ ਤੇ ਕਿੰਨੇ ਲਾਪਤਾ ਹਨ, ਘੱਟੋ-ਘੱਟ ਉਸ ਦੀ ਜਾਣਕਾਰੀ ਤਾਂ ਦਿਓ। ਜੇ ਉਹ ਗ਼ਲਤ ਹਨ। ਤਾਂ ਮਾਫ਼ੀ ਮੰਗਣ ਲਈ ਤਿਆਰ ਹਨ। ਖੜਗੇ ਦੇ ਲਗਪਗ ਸਵਾ ਘੰਟੇ ਦੇ ਸੰਬੋਧਨ ਦੌਰਾਨ ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ, ਪਰ ਖੜਗੇ ਉਨ੍ਹਾਂ ਨੂੰ ਮੌਕਾ ਦੇਣ ਲਈ ਤਿਆਰ ਨਹੀਂ ਹੋਏ। ਸੰਬੋਧਨ ਸਮਾਪਤ ਹੋਣ ਤੋਂ ਬਾਅਦ ਚੇਅਰਮੈਨ ਨੇ ਗੋਇਲ ਨੂੰ ਮੌਕਾ ਦਿੱਤਾ।

### ਇਹ ਅੰਮ੍ਰਿਤ ਕਾਲ ਹੈ ਜਾਂ ਵਿਸ਼ ਕਾਲ: ਖੜਗੇ



ਖੜਗੇ ਨੇ ਇਹ ਵੀ ਕਿਹਾ ਕਿ ਮਨਮੋਹਨ ਸਿੰਘ ਦੇ 10 ਸਾਲਾਂ ਦੇ ਕਾਰਜਕਾਲ 'ਚ 7.8 ਫ਼ੀਸਦੀ ਦੇ ਮੁਕਾਬਲੇ ਮੋਦੀ ਸਰਕਾਰ 'ਚ ਔਸਤ ਜੀਡੀਪੀ 5.8 ਫ਼ੀਸਦੀ ਹੈ ਤੇ ਸਵਾਲ ਕੀਤਾ ਕਿ ਜੇ ਅਰਥਚਾਰਾ ਲੁੜੀਂਦੀ ਰਫ਼ਤਾਰ ਨਾਲ ਅੱਗੇ ਨਹੀਂ ਵਧਦਾ ਹੈ ਤਾਂ ਨੌਕਰੀਆਂ ਕਿਵੇਂ ਪੈਦਾ ਹੋਣਗੀਆਂ। ਉਨ੍ਹਾਂ ਨੇ ਕਿਹਾ, 'ਇਹ ਅੰਮ੍ਰਿਤ ਕਾਲ ਹੈ ਜਾਂ ਵਿਸ਼ ਕਾਲ?' ਪਿਛਲੇ 10 ਸਾਲਾਂ 'ਚ ਇਕ ਲੱਖ ਕਿਸਾਨਾਂ ਨੇ ਖ਼ੁਦਕੁਸ਼ੀ ਕਰ ਲਈ ਹੈ। ਉਨ੍ਹਾਂ ਨੇ ਤਰੱਕੀ ਨਹੀਂ ਕੀਤੀ। ਨਾ ਤਾਂ ਉਨ੍ਹਾਂ ਨੂੰ ਐੱਮਐੱਸਪੀ ਮਿਲੀ ਤੇ ਨਾ ਹੀ ਉਨ੍ਹਾਂ ਦੀ ਆਮਦਨ ਦੁੱਗਣੀ ਹੋਈ। ਖੜਗੇ ਨੇ ਕਿਹਾ ਕਿ 2013 'ਚ ਜਦ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਕੇਂਦਰ 'ਚ ਯੂਪੀਏ ਸਰਕਾਰ ਸੀ ਤਾਂ ਉਹ ਕਿਹਾ ਕਰਦੇ ਸਨ ਕਿ ਰੁਪਇਆ ਆਈਸੀਯੂ 'ਚ ਹੈ ਤੇ ਅੱਜ ਰੁਪਇਆ ਵੈਂਟੀਲੇਟਰ 'ਤੇ ਹੈ ਜੋ 87 ਦੇ ਅੰਕੜੇ ਨੂੰ ਪਾਰ ਕਰ ਗਿਆ ਹੈ।

### ਕੁੰਭ 'ਚ ਵਾਪਰੇ ਹਾਦਸੇ 'ਤੇ ਦੋਵਾਂ ਸਦਨਾਂ 'ਚ ਹੰਗਾਮਾ

ਕੁੰਭ ਹਾਦਸੇ 'ਤੇ ਚਰਚਾ ਦੀ ਮੰਗ ਕਰ ਰਹੀਆਂ ਵਿਰੋਧੀ ਪਾਰਟੀਆਂ ਨੇ ਦੋਵਾਂ ਸਦਨਾਂ 'ਚ ਜੰਮ ਕੇ ਹੰਗਾਮਾ ਕੀਤਾ। ਰਾਜ ਸਭਾ 'ਚ ਜਿਵੇਂ ਹੀ ਕਾਰਵਾਈ ਸ਼ੁਰੂ ਹੋਈ, ਚੇਅਰਮੈਨ ਨੇ ਦੱਸਿਆ ਕਿ ਉਨ੍ਹਾਂ ਨੂੰ ਕੁੰਭ ਹਾਦਸੇ ਸਮੇਤ ਹੋਰ ਮਾਮਲਿਆਂ 'ਤੇ ਤਤਕਾਲ ਚਰਚਾ ਲਈ ਨਿਯਮ-267 ਦੇ ਤਹਿਤ ਨੌਂ ਨੋਟਿਸ ਮਿਲੇ ਹਨ, ਪਰ ਉਹ ਉਨ੍ਹਾਂ ਨੂੰ ਨਾਮਨਜ਼ੂਰ ਕਰ ਰਹੇ ਹਨ। ਇਸ 'ਤੇ ਵਿਰੋਧੀ ਪਾਰਟੀਆਂ ਨੇ ਪਹਿਲਾਂ ਰੌਲਾ-ਰੱਪਾ ਪਾਇਆ ਤੇ ਫਿਰ ਕਾਂਗਰਸ, ਸਮਾਜਵਾਦੀ ਪਾਰਟੀ, ਦਰਮੁਕ, ਆਪ, ਆਰਜੇਡੀ, ਸੀਪੀਐੱਮ ਤੇ ਸੀਪੀਆਈ ਦੇ ਮੈਂਬਰਾਂ ਨੇ ਵਾਕਆਊਟ ਕੀਤਾ। ਇਸੇ ਤਰ੍ਹਾਂ ਲੋਕ ਸਭਾ 'ਚ ਵੀ ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਕੁੰਭ ਦੀ ਮੈਨੇਜਮੈਂਟ 'ਚ ਲਾਪਰਵਾਹੀ ਤੇ ਅਸੰਵੇਦਨਸ਼ੀਲਤਾ ਦਾ ਦੋਸ਼ ਲਾਉਂਦੇ ਹੋਏ ਹਾਦਸੇ ਨੂੰ ਲੈ ਕੇ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਕੀਤੀ।

# ਅੰਮ੍ਰਿਤਸਰ 'ਚ ਮੁੜ ਪੁਲਿਸ ਚੌਕੀ 'ਤੇ ਗ੍ਰਨੇਡ ਹਮਲਾ

**ਅੰਮ੍ਰਿਤਸਰ:** ਪੁਲਿਸ ਵਲੋਂ ਥਾਣਿਆਂ ਤੇ ਪੁਲਿਸ ਚੌਕੀਆਂ ਦੀ ਸੁਰੱਖਿਆ ਵਧਾਉਣ ਦੇ ਬਾਵਜੂਦ ਸੋਮਵਾਰ ਰਾਤ ਨੂੰ ਕਰੀਬ ਅੱਠ ਵਜੇ ਬਾਈਕ ਸਵਾਰ ਨੌਜਵਾਨਾਂ ਨੇ ਪੁਲਿਸ ਚੌਕੀ 'ਤੇ ਗ੍ਰਨੇਡ ਸੁੱਟ ਕੇ ਪੁਲਿਸ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। 70 ਦਿਨਾਂ 'ਚ ਜ਼ਿਲ੍ਹੇ 'ਚ ਪੁਲਿਸ ਥਾਣੇ ਤੇ ਚੌਕੀ 'ਤੇ ਗ੍ਰਨੇਡ ਸੁੱਟਣ ਦੀ ਇਹ ਛੇਵੀਂ ਘਟਨਾ ਤੇ ਸੂਬੇ 'ਚ ਦਸਵੀਂ ਘਟਨਾ ਹੈ। ਇਸ ਵਾਰ ਹਮਲਾਵਰਾਂ ਨੇ ਫ਼ਤਿਹਗੜ੍ਹ ਚੂੜੀਆ ਬਾਈਪਾਸ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਇਆ। ਗ੍ਰਨੇਡ ਸੁੱਟੇ ਜਾਣ ਤੋਂ ਤੋਂ ਬਾਅਦ ਪੁਲਿਸ ਟੀਮ ਨੇ ਮੁਲਜ਼ਮਾਂ ਦਾ ਪਿੱਛਾ ਵੀ ਕੀਤਾ ਪਰ ਉਹ ਭੱਜਣ 'ਚ ਕਾਮਯਾਬ ਰਹੇ। ਘਟਨਾ ਵਾਲੀ ਥਾਂ 'ਤੇ ਗ੍ਰਨੇਡ ਦਾ ਕਲਿਪ ਵੀ ਮਿਲਿਆ ਹੈ। ਜ਼ਿਲ੍ਹੇ 'ਚ ਅਲਰਟ ਦਾ ਐਲਾਨ ਕਰ ਦਿੱਤਾ ਗਿਆ ਹੈ। ਓਧਰ, ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਗ੍ਰਨੇਡ ਹਮਲੇ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ਤਿਹਗੜ੍ਹ ਚੂੜੀਆਂ ਬਾਈਪਾਸ ਦੀ ਚੌਕੀ ਕਾਫ਼ੀ ਦਿਨਾਂ ਤੋਂ ਬੰਦ ਹੈ। ਉੱਥੇ ਸਾਡਾ ਨਾਕਾ ਲੱਗਾ ਹੋਇਆ ਸੀ ਤੇ ਕੁਝ ਧਮਾਕੇ ਵਰਗੀ ਆਵਾਜ਼ ਸੁਣਾਈ ਦਿੱਤੀ ਜਿਸ ਨਾਲ ਸੜਕ 'ਤੇ ਥੋੜ੍ਹਾ ਨੁਕਸਾਨ ਹੋਇਆ ਹੈ। ਇਸ ਲਈ ਫੋਰੈਂਸਿਕ ਟੀਮ ਬੁਲਾਈ ਜਾ ਰਹੀ ਹੈ। ਆਸਪਾਸ ਦੀਆਂ ਕੰਧਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਸ ਲਈ ਇਸ ਨੂੰ ਗ੍ਰਨੇਡ ਹਮਲੇ ਵਰਗਾ ਕੁਝ ਨਹੀਂ ਕਿਹਾ ਜਾ ਸਕਦਾ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਜਦੋਂ ਵੀ ਕਿਸੇ ਪੁਲਿਸ ਥਾਣੇ ਤੇ ਚੌਕੀ 'ਤੇ ਹਮਲਾ ਹੋਇਆ ਹੈ ਤਦ ਪੁਲਿਸ ਅਧਿਕਾਰੀ ਪਹਿਲਾਂ ਇਸ ਤੋਂ ਹਮੇਸ਼ਾ ਇਨਕਾਰ ਕਰਦੇ ਰਹੇ ਹਨ। ਹਾਲਾਂਕਿ ਬਾਅਦ 'ਚ ਮੁਲਜ਼ਮਾਂ ਨੂੰ ਫੜਨ ਜਾਂ ਐਨਕਾਊਂਟਰ 'ਚ ਮਾਰ ਦੇਣ ਤੋਂ ਬਾਅਦ ਇਹ ਵੀ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਮੁਲਜ਼ਮਾਂ ਨੇ ਪੁਲਿਸ ਥਾਣੇ ਜਾਂ ਚੌਕੀ 'ਤੇ ਹਮਲਾ ਕੀਤਾ ਸੀ। ਧਮਾਕੇ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਸਰਕਾਰ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਗਏ ਹਨ।

# ਪੰਜਾਬ ਟਾਈਮਜ਼

8 ਫਰਵਰੀ, ਸ਼ਨਿਚਰਵਾਰ

## ਨਸ਼ਿਆਂ ਦਾ ਨਸ਼ਤਰ

ਹਰਿਆ-ਭਰਿਆ, ਰਿਸ਼ਟ-ਪੁਸ਼ਟ ਸਿਹਤਮੰਦ ਪੰਜਾਬ, ਭਗਤੀ-ਸ਼ਕਤੀ ਦਾ ਪੁੰਜ ਪੰਜਾਬ ਹੌਲੀ ਹੌਲੀ ਵਿਹਲੜ ਮਰੀਅਲ ਪੰਜਾਬ ਬਣਦਾ ਜਾ ਰਿਹਾ ਹੈ।

ਸੁਨਹਿਰੇ-ਚਮਕਦੇ ਇਤਿਹਾਸ ਤੇ ਜੰਗਾਲੇ-ਮੁਰਝਾਏ ਵਰਤਮਾਨ ਤੱਕ ਪਹੁੰਚਣ ਵਾਲੇ ਪੰਜਾਬ ਦੇ ਸਫਰ ਦਾ ਕਾਰਨ ਇੱਥੇ ਸਮੇਂ ਸਮੇਂ ਆਈਆਂ ਸਰਕਾਰਾਂ ਦੀਆਂ ਨੀਤੀਆਂ ਹੀ ਹਨ। ਬਹੁਤ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਪੰਜਾਬ ਨੂੰ ਨਸ਼ਿਆਂ ਦੀ ਜ਼ੱਦ ਵਿਚ ਧਕੇਲ ਕੇ ਨਵੀਂ ਪੀੜ੍ਹੀ ਦੀ ਨਸਲਕੁਸ਼ੀ ਕਰਨਾ ਇਨ੍ਹਾਂ ਸਰਕਾਰਾਂ ਦਾ ਲੁਕਵਾਂ ਏਜੰਡਾ ਰਿਹਾ ਹੈ। ਪਿਛਲੀਆਂ ਦੋ ਸਰਕਾਰਾਂ ਪੰਜਾਬ ਵਿਚ ਨਸ਼ੇ ਖ਼ਤਮ ਕਰਨ ਦੇ ਨਾਅਰੇ ਨਾਲ ਸੱਤਾ ਵਿਚ ਆਈਆਂ ਪਰ ਹਰ ਵਾਰ ਨਸ਼ੇ ਪਹਿਲਾਂ ਨਾਲੋਂ ਵੱਧਦੇ ਹੀ ਤੁਰੇ ਗਏ। ਇਸ ਵੇਲੇ ਇਹ ਸਥਿਤੀ ਅਤਿ ਘਿਨਾਉਣੀ ਅਵਸਥਾ ਵਿਚ ਹੈ। ਸੂਬੇ ਦਾ ਹਰ ਤੀਜਾ ਨੌਜਵਾਨ ਨਸ਼ੇ ਦਾ ਸ਼ਿਕਾਰ ਹੋ ਰਿਹਾ ਹੈ। ਪੰਜਾਬ ਦਾ ਕੋਈ ਖੇਤਰ ਅਜਿਹਾ ਨਹੀਂ ਬਚਿਆ, ਜਿੱਥੇ ਨਸ਼ਿਆਂ ਕਾਰਨ ਮੌਤਾਂ ਨਾ ਹੋ ਰਹੀਆਂ ਹੋਣ ਜਾਂ ਨਸ਼ਿਆਂ ਨਾਲ ਲੋਕਾਂ ਦੇ ਪ੍ਰਭਾਵਿਤ ਹੋਣ ਦਾ ਮਾਮਲਾ ਸਾਹਮਣੇ ਨਾ ਆਇਆ ਹੋਵੇ। ਨਸ਼ੇ ਨਾਲ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ। ਸਰਕਾਰ ਦਾਅਵੇ ਜ਼ਰੂਰ ਕਰ ਰਹੀ ਹੈ ਕਿ ਨਸ਼ਿਆਂ ਦਾ ਖ਼ਾਤਮਾ ਕੀਤਾ ਜਾ ਰਿਹਾ ਹੈ। ਪਰ ਜ਼ਮੀਨੀ ਹਾਲਾਤ ਹੋਰ ਹਨ। ਦੂਜੇ ਪਾਸੇ ਚਿੰਤਾ ਵਾਲੀ ਗੱਲ ਇਹ ਹੈ ਕਿ ਨਸ਼ੀਲੀਆਂ ਵਸਤੂਆਂ ਦੀ ਲਗਾਤਾਰ ਵਰਤੋਂ ਕਾਰਨ ਪੰਜਾਬ ਦੀ ਜਵਾਨੀ ਦੇ ਨਾਲ-ਨਾਲ ਹੁਣ ਬਚਪਨ ਵੀ ਖ਼ਰਾਬ ਹੋ ਰਿਹਾ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਵੀ ਇਸ ਨੂੰ ਗੰਭੀਰਤਾ ਨਾਲ ਲੈਂਦਿਆ ਹੋਇਆਂ ਬੀਤੇ ਦਿਨੀਂ ਇਕ ਟਿੱਪਣੀ ਕੀਤੀ ਗਈ ਹੈ ਕਿ ਡਰੱਗ ਤਸਕਰੀ ਕਿਸੇ ਦੀ ਹੱਤਿਆ ਕਰਨ ਨਾਲੋਂ ਵੀ ਵੱਡਾ ਅਪਰਾਧ ਹੈ। ਇਸ ਕਾਰਨ ਪੰਜਾਬ ਦੀ ਜਵਾਨੀ ਬਰਬਾਦ ਹੋ ਰਹੀ ਹੈ। ਅਦਾਲਤ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਸੂਬੇ ਵਿਚ ਹੈਰੋਇਨ ਦੀ ਤਸਕਰੀ ਅਚਾਨਕ ਵਧ ਗਈ ਹੈ। ਜਿਸ ਕਾਰਨ ਤਰ੍ਹਾਂ ਤਰ੍ਹਾਂ ਦੇ ਨਸ਼ੇ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ। ਅਦਾਲਤ ਦਾ ਕਹਿਣਾ ਹੈ ਕਿ ਨਸ਼ਾ ਖ਼ਤਮ ਨਾ ਹੋਣ ਪਿੱਛੇ ਸਰਕਾਰ ਦੀ ਢਿੱਲ੍ਹ ਵੀ ਇਕ ਕਾਰਨ ਹੈ। ਅਦਾਲਤ ਦੀਆਂ ਇਹ ਟਿੱਪਣੀਆਂ ਬੇਹੱਦ ਅਹਿਮ ਹਨ।

ਪੰਜਾਬ ਵਿਚ ਨਸ਼ਿਆਂ ਖਿਲਾਫ਼ ਆਵਾਜ਼ ਚੁੱਕਣ ਵਾਲਿਆਂ ਨੂੰ ਵੀ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਅਤੇ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਦਿਨਾਂ ਵਿਚ ਸਾਹਮਣੇ ਆਈਆਂ ਦਿਲਕੰਬਾਊ ਖਬਰਾਂ ਅਜੇ ਵੀ ਤਾਜ਼ਾ ਹਨ। ਬਠਿੰਡਾ 'ਚ ਸ਼ਿਕਾਇਤ ਕਰਨ ਵਾਲਿਆਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ। ਚੰਡੀਗੜ੍ਹ 'ਚ ਤਸਕਰਾਂ ਨੇ ਆਪਣੇ ਸਾਥੀ ਨੂੰ ਪੁਲਿਸ ਦੀ ਹਿਰਾਸਤ 'ਚੋਂ ਛੁਡਾ ਲਿਆ। ਹਾਈ ਕੋਰਟ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਅਤੇ ਨਸ਼ੇ ਦੇ ਵਧਦੇ ਮਾਮਲਿਆਂ ਤੋਂ ਅੱਕੇ ਹੋਏ ਲੋਕਾਂ ਨੂੰ ਆਪਣੇ ਪੱਧਰ 'ਤੇ ਫੈਸਲੇ ਕਰਨੇ ਪੈ ਰਹੇ ਹਨ। ਪਿੰਡਾਂ ਦੀਆਂ ਜੂਹਾਂ 'ਤੇ ਪਹਿਰੇ ਤੱਕ ਲਗਾਉਣੇ ਪੈ ਰਹੇ ਹਨ ਤਾਂ ਜੋ ਨਸ਼ਾ ਸਪਲਾਈ ਕਰਨ ਆਏ ਤਸਕਰਾਂ ਨੂੰ ਨੱਪਿਆ ਜਾ ਸਕੇ। ਇਸ ਤਰ੍ਹਾਂ ਦੇ ਮਾਮਲੇ ਵੀ ਸਾਹਮਣੇ ਆਏ ਹਨ, ਜਿੱਥੇ ਨਸ਼ਾ ਤਸਕਰਾਂ ਨੂੰ ਜ਼ਮਾਨਤਾਂ ਮਿਲ ਗਈਆਂ ਤੇ ਉਨ੍ਹਾਂ ਵੱਲੋਂ ਮੁੜ ਆਪਣੇ ਗਲਤ ਕੰਮ ਸ਼ੁਰੂ ਕਰ ਲਏ ਗਏ।

ਸਰਹੱਦ ਪਾਰ ਤੋਂ ਵੀ ਨਸ਼ਾ ਸਪਲਾਈ ਹੋਣ ਦੀਆਂ ਘਟਨਾਵਾਂ ਨਹੀਂ ਰੁਕ ਰਹੀਆਂ ਹਨ। ਪਾਕਿਸਤਾਨ ਤੋਂ ਡਰੋਨਾਂ ਤੇ ਪਾਈਪਾਂ ਰਾਹੀਂ ਕੰਡਿਆਲੀ ਤਾਰ ਦੇ ਲਾਗਲੇ ਖੇਤਾਂ ਵਿਚ ਹੈਰੋਇਨ ਸੁੱਟੀ ਜਾ ਰਹੀ ਹੈ। ਜਿਸ ਨੂੰ ਬੀ.ਐੱਸ.ਐੱਫ. ਵੱਲੋਂ ਜ਼ਬਤ ਵੀ ਕੀਤਾ ਜਾ ਰਿਹਾ ਹੈ। ਖੇਤਾਂ ਵਿਚ ਡਿੱਗੀਆਂ ਹੈਰੋਇਨ ਦੀਆਂ ਖੇਪਾਂ ਕਾਰਨ ਸਰਹੱਦੀ ਇਲਾਕਿਆਂ 'ਚ ਕੰਮ ਕਰਨ ਵਾਲੇ ਕਿਸਾਨ ਵੀ ਸ਼ੱਕ ਦੇ ਘੇਰੇ 'ਚ ਆ ਰਹੇ ਹਨ ਤੇ ਉਨ੍ਹਾਂ ਦਾ ਕੰਮ ਵੀ ਪ੍ਰਭਾਵਿਤ ਹੋ ਰਿਹਾ ਹੈ। ਮਸਲਾ ਇਹ ਨਹੀਂ ਹੈ ਕਿ ਵੱਡੇ ਮਗਰਮੱਛ ਫੜੇ ਨਹੀਂ ਜਾ ਰਹੇ ਸਗੋਂ ਇਸ ਗੱਲ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ ਕਿ ਨੌਜਵਾਨਾਂ ਦਾ ਨਸ਼ਿਆਂ ਵੱਲ ਰੁਝਾਨ ਰੁਕਣ ਦਾ ਨਾਂ ਕਿਉਂ ਨਹੀਂ ਲੈ ਰਿਹਾ ਹੈ। ਸਮਾਜ ਵਿਰੋਧੀ ਅਨਸਰਾਂ ਨੂੰ ਕਾਨੂੰਨ ਨਾਲ ਹੀ ਡੱਕਿਆ ਜਾ ਸਕਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਬਿਨਾਂ ਦੇਰੀ ਨੌਜਵਾਨੀ 'ਤੇ ਧਿਆਨ ਕੇਂਦਰਿਤ ਕਰ ਕੇ ਉਨ੍ਹਾਂ 'ਚ ਵਧ ਰਹੀ ਨਸ਼ਿਆਂ ਦੀ ਬਿਰਤੀ ਨੂੰ ਰੋਕਣ ਲਈ ਕਦਮ ਚੁੱਕੇ ਜਾਣ। ਨਸ਼ਿਆਂ ਨੂੰ ਠੱਲ੍ਹ ਤਾਂ ਪਾਈ ਹੀ ਜਾਣੀ ਚਾਹੀਦੀ ਹੈ। ਇਹ ਵੀ ਚਿੰਤਨ-ਮੰਥਨ ਹੋਣਾ ਚਾਹੀਦਾ ਹੈ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਨੌਜਵਾਨ ਜਾਂ ਹੋਰ ਵਰਗ ਨਸ਼ਿਆਂ ਵੱਲ ਖਿੱਚੇ ਚਲੇ ਜਾਂਦੇ ਹਨ। ਨੌਜਵਾਨਾਂ ਨੂੰ ਮਾਨਸਿਕ ਪੱਖੋਂ ਮਜ਼ਬੂਤ ਬਣਾਉਣ ਲਈ ਸਰਕਾਰ ਨੂੰ ਅਸਰਦਾਰ ਨੀਤੀਆਂ ਘੜਨ ਦੀ ਲੋੜ ਹੈ। ਰੁਜ਼ਗਾਰ ਦੇ ਮੌਕੇ ਪੈਦਾ ਹੋਣੇ ਚਾਹੀਦੇ ਹਨ ਤੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਤੇ ਕਸਬਿਆਂ 'ਚ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ। ਪਰ ਕੀ ਮੌਜੂਦਾ ਸਰਕਾਰ ਕੋਲ ਅਜੇਹਾ ਵਿਜ਼ਨ ਅਤੇ ਅਜੇਹੀ ਇੱਛਾ ਸ਼ਕਤੀ ਮੌਜੂਦ ਹੈ? ਸਿਰਫ਼ ਨਾਹਰਿਆਂ ਅਤੇ ਦਾਅਵਿਆਂ ਨਾਲ ਇਹ ਸਥਿਤੀ ਬਦਲਣੀ ਮੁਸ਼ਕਿਲ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਰਦਾਰੀ ਡਾਲਰ ਦੀ?

ਸੁਣਦੇ ਆਏ ਸਾਂ 'ਧੌਂਸ' ਅਮਰੀਕਣਾਂ ਦੀ, ਦੁਨੀਆ ਭਰ ਦੇ ਵਿਚ ਹੀ 'ਚੱਲਦੀ' ਏ।
ਜਿਸ ਦਿਨ ਦਾ ਸਾਹਿਬ ਟਰੰਪ ਆਇਆ, ਹਾਲਤ ਸਾਰੇ ਥਾਂਹ ਬਣੀ ਤਰਥੱਲ੍ਹ ਦੀ ਏ।
'ਦਬਕਾ' ਕਿਸੇ ਨੂੰ ਵੱਜਿਆ 'ਟੈਰਿਫਾਂ' ਦਾ, ਦੇਖੋ ਕਿਹੜੀ ਸਰਕਾਰ ਇਹ 'ਝੱਲਦੀ' ਏ।
ਪਾਵਰ ਫੁੱਲ 'ਕਰੰਸੀ' ਹਾਂ ਵਿਸ਼ਵ ਭਰ ਦੀ, ਟੋਨ ਡਾਲਰ ਦੀ ਮੈਸੇਜ ਇਹ ਘੱਲਦੀ ਏ।
ਆ ਗਏ 'ਗ਼ੈਰ-ਕਾਨੂੰਨੀ' ਪ੍ਰਵਾਸੀਆਂ ਦੀ, ਕਿਸਮਤ ਜਾਪਦੀ ਉਨ੍ਹਾਂ ਦੀ 'ਰੋਣ' ਲੱਗੀ।
ਹਾਕਮ ਵਿਚ ਅਮਰੀਕਾ ਕੀ ਬਦਲਿਆ ਏ, ਉਸਦੀ 'ਚਰਚਾ' ਸੰਸਾਰ ਵਿਚ ਹੋਣ ਲੱਗੀ!

# ਅਲਵਿਦਾ ਜ਼ਕੀਆ ਜਾਫ਼ਰੀ!

ਜ਼ਕੀਆ ਜਾਫ਼ਰੀ ਨਹੀਂ ਰਹੇ। ਇਕ ਫਰਵਰੀ ਨੂੰ ਆਪਣੀ ਬੇਟੀ ਕੋਲ ਅਹਿਮਦਾਬਾਦ ਵਿਖੇ ਰਹਿੰਦਿਆਂ ਥੋੜ੍ਹਾ ਜਿਹਾ ਬੀਮਾਰ ਹੋਣ ਤੋਂ ਬਾਅਦ 86 ਸਾਲ ਦੀ ਉਮਰ 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਆਪਣੀ ਹਿੰਮਤ, ਸਿਦਕ ਅਤੇ ਸਿਰੜ ਨਾਲ ਮੁਲਕ ਦੇ ਇਕ ਸਭ ਤੋਂ ਕਰੂਰ ਹੁਕਮਰਾਨ ਵਿਰੁੱਧ ਨਿਆਂ ਦੀ ਲੜਾਈ ਲੜਦਿਆਂ ਉਹ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਦੇ ਤੁਰ ਜਾਣ ਨਾਲ ਬਦੀ ਵਿਰੁੱਧ ਸੰਘਰਸ਼ ਦਾ ਇਕ ਸਫ਼ਾ ਪੂਰਾ ਹੋ ਗਿਆ ਹੈ। ਭਾਰਤੀ ਅਦਾਲਤਾਂ ਨੇ ਉਨ੍ਹਾਂ ਨੂੰ ਨਿਆਂ ਨਹੀਂ ਦਿੱਤਾ ਪਰ ਉਨ੍ਹਾਂ ਦੇ ਸਿਰੜ ਨੇ ਹਾਰ ਨਹੀਂ ਮੰਨੀ ਅਤੇ ਅੰਤਮ ਸਵਾਸਾਂ ਤੱਕ ਨਿਆਂ ਲਈ ਸੰਘਰਸ਼ ਜਾਰੀ ਰੱਖਿਆ।

ਜ਼ਕੀਆ ਜਾਫ਼ਰੀ ਗੁਜਰਾਤ ਤੋਂ ਕਾਂਗਰਸ ਦੇ ਆਗੂ ਅਹਿਸਾਨ ਜਾਫ਼ਰੀ ਦੀ ਪਤਨੀ ਸਨ। ਫਰਵਰੀ 2002 'ਚ ਜਦੋਂ ਮੁਸਲਮਾਨਾਂ ਨੂੰ ਕਤਲੇਆਮ ਤੋਂ ਬਚਾਉਣ ਦੇ ਸਿਰਤੋੜ ਯਤਨ ਕਰਦਿਆਂ ਜ਼ਕੀਆ ਦੇ ਪਤੀ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਹਿੰਦੂ ਜਨੂੰਨੀ ਭੀੜਾਂ ਵੱਲੋਂ ਬੇਕਿਰਕੀ ਨਾਲ ਟੋਟੇ-ਟੋਟੇ ਕਰਕੇ ਅੱਗ ਲਾ ਦਿੱਤੀ ਗਈ, ਓਦੋਂ ਉਸਦੀ ਉਮਰ 63 ਸਾਲ ਦੀ ਸੀ। ਇਸ ਕਤਲੇਆਮ ਨਾਲ ਇਤਿਹਾਸ ਵਿਚ ਉਸਦੀ ਅਗਲੇਰੀ ਜ਼ਿੰਦਗੀ ਦੀ ਭੂਮਿਕਾ ਤੈਅ ਹੋ ਗਈ।

ਓਦੋਂ ਗੁਜਰਾਤ ਵਿਚ ਭਾਜਪਾ ਦੀ ਸਰਕਾਰ ਸੀ ਅਤੇ ਨਰਿੰਦਰ ਮੋਦੀ ਮੁੱਖ ਮੰਤਰੀ ਸੀ। ਜਾਂਚ ਦੌਰਾਨ ਇਸ ਦਾਅਵੇ ਦੀ ਪੁਸ਼ਟੀ ਕਰਨ ਵਾਲੇ ਸਬੂਤ ਰਿਕਾਰਡ ਉੱਪਰ ਆ ਚੁੱਕੇ ਹਨ ਕਿ ਗੋਧਰਾ ਟਰੇਨ ਅੱਗਜ਼ਨੀ ਕਾਂਡ ਤੋਂ ਬਾਅਦ ਮੋਦੀ ਵੱਲੋਂ ਆਪਣੀ ਰਿਹਾਇਸ਼ ਉੱਪਰ ਸੀਨੀਅਰ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਜ਼ਬਾਨੀ ਹਦਾਇਤ ਕੀਤੀ ਗਈ ਸੀ ਕਿ 'ਹਿੰਦੂਆਂ ਨੂੰ ਆਪਣਾ ਗੁੱਸਾ ਕੱਢ ਲੈਣ ਦਿਓ!' ਮਈ 2014 'ਚ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਜਦੋਂ ਉਸ ਨੇ ਭਾਰਤ ਦੀ ਪਾਰਲੀਮੈਂਟ ਵਿਚ ਖੜ੍ਹ ਕੇ '1200 ਵਰਸ਼ ਕੀ ਗ਼ੁਲਾਮੀ' ਨੂੰ ਖ਼ਤਮ ਕਰਨ ਦਾ ਡੰਕਾ ਵਜਾਇਆ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਫਰਵਰੀ 2002 'ਚ ਉਸ ਦੀ ਸਰਕਾਰ ਕਿਸ 'ਗ਼ੁਲਾਮੀ' ਦੀਆਂ ਜ਼ੰਜੀਰਾਂ ਤੋੜਨ 'ਚ ਜੁਟੀ ਹੋਈ ਸੀ।

27 ਫਰਵਰੀ 2002 ਨੂੰ ਗੋਧਰਾ ਰੇਲਵੇ ਸਟੇਸ਼ਨ ਉੱਪਰ ਟਰੇਨ ਦੇ ਡੱਬੇ ਨੂੰ ਅਚਾਨਕ ਅੱਗ ਲੱਗ ਜਾਣ ਕਾਰਨ 58 ਕਾਰਸੇਵਕ ਜਿਉਂਦੇ ਸੜ ਗਏ ਸਨ ਜੋ ਅਯੁੱਧਿਆ ਤੋਂ ਵਾਪਸ ਆ ਰਹੇ ਸਨ। ਅਗਜ਼ਨੀ ਕਾਂਡ ਦੀ ਕੋਈ ਜਾਂਚ ਕਰਾਏ ਬਿਨਾਂ ਹੀ ਮੋਦੀ ਸਰਕਾਰ ਨੇ ਇਸਦਾ ਦੋਸ਼ ਮੁਸਲਮਾਨਾਂ ਸਿਰ ਮੜ੍ਹ ਦਿੱਤਾ ਸੀ ਅਤੇ ਅੰਦਰੋ-ਅੰਦਰੀ ਲੰਮੇ ਸਮੇਂ ਤੋਂ ਤਿਆਰੀ ਕਰ ਰਹੇ ਸੰਘ ਪਰਿਵਾਰ ਨੇ ਤੁਰੰਤ ਮੌਕਾ ਸਾਂਭ ਕੇ ਪੂਰੀ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਸਮੁੱਚੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਅਤੇ ਤਬਾਹੀ ਦੀ ਮੁਹਿੰਮ ਵਿੱਢ ਦਿੱਤੀ ਸੀ। ਅੱਜ ਤੱਕ ਕਿਸੇ ਜਾਂਚ ਵਿਚ ਇਹ ਸਾਹਮਣੇ ਨਹੀਂ ਆਇਆ ਕਿ ਕਿਸੇ ਮੁਸਲਮਾਨ ਦਾ ਗੋਧਰਾ ਅੱਗਜ਼ਨੀ ਕਾਂਡ ਵਿਚ ਹੱਥ ਸੀ। ਆਰ.ਐੱਸ.ਐੱਸ. ਦੇ ਰਾਜਨੀਤਕ ਵਿੰਗ ਭਾਜਪਾ ਵੱਲੋਂ ਮੁਸਲਮਾਨਾਂ ਵਿਰੁੱਧ ਝੂਠਾ ਬਿਰਤਾਂਤ ਸਿਰਜ ਕੇ ਫਿਰਕੂ ਜ਼ਹਿਰ ਫੈਲਾਈ ਗਈ ਅਤੇ ਇਸ ਨੂੰ ਸੱਤਾ ਵਿਚ ਬਣੇ ਰਹਿਣ ਲਈ ਵਰਤਿਆ ਗਿਆ। ਇਸ ਭਗਵਾ ਰਾਜਨੀਤਕ ਗੇਮ ਨੇ ਹਜ਼ਾਰਾਂ ਬੇਕਸੂਰ ਮੁਸਲਮਾਨਾਂ ਨੂੰ ਮਾਰ ਕੇ ਅਤੇ ਉਜਾੜ ਕੇ ਰੱਜ ਕੇ ਰਾਜਨੀਤਕ ਲਾਹਾ ਲਿਆ ਅਤੇ ਮੋਦੀ ਨੇ 'ਮਜ਼ਬੂਤ ਆਗੂ' ਵਾਲਾ ਬੇਕਿਰਕ ਚਿਹਰਾ ਸਥਾਪਤ ਕੀਤਾ।

ਅਹਿਮਦਬਾਦ ਦੀ ਗੁਲਬਰਗ ਸੁਸਾਇਟੀ ਦੇ ਵਸਨੀਕ ਅਹਿਸਾਨ ਜਾਫ਼ਰੀ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਰਹਿ ਚੁੱਕੇ ਸਨ ਅਤੇ ਰਾਜਨੀਤਕ ਤੇ ਪ੍ਰਸਾਸਨਿਕ ਹਲਕਿਆਂ 'ਚ ਜਾਣੀ-ਪਛਾਣੀ ਸ਼ਖ਼ਸੀਅਤ ਸਨ। ਇਹ ਸੁਭਾਵਿਕ ਸੀ ਕਿ ਚਾਰੇ ਪਾਸਿਓਂ ਲਹੂ ਦੀਆਂ ਤਿਹਾਈਆਂ ਜਨੂੰਨੀ ਭੀੜਾਂ ਨਾਲ ਘਿਰੇ ਅਤੇ ਕਤਲੇਆਮ, ਲੁੱਟਮਾਰ, ਅੱਗਜ਼ਨੀ ਤੇ ਸਮੂਹਿਕ ਬਲਾਤਕਾਰਾਂ ਦਾ ਸ਼ਿਕਾਰ ਹੋ ਰਹੇ ਗੁਲਬਰਗ ਸੁਸਾਇਟੀ ਦੇ ਮੁਸਲਮਾਨ ਅਹਿਸਾਨ ਜਾਫ਼ਰੀ ਦਾ ਆਸਰਾ ਤੱਕਦੇ। ਜਾਫ਼ਰੀ ਸਾਹਿਬ ਨੇ ਵੀ ਆਪਣੇ ਪੱਧਰ 'ਤੇ ਹਰ ਜਾਣ-ਪਛਾਣ ਵਾਲੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਨੂੰ ਵਾਰ-ਵਾਰ ਫ਼ੋਨ ਕਰਕੇ ਖ਼ੂਨੀ ਭੀੜਾਂ ਨੂੰ ਰੋਕਣ ਲਈ ਸੁਰੱਖਿਆ ਮੁਹੱਈਆ ਕਰਾਉਣ ਲਈ ਹਾੜੇ ਕੱਢੇ। ਇੱਥੋਂ ਤੱਕ ਕਿ ਤੱਤਕਾਲੀ ਮੁੱਖ ਮੰਤਰੀ ਮੋਦੀ ਨੂੰ ਵੀ ਫ਼ੋਨ ਕੀਤਾ ਅਤੇ ਅੱਗੋਂ ਜਵਾਬ ਸੁਣ ਕੇ ਉਨ੍ਹਾਂ ਨੇ ਫ਼ੋਨ ਰੱਖ ਦਿੱਤਾ, ਇਸਦੀ ਗਵਾਹ ਉਨ੍ਹਾਂ ਦੀ ਗੁਆਂਢਣ ਰੂਪਾ ਮੋਦੀ ਸੀ। ਤਤਕਾਲੀ ਪੁਲਿਸ ਕਮਿਸ਼ਨਰ ਖ਼ੁਦ ਗੁਲਬਰਗ ਸੁਸਾਇਟੀ ਵਿਚ ਆਇਆ ਅਤੇ ਸੁਰੱਖਿਆ ਲਈ ਪੁਲਿਸ ਦੇ ਦਸਤੇ ਭੇਜਣ ਦਾ ਭਰੋਸਾ ਦੇ ਕੇ ਤੁਰ ਗਿਆ। ਸੁਰੱਖਿਆ ਕਿਸ ਨੇ ਭੇਜਣੀ ਸੀ, ਪੁਲਿਸ-ਪ੍ਰਸ਼ਾਸਨ ਤਾਂ ਮੋਦੀ ਵਜ਼ਾਰਤ ਦੇ ਹੁਕਮਾਂ ਦੀ ਤਾਮੀਲ ਕਰਦਾ ਹੋਇਆ ਮੂਕ ਦਰਸ਼ਕ ਬਣਿਆ ਹੋਇਆ ਸੀ, ਕਈ ਥਾਈਂ ਤਾਂ ਵਿਰੋਧ ਕਰ ਰਹੇ ਮੁਸਲਮਾਨਾਂ ਨੂੰ ਘੇਰ ਕੇ ਕਾਤਲ




ਭੀੜਾਂ ਦੇ ਹਵਾਲੇ ਕਰਨ 'ਚ ਹੱਥ ਵੀ ਵਟਾ ਰਿਹਾ ਸੀ। ਜਿੱਧਰ ਕਤਲੇਆਮ ਹੋ ਰਿਹਾ ਹੁੰਦਾ, ਪੁਲਿਸ ਉਸ ਤੋਂ ਉਲਟ ਦਿਸ਼ਾ 'ਚ ਭੇਜੀ ਜਾਂਦੀ। ਕਿਸੇ ਪਾਸਿਓਂ ਕੋਈ ਮੱਦਦ ਨਾ ਮਿਲਣ ਕਾਰਨ ਲਾਚਾਰ ਹੋ ਕੇ ਜਾਫ਼ਰੀ ਘਰ ਤੋਂ ਬਾਹਰ ਆ ਗਏ ਅਤੇ 28 ਫਰਵਰੀ ਨੂੰ ਜਨੂੰਨੀ ਭੀੜ ਵੱਲੋਂ ਤਿੰਨ ਪੁਲਿਸ ਵੈਨਾਂ ਦੀ ਮੌਜੂਦਗੀ 'ਚ ਜਾਫ਼ਰੀ ਸਮੇਤ 69 ਮੁਸਲਮਾਨ ਬੇਕਿਰਕੀ ਨਾਲ ਵੱਢ ਕੇ ਮਾਰ ਦਿੱਤੇ ਗਏ। ਘਰ ਦੇ ਬਿਲਕੁਲ ਉੱਪਰਲੇ ਹਿੱਸੇ ਵਿਚ ਹੋਣ ਕਾਰਨ ਜ਼ਕੀਆ ਜਾਫ਼ਰੀ ਦੀ ਜਾਨ ਬਚ ਗਈ। ਉਹ ਜਿਉਂਦੇ ਬਚ ਗਏ ਕੁਝ ਕੁ ਵਿਅਕਤੀਆਂ ਵਿੱਚੋਂ ਇਕ ਸੀ, ਜੋ ਉਸ ਕਰੂਰਤ ਦੇ ਚਸ਼ਮਦੀਦ ਗਵਾਹ ਸਨ।

ਗੋਧਰਾ ਕਾਂਡ ਤੋਂ ਅਗਲੇ ਦਿਨਾਂ 'ਚ ਮੋਦੀ ਸਰਕਾਰ ਦੀ ਨਿਗਰਾਨੀ ਹੇਠ ਮੁਸਲਮਾਨਾਂ ਦੀ ਗਿਣੀ-ਮਿਥੀ ਨਸਲਕੁਸ਼ੀ ਦੀਆਂ 300 ਦੇ ਕਰੀਬ ਹੌਲਨਾਕ ਘਟਨਾਵਾਂ ਸਾਹਮਣੇ ਆਈਆਂ। ਦੁਨੀਆ ਭਰ 'ਚ ਸੱਤਾਧਾਰੀ ਭਾਜਪਾ ਦੀ ਭੂਮਿਕਾ ਉੱਪਰ ਤਿੱਖੇ ਸਵਾਲ ਉੱਠਣ ਕਾਰਨ ਮੋਦੀ ਸਰਕਾਰ ਨੇ ਆਪਣੀ ਭੂਮਿਕਾ ਨੂੰ ਲੁਕੋਣ ਲਈ ਪੂਰੀ ਰਾਜ ਮਸ਼ੀਨਰੀ ਝੋਕ ਦਿੱਤੀ। ਜਾਂਚ ਕਮਿਸ਼ਨਾਂ ਅਤੇ ਨਾਮਨਿਹਾਦ ਅਦਾਲਤੀ ਪ੍ਰਕਿਰਿਆ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਹਰ ਹਰਬਾ ਵਰਤਿਆ ਗਿਆ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਸਮੇਤ ਸਰਕਾਰੀ ਜਾਂਚ ਕਮਿਸ਼ਨਾਂ ਨੇ ਸੱਚ ਉੱਪਰ ਪਰਦਾਪੋਸ਼ੀ ਦੀ ਭੂਮਿਕਾ ਬਖ਼ੂਬੀ ਨਿਭਾਈ। ਇਹ ਨਿਧੜਕ ਪੱਤਰਕਾਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ ਜਿਨ੍ਹਾਂ ਨੇ ਸੱਤਾ ਦੇ ਜਾਬਰ ਪ੍ਰਤੀਕਰਮ ਤੋਂ ਬੇਪ੍ਰਵਾਹ ਹੋ ਕੇ ਤੱਥ ਸਾਹਮਣੇ ਲਿਆਂਦੇ ਅਤੇ ਨਿਆਂ ਲੈਣ ਲਈ ਮਜ਼ਲੂਮ ਮੁਸਲਮਾਨ ਭਾਈਚਾਰੇ ਨਾਲ ਡੱਟ ਕੇ ਖੜ੍ਹੇ। ਰਾਣਾ ਅਯੂਬ, ਤੀਸਤਾ ਸੀਤਲਵਾੜ, ਸੰਜੀਵ ਭੱਟ ਸਮੇਤ ਬਹੁਤ ਸਾਰੇ ਪੱਤਰਕਾਰਾਂ ਤੇ ਨਿਆਂਪਸੰਦਾਂ ਨੇ ਆਪਣੀ ਜਾਨ ਜ਼ੋਖ਼ਮ ਵਿਚ ਪਾ ਕੇ ਅਤੇ ਆਪਣੇ ਭਵਿੱਖ ਦਾਅ 'ਤੇ ਲਾ ਕੇ ਤੱਥ ਜੱਗ ਜ਼ਾਹਰ ਕੀਤੇ।

ਜ਼ਕੀਆ ਨੇ ਬਹੁਤ ਵੱਡਾ ਜੇਰਾ ਕਰਕੇ ਅਸਹਿ ਸਦਮੇ ਨੂੰ ਝੱਲਿਆ ਅਤੇ ਨਿਆਂਪਸੰਦ ਕਾਰਕੁਨਾਂ ਦੀ ਮੱਦਦ ਨਾਲ ਕਾਤਲਾਂ ਤੇ ਉਨ੍ਹਾਂ ਦੇ ਰਾਜਕੀ ਸਰਪ੍ਰਸਤਾਂ ਵਿਰੁੱਧ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ। ਉਨ੍ਹਾਂ ਦੀ ਕਾਨੂੰਨੀ ਲੜਾਈ ਵਿਅਕਤੀਗਤ ਨਿਆਂ ਤੋਂ ਪਾਰ ਸਮੂਹ ਮਜ਼ਲੂਮਾਂ ਲਈ ਨਿਆਂ ਦੀ ਲੜਾਈ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਨਿਆਂ ਲਈ ਉਨ੍ਹਾਂ ਦਾ ਮੱਥਾ ਕਿਸ ਤਰ੍ਹਾਂ ਦੀ ਖ਼ੌਫ਼ਨਾਕ ਤਾਕਤ ਨਾਲ ਲੱਗਣ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ।

8 ਜੂਨ 2006 ਨੂੰ ਜ਼ਕੀਆ ਜਾਫ਼ਰੀ ਵੱਲੋਂ ਨਰਿੰਦਰ ਮੋਦੀ ਸਮੇਤ 63 ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਾਈ ਗਈ। ਸੁਣਵਾਈ ਨਾ ਹੋਣ 'ਤੇ ਪਹਿਲਾਂ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ 'ਚ ਪਹੁੰਚ ਕੀਤੀ ਗਈ। ਜਿਸ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਸਿੱਟ ਨੂੰ ਜਾਂਚ ਦੇ ਆਦੇਸ਼ ਦਿੱਤੇ। ਸਿੱਟ ਨੇ ਆਪਣੇ ਰਾਜਨੀਤਕ ਬੌਸਾਂ ਦੇ ਆਦੇਸ਼ ਅਨੁਸਾਰ ਜ਼ਕੀਆ ਦਾ ਪੱਖ ਸੁਣੇ ਬਿਨਾ ਹੀ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਅਤੇ ਉਲਟਾ ਅਹਿਸਾਨ ਜਾਫ਼ਰੀ ਨੂੰ ਹੀ ਹਿੰਸਾ ਲਈ ਜ਼ਿੰਮੇਵਾਰ ਠਹਿਰਾ ਦਿੱਤਾ ਗਿਆ। ਜ਼ਕੀਆ ਦੇ ਪੁੱਤਰ ਤਨਵੀਰ, ਕੇਸ ਦੀ ਪੈਰਵਾਈ ਕਰ ਰਹੇ ਕਾਰਕੁਨਾਂ ਤੀਸਤਾ ਸੀਤਲਵਾੜ ਅਤੇ ਉਨ੍ਹਾਂ ਦੇ ਪਤੀ ਜਾਵੇਦ ਆਨੰਦ ਨੂੰ ਝੂਠੇ ਕੇਸਾਂ 'ਚ ਫਸਾਇਆ ਗਿਆ। ਮੋਦੀ ਦੀ ਭੂਮਿਕਾ ਨੰਗੀ ਕਰਨ ਵਾਲੇ ਪੁਲਿਸ ਅਧਿਕਾਰੀ ਸੰਜੀਵ ਭੱਟ ਨੂੰ ਜੇਲ੍ਹ ਵਿਚ ਡੱਕਿਆ ਹੋਇਆ ਹੈ। ਬੇਸ਼ੱਕ ਕਾਂਗਰਸ ਦੀ ਯੂ.ਪੀ.ਏ. ਸਰਕਾਰ ਦੇ ਤਹਿਤ ਵੀ ਜਾਂਚ ਅਤੇ ਅਦਾਲਤੀ ਅਮਲ ਮਜ਼ਲੂਮਾਂ ਨੂੰ ਦਬਾਉਣ ਉੱਪਰ ਹੀ ਕੇਂਦਰਤ ਸੀ, ਪਰ 2014 'ਚ ਕੇਂਦਰ ਵਿਚ ਸੱਤਾ ਵਿਚ ਆ ਕੇ ਮੋਦੀ-ਸ਼ਾਹ ਵੱਲੋਂ ਪੂਰਾ ਕੇਸ ਪੱਕੇ ਤੌਰ 'ਤੇ ਮੈਨੇਜ ਕਰ ਲਿਆ ਗਿਆ। ਆਖ਼ਿਰਕਾਰ ਸੁਪਰੀਮ ਕੋਰਟ ਵੱਲੋਂ ਵੀ ਜ਼ਕੀਆ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਅਤੇ ਮੋਦੀ ਨੇ ਸੁਪਰੀਮ ਕੋਰਟ ਤੋਂ ਕਲੀਨ ਚਿੱਟ ਹਾਸਲ ਕਰ ਲਈ।

ਇਹ ਚੇਤੇ ਰੱਖਣਾ ਹੋਵੇਗਾ ਕਿ ਸੁਪਰੀਮ ਕੋਰਟ ਨਿਆਂ ਲਈ ਇਸ ਅਡੋਲ ਲੜਾਈ ਪਿੱਛੇ 'ਸਰਕਾਰ ਵਿਰੁੱਧ ਸਾਜ਼ਿਸ਼' ਦੇਖਣੀ ਨਹੀਂ ਭੁੱਲੀ। ਇਸਦੇ ਬਾਵਜੂਦ ਕਿ ਖ਼ੁਦ ਸੁਪਰੀਮ ਕੋਰਟ ਨੇ ਬੈਸਟ ਬੇਕਰੀ ਕਤਲੇਆਮ ਕੇਸ 'ਚ ਟਿੱਪਣੀ ਕਰਦਿਆਂ ਮੋਦੀ ਦੀ ਗੁਜਰਾਤ ਸਰਕਾਰ ਨੂੰ 'ਅਜੋਕਾ ਨੀਰੋ' ਕਿਹਾ ਸੀ ਅਤੇ ਸਾਬਕਾ ਰਾਸ਼ਟਰਪਤੀ ਕੇ.ਆਰ. ਨਰਾਇਣਨ ਵੱਲੋਂ ਨਾਨਾਵਤੀ-ਸ਼ਾਹ ਕਮਿਸ਼ਨ ਨੂੰ ਲਿਖੀ ਚਿੱਠੀ ਵਿਚ ਸਪਸ਼ਟ ਕਿਹਾ ਗਿਆ ਸੀ ਕਿ 'ਗੁਜਰਾਤ ਦੰਗਿਆਂ ਪਿੱਛੇ ਰਾਜ ਅਤੇ ਕੇਂਦਰ ਸਰਕਾਰਾਂ ਦਾ ਹੱਥ' ਸੀ। ਫਿਰ ਸਰਕਾਰ ਵਿਰੁੱਧ ਸਾਜ਼ਿਸ਼ ਦੇ ਝੂਠੇ ਕੇਸ 'ਚ ਉਲਝਾ ਕੇ ਤੀਸਤਾ ਅਤੇ ਪੁਲਿਸ ਅਧਿਕਾਰੀ ਆਰ.ਬੀ.ਸ੍ਰੀਕੁਮਾਰ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ ਤਾਂ ਜੋ ਹੋਰ ਨਿਆਂ-ਪਸੰਦ ਵੀ ਬਦਲਾਖ਼ੋਰੀ ਦੀ ਇਸ ਖ਼ੌਫ਼ਨਾਕ ਮਿਸਾਲ ਤੋਂ ਸਬਕ ਸਿੱਖ ਕੇ ਆਪਣੀ ਜ਼ਬਾਨ ਬੰਦ ਕਰ ਲੈਣ। ਬੜੀ ਮੁਸ਼ਕਲ ਨਾਲ ਉਹ ਜ਼ਮਾਨਤ 'ਤੇ ਬਾਹਰ ਆਏ।




ਬੇਸ਼ੱਕ ਇਹ ਨਿਆਂ-ਪਸੰਦ ਮੋਦੀ ਨੂੰ ਉਸਦੀ ਮੁਜਰਮਾਨਾ ਭੂਮਿਕਾ ਲਈ ਕਟਹਿਰੇ 'ਚ ਖੜ੍ਹਾ ਕਰਨ ਦੀ ਲੜਾਈ ਜਿੱਤ ਨਹੀਂ ਸਕੇ, ਬੇਸ਼ੱਕ ਕਾਤਲ ਭੀੜਾਂ ਜਨੂੰਨੀ ਭੀੜਾਂ ਦੀ ਅਗਵਾਈ ਕਰਨ ਵਾਲੇ ਮਾਇਆ ਕੋਡਨਾਨੀ ਵਰਗੇ ਲਹੂ ਲਿੱਬੜੇ ਚਿਹਰੇ ਹਕੂਮਤੀ ਤਾਕਤ ਦੇ ਜ਼ੋਰ 'ਨਿਆਂ ਪ੍ਰਣਾਲੀ' ਦਾ ਮਜ਼ਾਕ ਉਡਾਉਂਦੇ ਹੋਏ ਅੰਤ ਜੇਲ੍ਹਾਂ 'ਚੋਂ ਬਾਹਰ ਆ ਗਏ, ਪਰ ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹੇ ਕਰਕੇ ਕਤਲੇਆਮ ਪਿੱਛੇ ਸੱਤਾਧਾਰੀ ਧਿਰ ਦੀ ਯੋਜਨਾਬੱਧ ਸਾਜ਼ਿਸ਼ ਨੂੰ ਬੇਪਰਦ ਕਰਨਾ ਅਤੇ ਸੱਤਾਧਾਰੀ ਧਿਰ ਦੇ ਕੁਝ ਵੱਡੇ ਚਿਹਰਿਆਂ ਨੂੰ ਉਨ੍ਹਾਂ ਦੀ ਆਗੂ ਭੂਮਿਕਾ ਲਈ ਦੋਸ਼ੀ ਕਰਾਰ ਦਿਵਾਉਣਾ ਆਪਣੇ ਆਪ 'ਚ ਵੱਡੀ ਪ੍ਰਾਪਤੀ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਕੋਲੋਂ ਜਾਰੀ ਕਰਵਾਈਆਂ ਕਲੀਨ ਚਿੱਟਾਂ ਦੇ ਜ਼ੋਰ ਕਲੀਨ ਹੋਇਆ 'ਅਜੋਕਾ ਨੀਰੋ' ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਮਜ਼ਲੂਮਾਂ ਦੇ ਵਿਛਾਏ ਜਾ ਰਹੇ ਸੱਥਰਾਂ ਨੂੰ ਮਿੱਧਦਾ ਹੋਇਆ ਆਪਣੀ ਜਿੱਤ ਦੇ ਡੰਕੇ ਵਜਾ ਰਿਹਾ ਹੈ। ਉਹ ਭੁੱਲ ਰਿਹਾ ਹੈ ਕਿ ਉਹ ਜਿਸ ਮਹਾਂ-ਬਦੀ ਦੀ ਤਾਕਤ ਦਾ ਚਿੰਨ੍ਹ ਹੈ, ਉਸਦੀ ਵੱਖ-ਵੱਖ ਕਤਲੇਆਮਾਂ ਵਿਚ ਮੁਜਰਮਾਨਾ ਭੂਮਿਕਾ ਇਤਿਹਾਸ ਵਿਚ ਅਮਿੱਟ ਰੂਪ 'ਚ ਲਿਖੀ ਜਾ ਚੁੱਕੀ ਹੈ ਅਤੇ ਲਗਾਤਾਰ ਲਿਖੀ ਜਾ ਰਹੀ ਹੈ। ਉਸ ਦੁਸ਼ਟ ਰਾਜ ਵਿਰੁੱਧ ਜ਼ਕੀਆ ਜ਼ਾਫ਼ਰੀ ਵਰਗੇ ਨਿਆਂਪਸੰਦਾਂ ਦੀ ਲੜਾਈ ਬੇਹੱਦ ਮੁਸ਼ਕਲ ਲੜਾਈ ਹੈ ਜਿਸ ਕੋਲ ਹੱਕ-ਸੱਚ ਨੂੰ ਦਬਾਉਣ ਲਈ ਧੜਵੈਲ ਜਾਬਰ ਰਾਜ ਮਸ਼ੀਨਰੀ ਹੈ। ਇਸ ਨੂੰ ਦੇਖਦਿਆਂ ਜ਼ਕੀਆ ਜਾਫ਼ਰੀ ਅਤੇ ਉਸਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੇ ਨਿਆਂ-ਪਸੰਦਾਂ ਦਾ ਕਾਨੂੰਨੀ ਲੜਾਈ ਹਾਰਨਾ ਤੈਅ ਸੀ। ਉਹ ਇਹ ਲੜਾਈ ਹਾਰ ਕੇ ਵੀ ਜੇਤੂ ਹਨ, ਉਨ੍ਹਾਂ ਨੇ ਇਸ ਲੜਾਈ ਰਾਹੀਂ ਭਾਰਤੀ ਨਿਆਂ ਪ੍ਰਣਾਲੀ ਦਾ ਅਸਲ ਚਿਹਰਾ ਦੁਨੀਆ ਨੂੰ ਦਿਖਾ ਦਿੱਤਾ ਹੈ। ਜ਼ਕੀਆ ਨਹੀਂ ਰਹੇ, ਪਰ ਉਨ੍ਹਾਂ ਵੱਲੋਂ ਵਿੱਢੀ ਨਿਆਂ ਦੀ ਲੜਾਈ ਜਾਰੀ ਰਹੇਗੀ ਕਿਉਂਕਿ ਇਹ ਬਦੀ ਦੀਆਂ ਤਾਕਤਾਂ ਵਿਰੁੱਧ ਮਾਨਵਤਾ ਦੀ ਲੜਾਈ ਹੈ।

-ਬੂਟਾ ਸਿੰਘ ਮਹਿਮੂਦਪੁਰ

# ਘੱਟਗਿਣਤੀ ਈਸਾਈ ਭਾਈਚਾਰੇ ਦਾ ਸੰਤਾਪ ਵਧਾ ਰਹੇ ਅਦਾਲਤੀ ਫ਼ੈਸਲੇ








**ਭਾਰਤ ਵਿਚ ਇਕੱਲੇ ਮੁਸਲਮਾਨ ਹੀ ਨਹੀਂ, ਸਗੋਂ ਈਸਾਈ ਭਾਈਚਾਰਾ ਵੀ ਬਹੁਗਿਣਤੀ-ਵਾਦੀਆਂ ਦੇ ਹਮਲਿਆਂ ਦੀ ਮਾਰ ਝੱਲ ਰਿਹਾ ਹੈ। ਉਨ੍ਹਾਂ ਨੂੰ ਅਦਾਲਤਾਂ 'ਚ ਵੀ ਨਿਆਂ ਨਹੀਂ ਮਿਲਦਾ। ਨਿਆਂ ਦੀ ਤੱਕੜੀ ਬਹੁਗਿਣਤੀ ਦੇ ਪੱਖ 'ਚ ਝੁਕੀ ਨਜ਼ਰ ਆ ਰਹੀ ਹੈ। ਇਸ ਵਰਤਾਰੇ ਦੇ ਕੁਝ ਮੁੱਖ ਰੂਪਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ**

ਭਗਵਾ ਰੰਗ 'ਚ ਰੰਗੇ ਮਹਾਕੁੰਭ ਦੌਰਾਨ ਯੋਗੀ ਸਰਕਾਰ ਦੀ ਮੁਜਰਮਾਨਾ ਬਦਇੰਤਜ਼ਾਮੀ ਕਾਰਨ ਬੇਸ਼ੁਮਾਰ ਮੌਤਾਂ ਬਹੁਤ ਹੀ ਹੌਲਨਾਕ ਤ੍ਰਾਸਦੀ ਹੈ। ਪਰ ਇਹ ਵੀ ਸੱਚ ਹੈ ਕਿ ਇਸ ਦੀ ਕਵਰੇਜ ਦਾ ਗ਼ਰਦ-ਗੁਬਾਰ ਮੁਲਕ ਵਿਚ ਵਾਪਰ ਰਹੀਆਂ ਬੇਹੱਦ ਚਿੰਤਾਜਨਕ ਘਟਨਾਵਾਂ ਤੋਂ ਲੋਕਾਂ ਦਾ ਧਿਆਨ ਵੀ ਲਾਂਭੇ ਕਰ ਰਿਹਾ ਹੈ। ਰਾਜਧਾਨੀ ਦਿੱਲੀ ਵਿਚ ਚੋਣਾਂ ਦੌਰਾਨ ਵਿਸ਼ਵ ਹਿੰਦੂ ਪਰਿਸ਼ਦ ਅਤੇ ਬਜਰੰਗ ਦਲ ਵੱਲੋਂ 'ਸ਼ਸਤਰ ਦੀਕਸ਼ਾ' ਮੁਹਿੰਮ ਚਲਾਉਣਾ ਜਦਕਿ ਈਸਾਈ ਘੱਟਗਿਣਤੀ ਨੂੰ ਆਪਣੇ ਧਰਮ ਦਾ ਪ੍ਰਚਾਰ

**ਬੂਟਾ ਸਿੰਘ ਮਹਿਮੂਦਪੁਰ**

ਕਰਨ ਅਤੇ ਮ੍ਰਿਤਕ ਨੂੰ ਦਫ਼ਨਾਉਣ ਤੋਂ ਰੋਕਣਾ ਮੁਲਕ ਵਿਚ ਬੀਜੀ ਜਾ ਰਹੀ ਅਤਿ ਖ਼ਤਰਨਾਕ ਜ਼ਹਿਰ ਵੱਲ ਇਸ਼ਾਰਾ ਹੈ।

ਕਹਿਣ ਨੂੰ ਤਾਂ ਦਿੱਲੀ ਵਿਚ ਚੋਣ ਜ਼ਾਬਤਾ ਲੱਗਿਆ ਹੋਇਆ ਹੈ ਪਰ ਸੰਘ ਬਰਗੇਡ ਨੂੰ ਆਪਣੀ ਬਹੁਗਿਣਤੀਵਾਦੀ ਨਫ਼ਰਤੀ ਸਿਆਸਤ ਦਾ ਪ੍ਰਚਾਰ ਕਰਨ ਦੀ ਪੂਰੀ ਖੁੱਲ੍ਹ ਹੈ ਅਤੇ ਇਹ ਦਿੱਲੀ ਪੁਲਿਸ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਵਿਸ਼ਵ ਹਿੰਦੂ ਪਰਿਸ਼ਦ ਵੱਲੋਂ ਰਾਜਧਾਨੀ ਵਿਚ 50,000 ਤ੍ਰਿਸ਼ੂਲ ਵੰਡਣ ਦਾ ਟੀਚਾ ਮਿੱਥ ਕੇ ਇਹ ਮੁਹਿੰਮ ਚਲਾਈ ਗਈ ਹੈ ਅਤੇ ਇਹ ਮੁਹਿੰਮ ਹੋਰ ਰਾਜਾਂ ਵਿਚ ਵੀ ਚਲਾਈ ਜਾ ਰਹੀ ਹੈ। ਪਰਿਸ਼ਦ ਦੀ ਯੋਜਨਾ ਦਿੱਲੀ ਵਿਚ ਅਜਿਹੇ 200 ਸਮਾਰੋਹ ਜਥੇਬੰਦ ਕਰਨ ਦੀ ਹੈ।

ਮੁਹਿੰਮ 15 ਦਸੰਬਰ 2024 ਨੂੰ ਪਹਾੜਗੰਜ ਖੇਤਰ ਵਿਚ 'ਤ੍ਰਿਸ਼ੂਲ ਦੀਕਸ਼ਾ ਸਮਾਰੋਹ' 'ਤੋਂ ਕੀਤੀ ਗਈ, ਜਿਸ ਵਿਚ ਪ੍ਰਣ ਕਰਵਾਉਣ ਦੀ ਭੂਮਿਕਾ ਬੋਧੀ ਸੰਤ ਰਾਹੁਲ ਭੰਤੇ ਨੇ ਨਿਭਾਈ। ਬੁੱਧ ਧਰਮ ਦੀ ਮੁੱਖ 'ਦੀਕਸ਼ਾ' ਹੀ ਅਹਿੰਸਾ ਅਤੇ ਦਇਆ ਦੀ ਹੈ। ਬੋਧੀ 'ਸੰਤ' ਵੱਲੋਂ ਸ਼ਸਤਰ ਦੀਕਸ਼ਾ ਦਾ ਪ੍ਰਣ ਕਰਾਉਣ 'ਤੋਂ ਪਤਾ ਲੱਗਦਾ ਹੈ ਕਿ ਹਿੰਦੂਤਵ ਨੇ ਘੱਟਗਿਣਤੀ ਧਰਮਾਂ ਦੇ ਅੰਦਰ ਕਿੰਨੀ ਮਹੱਤਵਪੂਰਨ ਜਗ੍ਹਾ ਬਣਾ ਲਈ ਹੈ।

ਵੀ.ਐਚ.ਪੀ ਆਗੂ ਵੱਟਸਐਪ ਜ਼ਰੀਏ ਆਮ ਲੋਕਾਂ ਨੂੰ ਖੁੱਲ੍ਹਾ ਸੱਦਾ ਦੇ ਰਹੇ ਹਨ- 'ਆਪਣਾ ਨਾਂ ਲਿਖਵਾਓ ਅਤੇ ਸ਼ਸਤਰ ਧਾਰਣ ਕਰੋ।' ਧਾਰਮਿਕ ਚਿੰਨ੍ਹ ਦੇ ਤੌਰ 'ਤੇ ਕੋਈ ਵੀ ਤ੍ਰਿਸ਼ੂਲ ਧਾਰਣ ਕਰ ਸਕਦਾ ਹੈ ਅਤੇ ਅਜਿਹਾ ਕਰਨ 'ਤੇ ਕਿਸੇ ਨੂੰ ਕੋਈ ਇਤਰਾਜ਼ ਵੀ ਨਹੀਂ ਹੈ। ਪਰ ਜਦੋਂ ਵਿਸ਼ਵ ਹਿੰਦੂ ਪਰਿਸ਼ਦ ਅਤੇ ਇਸ ਦਾ ਵਿੰਗ ਬਜਰੰਗ ਦਲ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਦਾ ਇੱਕੋ-ਇਕ ਮਨੋਰਥ ਹਿੰਦੂ ਧਰਮ ਨੂੰ ਖ਼ਤਰੇ ਦਾ ਡਰ ਪੈਦਾ ਕਰਕੇ ਹਿੰਦੂ ਫਿਰਕੇ ਨੂੰ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਭੜਕਾਉਣਾ, ਨੌਜਵਾਨਾਂ ਨੂੰ ਗੁੰਮਰਾਹ ਕਰਕੇ ਅਤੇ ਉਨ੍ਹਾਂ ਦੇ ਦਿਮਾਗਾਂ 'ਚ ਫਿਰਕੂ ਨਫ਼ਰਤ ਤੇ ਜਨੂੰਨ ਭਰਕੇ ਫਿਰਕੂ ਹਿੰਸਾ ਦੇ ਸੰਦ ਬਣਾਉਣਾ ਅਤੇ ਆਖਿਰਕਾਰ ਉਨ੍ਹਾਂ ਨੂੰ ਘੱਟਗਿਣਤੀਆਂ ਵਿਰੁੱਧ ਹਿੰਸਕ ਹਮਲਿਆਂ ਲਈ ਵਰਤਣਾ ਹੈ। ਉਚੇਚੇ ਤੌਰ 'ਤੇ ਬਣਵਾਇਆ ਗਿਆ ਖ਼ਾਸ ਵਿਸ਼ੇਸ਼ਤਾਵਾਂ ਵਾਲਾ ਤ੍ਰਿਸ਼ੂਲ ਪਾਬੰਦੀ-ਸ਼ੁਦਾ ਹਥਿਆਰਾਂ 'ਚ ਵੀ ਨਹੀਂ ਆਉਂਦਾ! ਇਹ ਨਫ਼ਰਤੀ ਸਿਆਸਤ ਦੀ ਵਿਆਪਕ ਮਸ਼ੀਨਰੀ ਦਾ ਹਿੱਸਾ ਹੈ। ਕਥਿਤ ਧਾਰਮਿਕ ਸੰਸਥਾਵਾਂ ਦਾ ਇਕ ਹੋਰ ਹਿੱਸਾ 'ਹਿੰਦੂ ਧਰਮ-ਸੰਸਦਾਂ' ਆਯੋਜਤ ਕਰਕੇ ਮੁਸਲਮਾਨਾਂ ਦੇ ਬਲਾਤਕਾਰ ਅਤੇ ਕਤਲੇਆਮ ਦੇ ਸੱਦੇ ਦਿੰਦਾ ਦੇਖਿਆ ਜਾ ਸਕਦਾ ਹੈ। ਬਜਰੰਗ ਦਲ ਦੇ ਕਾਰਿੰਦੇ ਉੜੀਸਾ ਵਿਚ ਈਸਾਈ ਪਾਦਰੀ ਗ੍ਰਾਹਮ ਸਟੇਨ ਅਤੇ ਉਸਦੇ ਦੋ ਬੱਚਿਆਂ ਨੂੰ ਜਿਉਂਦੇ ਸਾੜਨ ਤੋਂ ਲੈ ਕੇ ਗਊ ਹੱਤਿਆ ਨੂੰ ਰੋਕਣ ਦੇ ਨਾਂ ਹੇਠ ਮੁਸਲਮਾਨਾਂ ਦੇ ਹਜੂਮੀ ਕਤਲਾਂ/ਹਮਲੇ ਕਰਨ, 'ਲਵ ਜਹਾਦ' ਦੇ ਨਾਂ ਹੇਠ ਹਿੰਦੂ ਲੜਕੀਆਂ ਦਾ ਨਿੱਜੀ ਜ਼ਿੰਦਗੀ ਦੇ ਫ਼ੈਸਲੇ ਲੈਣ ਦਾ ਅਧਿਕਾਰ ਖੋਹਣ ਅਤੇ ਮੁਸਲਮਾਨਾਂ ਨੌਜਵਾਨਾਂ ਦੀ ਕੁੱਟਮਾਰ ਕਰਨ, ਉਨ੍ਹਾਂ ਨੂੰ ਝੂਠੇ ਕੇਸਾਂ 'ਚ ਫਸਾਉਣ ਅਤੇ ਫਿਰਕੂ ਦਹਿਸ਼ਤ ਪਾਉਣ ਦੇ ਕਈ ਤਰ੍ਹਾਂ ਦੇ ਮਾਨਵਤਾ ਵਿਰੋਧੀ ਜੁਰਮਾਂ ਨੂੰ ਅੰਜਾਮ ਦੇਣ 'ਚ ਸ਼ਾਮਲ ਹਨ।

ਉਪਰੋਕਤ 'ਤ੍ਰਿਸ਼ੂਲ ਦੀਕਸ਼ਾ ਸਮਾਰੋਹ' ਵਿਚ ਵਿਸ਼ਵ ਹਿੰਦੂ ਪਰਿਸ਼ਦ ਦੇ ਇਕ ਮੁੱਖ ਆਗੂ ਸੁਰਿੰਦਰ ਜੈਨ ਵੱਲੋਂ ਦਿੱਲੀ ਦੇ ਲੈਫਟੀਨੈਂਟ ਗਵਰਨਰ ਦਾ ਉਚੇਚੇ ਤੌਰ 'ਤੇ ਇਸ ਲਈ ਧੰਨਵਾਦ ਕੀਤਾ ਗਿਆ ਕਿਉਂਕਿ ਉਸ ਦੀ 'ਪਹਿਲਕਦਮੀਂ ਨਾਲ ਦਿੱਲੀ ਪਹਿਲਾ ਰਾਜ ਬਣ ਗਿਆ ਹੈ ਜਿਸਨੇ ਬੰਗਲਾਦੇਸ਼ੀ ਘੁਸਪੈਠੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਭਾਰਤ ਵਿੱਚੋਂ ਕੱਢਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ।' ਜੈਨ ਨੇ ਇਹ ਵੀ ਕਿਹਾ ਕਿ 'ਬਜਰੰਗ ਦਲ ਦੇ ਸੈਂਕੜੇ ਕਾਰਕੁਨ ਨਜਾਇਜ਼ ਬੰਗਲਾਦੇਸ਼ੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਬਾਹਰ ਕੱਢਣ ਲਈ ਦਿੱਲੀ ਦੇ ਲੈਫਟੀਨੈਂਟ ਗਵਰਨਰ ਅਤੇ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਲਈ ਤਿਆਰ ਹਨ।' ਹਿੰਦੂਤਵਵਾਦੀ ਟੀਵੀ ਚੈਨਲ 'ਸੁਦਰਸ਼ਨ ਨਿਊਜ਼' ਨਾਲ ਗੱਲ ਕਰਦਿਆਂ ਪਰਿਸ਼ਦ ਦੇ ਆਗੂ ਕਪਿਲ ਖੰਨਾ ਨੇ ਐਲਾਨ ਕੀਤਾ, 'ਅਸੀਂ ਪ੍ਰਣ ਕੀਤਾ ਹੈ ਕਿ ਦਿੱਲੀ 'ਚ ਵਿਧਰਮੀਆਂ (ਦੂਜੇ ਧਰਮ ਨੂੰ ਮੰਨਣ ਵਾਲਿਆਂ) ਦੀ ਸਾਜ਼ਿਸ਼ ਨੂੰ ਖ਼ਤਮ ਕਰਾਂਗੇ...ਦਿੱਲੀ 'ਚ ਵਿਧਰਮੀਆਂ ਦੁਆਰਾ ਫੈਲਾਏ ਜਾ ਰਹੇ ਲਵ ਜਿਹਾਦ, ਲੈਂਡ ਜਿਹਾਦ, ਇਹ ਸਾਰੇ ਕੁਕਰਮ ਖ਼ਤਮ ਕਰਾਂਗੇ। ਅਸੀਂ ਗਊ ਰੱਖਿਆ ਦਾ ਪ੍ਰਣ ਵੀ ਕੀਤਾ ਹੈ।' ਉਸਨੇ ਇਹ ਵੀ ਕਿਹਾ ਕਿ ਸੰਭਲ 'ਚ ਹਿੰਸਾ ਗਿਣੀ-ਮਿੱਥੀ ਸਾਜ਼ਿਸ਼ ਸੀ; ਜਿਹਾਦੀ ਅਨਸਰ ਹਿੰਦੂਆਂ ਦੀਆਂ ਧਾਰਮਿਕ ਯਾਤਰਾਵਾਂ ਉੱਪਰ ਹਮਲੇ ਕਰਵਾਉਂਦੇ ਹਨ ਅਤੇ 'ਸਥਾਪਤ ਮੰਦਰਾਂ ਦਾ ਕਾਨੂੰਨੀ ਸਰਵੇ ਕੀਤੇ ਜਾਣ' 'ਤੇ ਫਿਰਕੂ ਜਨੂੰਨ ਫੈਲਾਉਂਦੇ ਹਨ। ਹੁਣ ਅਜਿਹੇ ਹਮਲਿਆਂ ਦਾ ਜਵਾਬ ਦੇਣ ਲਈ ਬਜਰੰਗ ਦਲ ਦੇ ਕਾਰਕੁਨਾਂ ਨੇ ਕਮਰ ਕੱਸ ਲਈ ਹੈ।'

ਪਰਿਸ਼ਦ ਦੇ ਇਕ ਹੋਰ ਆਗੂ ਸੁਰਿੰਦਰ ਕੁਮਾਰ ਗੁਪਤਾ ਵੱਲੋਂ ਸਮਾਰੋਹ ਦਾ ਜੋ ਪੋਸਟਰ ਸੋਸ਼ਲ ਮੀਡੀਆ ਉੱਪਰ ਪਾਇਆ ਗਿਆ ਉਸ ਉੱਪਰ ਮੁੱਖ ਨਾਅਰਾ ਸੀ- 'ਏਕ ਰਹੇਂਗੇ ਤੋ ਸੇਫ ਰਹੇਂਗੇ'। ਮਹਾਰਾਸ਼ਟਰ ਚੋਣਾਂ ਦੌਰਾਨ ਨਰਿੰਦਰ ਮੋਦੀ ਵੱਲੋਂ ਦਿੱਤਾ ਇਹ ਨਾਅਰਾ ਇਸ ਦਾ ਸਬੂਤ ਹੈ ਕਿ ਸੰਘ ਪਰਿਵਾਰ ਦੀਆਂ ਵੱਖ-ਵੱਖ ਜੀਭਾਂ ਕਿਵੇਂ ਇਕ ਹੀ ਜ਼ਹਿਰ ਉਗਲਦੀਆਂ ਹਨ।

ਇਕ ਪਾਸੇ 'ਸ਼ਸਤਰ ਦੀਕਸ਼ਾ' ਅਤੇ ਹੋਰ ਆਯੋਜਨਾਂ ਜ਼ਰੀਏ ਮੁਸਲਮਾਨਾਂ ਵਿਰੁੱਧ ਹਿੰਸਾ ਨੂੰ ਹੋਰ ਤੇਜ਼ ਅਤੇ ਵਿਆਪਕ ਬਣਾਉਣ ਲਈ ਮਾਹੌਲ ਸਿਰਜਿਆ ਜਾ ਰਿਹਾ ਹੈ, ਦੂਜੇ ਪਾਸੇ ਈਸਾਈਆਂ ਵਿਰੁੱਧ ਹਮਲੇ ਤਿੱਖੇ ਕੀਤੇ ਜਾ ਰਹੇ ਹਨ। ਮਕਤੂਬ ਮੀਡੀਆ ਦੀ ਰਿਪੋਰਟ ਅਨੁਸਾਰ 400 ਤੋਂ ਵੱਧ ਉੱਘੇ ਈਸਾਈ ਆਗੂਆਂ ਅਤੇ 30 ਚਰਚ ਸਮੂਹਾਂ ਵੱਲੋਂ 31 ਦਸੰਬਰ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਨਰਿੰਦਰ ਮੋਦੀ ਨੂੰ ਸਾਂਝੀ ਅਪੀਲ ਜਾਰੀ ਕਰਕੇ ਈਸਾਈਆਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਹ ਅਪੀਲ ਕ੍ਰਿਸਮਸ ਦੌਰਾਨ ਈਸਾਈ ਸਭਾਵਾਂ ਨੂੰ ਨਿਸ਼ਾਨਾ ਬਣਾਏ ਜਾਣ, ਧਮਕੀਆਂ ਦੇਣ ਅਤੇ ਖ਼ਲਲ ਪਾਉਣ ਦੀਆਂ ਘੱਟੋ-ਘੱਟ 14 ਘਟਨਾਵਾਂ ਨੂੰ ਦੇਖਦਿਆਂ ਈਸਾਈ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਅਤੇ ਧਾਰਮਿਕ ਅਸਹਿਣਸ਼ੀਲਤਾ ਦੇ ਖ਼ਤਰਨਾਕ ਰੁਝਾਨ ਦੇ ਮੱਦੇਨਜ਼ਰ ਕੀਤੀ ਗਈ। ਯਾਦ ਰਹੇ ਕਿ ਮਨੀਪੁਰ 'ਚ ਮਈ 2023 ਦੀ ਹਿੰਸਾ ਦਾ ਨਿਸ਼ਾਨਾ ਵੀ ਈਸਾਈ ਧਰਮ ਸੀ ਜਿਸ ਦੌਰਾਨ ਔਰਤਾਂ ਵਿਰੁੱਧ ਭਿਆਨਕ ਜਿਨਸੀ ਹਿੰਸਾ, ਸੈਂਕੜੇ ਲੋਕਾਂ ਦੇ ਕਤਲ, ਦਸ ਹਜ਼ਾਰਾਂ ਲੋਕਾਂ ਨੂੰ ਉਜਾੜਨ ਦੌਰਾਨ 360 ਚਰਚ ਵੀ ਤੋੜੇ ਗਏ ਸਨ।

ਯੂਨਾਈਟਿਡ ਕ੍ਰਿਸ਼ਚੀਅਨ ਫੋਰਮ ਦੀ ਰਿਪੋਰਟ ਦੱਸਦੀ ਹੈ ਕਿ 2014 'ਚ ਈਸਾਈਆਂ ਵਿਰੁੱਧ 127 ਹਮਲੇ ਹੋਏ ਸਨ ਜਦਕਿ 2024 'ਚ ਹਮਲਿਆਂ ਦੀ ਗਿਣਤੀ 834 'ਤੇ ਜਾ ਪੁੱਜੀ। ਫੋਰਮ ਨੇ ਸਰੀਰਕ ਹਿੰਸਾ ਦੇ 149, ਈਸਾਈਆਂ ਦੀਆਂ ਜਾਇਦਾਦਾਂ ਉੱਪਰ ਹਮਲਿਆਂ ਦੇ 209, ਧਮਕੀਆਂ ਅਤੇ ਤੰਗ-ਪ੍ਰੇਸ਼ਾਨ ਕਰਨ ਦੇ 798 ਅਤੇ ਈਸਾਈ ਸਮਾਗਮਾਂ ਅਤੇ ਪ੍ਰਾਰਥਨਾਵਾਂ ਉੱਪਰ ਹਮਲਿਆਂ ਦੇ 331 ਕੇਸ ਦਰਜ ਕੀਤੇ ਹਨ। ਇਕ ਹੋਰ ਈਸਾਈ ਸੰਸਥਾ 'ਇਵੇਂਜਲੀਕਲ ਫੈਲੋਸ਼ਿਪ ਆਫ ਇੰਡੀਆ' ਨੇ ਵੀ ਪਿਛਲੇ ਸਾਲ ਦਸੰਬਰ ਦੇ ਅੱਧ ਤੱਕ ਈਸਾਈਆਂ ਵਿਰੁੱਧ ਹਿੰਸਾ ਦੇ 760 ਕੇਸ ਨੋਟ ਕੀਤੇ ਹਨ। ਕ੍ਰਿਸਮਸ ਦੇ ਜਸ਼ਨਾਂ ਮੌਕੇ ਕੈਥੋਲਿਕ ਬਿਸ਼ਪਾਂ ਦੀ ਕਾਨਫਰੰਸ 'ਚ ਬਤੌਰ ਮਹਿਮਾਨ ਸ਼ਾਮਲ ਹੋਏ ਮੋਦੀ ਵੱਲੋਂ ਆਪਣੇ ਢੌਂਗੀ ਭਾਸ਼ਣ ਵਿਚ ਸ੍ਰੀਲੰਕਾ, ਜਰਮਨੀ ਆਦਿ 'ਚ ਈਸਾਈਆਂ ਵਿਰੁੱਧ ਹਿੰਸਾ ਦੇ ਹਵਾਲੇ ਦੇਣ ਪਰ ਆਪਣੀ ਹਕੂਮਤ ਹੇਠ ਭਾਰਤ ਵਿਚ ਈਸਾਈਆਂ ਉੱਪਰ ਜ਼ੁਲਮਾਂ ਬਾਰੇ ਚੁੱਪ ਵੱਟ ਲੈਣ ਤੋਂ ਸੰਘ ਦੀ ਦੋ-ਮੂੰਹੀ ਖ਼ਸਲਤ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਪੁਲਿਸ ਵਲੋਂ ਸਿਰਫ਼ 392 ਕੇਸਾਂ 'ਚ ਐਫ.ਆਈ.ਆਰ ਦਰਜ ਕੀਤੀਆਂ ਗਈਆਂ। ਇਸ 'ਤੋਂ ਜ਼ਾਹਿਰ ਹੈ ਕਿ ਭਗਵਾ ਹਕੂਮਤ ਦੇ ਦਬਾਅ ਹੇਠ ਰਾਜ ਮਸ਼ੀਨਰੀ ਤਾਂ ਮਜ਼ਲੂਮ ਧਿਰ ਦੀਆਂ ਸ਼ਿਕਾਇਤਾਂ ਦਰਜ ਕਰਨ ਦੀ ਕਾਗਜ਼ੀ ਕਾਰਵਾਈ ਵੀ ਨਹੀਂ ਕਰਦੀ, ਨਿਆਂ ਦੀ ਤਾਂ ਗੱਲ ਛੱਡੋ। ਉਲਟਾ, ਭਗਵਾ ਦਹਿਸ਼ਤਵਾਦ ਦਾ ਸ਼ਿਕਾਰ ਹੋ ਰਹੇ ਈਸਾਈਆਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਅਤੇ ਸਜ਼ਾਵਾਂ ਵੀ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਹਨ। ਭਗਵਾ ਹਜੂਮ ਜਦੋਂ ਵੀ ਚਾਹੁਣ, ਧਰਮ-ਬਦਲੀ ਦੇ ਝੂਠੇ ਬਿਰਤਾਂਤ ਦੇ ਬਹਾਨੇ ਬੇਰੋਕ-ਟੋਕ ਈਸਾਈਆਂ ਦੇ ਘਰਾਂ ਅਤੇ ਧਾਰਮਿਕ ਸਥਾਨਾਂ 'ਚ ਵੜ ਕੇ ਉਨ੍ਹਾਂ ਦੀਆਂ ਪ੍ਰਾਰਥਨਾ ਸਭਾਵਾਂ, ਜਨਮ-ਦਿਨ ਪਾਰਟੀਆਂ 'ਚ ਖ਼ਲਲ ਪਾ ਸਕਦੇ ਹਨ, ਉਨ੍ਹਾਂ ਦੇ ਧਾਰਮਿਕ ਸਥਾਨਾਂ ਤੇ ਸਕੂਲਾਂ ਦੀ ਭੰਨਤੋੜ ਕਰ ਸਕਦੇ ਹਨ, ਪਾਦਰੀਆਂ ਦੀ ਕੁੱਟਮਾਰ ਕਰ ਸਕਦੇ ਹਨ ਅਤੇ ਇੱਥੋਂ ਤੱਕ ਕਿ ਈਸਾਈਆਂ ਨੂੰ ਆਪਣੇ ਮੁਰਦਿਆਂ ਨੂੰ ਦਫ਼ਨਾਉਣ ਤੋਂ ਵੀ ਰੋਕ ਸਕਦੇ ਹਨ। ਛੱਤੀਸਗੜ੍ਹ ਵਿਚ ਈਸਾਈਆਂ ਵਿਰੁੱਧ ਹਿੰਸਾ ਦਾ ਦਿਨੋ-ਦਿਨ ਤੇਜ਼ ਹੁੰਦੇ ਜਾਣਾ ਇਸਦਾ ਸਾਫ਼ ਸੰਕੇਤ ਹੈ।

ਦੀ ਆਬਜ਼ਰਵਰ ਪੋਸਟ ਦੀ ਰਿਪੋਰਟ ਅਨੁਸਾਰ, 26 ਜਨਵਰੀ ਨੂੰ ਰਾਜਧਾਨੀ ਰਾਇਪੁਰ ਨੇੜੇ ਮੋਵਾ ਨਾਂ ਦੇ ਕਸਬੇ 'ਚ ਈਸਾਈ ਅਕੀਦੇ ਵਾਲੇ ਪਰਿਵਾਰ ਐਤਵਾਰੀ ਪ੍ਰਾਰਥਨਾ ਤੋਂ ਬਾਅਦ 'ਕੌਮੀ' ਝੰਡਾ ਲਹਿਰਾਉਣ ਲਈ ਇਕੱਠੇ ਹੋਏ। ਬਜਰੰਗ ਦਲੀਆਂ ਨੇ ਗ਼ੈਰਕਾਨੂੰਨੀ ਧਰਮ-ਬਦਲੀ ਦਾ ਦੋਸ਼ ਲਾ ਕੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ, ਜਿਸ ਵਿਚ ਕੁਝ ਲੋਕ ਜ਼ਖ਼ਮੀ ਹੋ ਗਏ। ਇਸੇ ਦਿਨ ਬਲਰਾਮਪੁਰ ਜ਼ਿਲ੍ਹੇ ਵਿਚ ਸਰੂਆਟ ਪਿੰਡ 'ਚ ਈਸਾਈਆਂ ਉੱਪਰ ਧਰਮ-ਬਦਲੀ ਦਾ ਦੋਸ਼ ਲਾਇਆ ਗਿਆ। ਪੁਲਿਸ ਨੇ ਛਾਪਾ ਮਾਰ ਕੇ ਪਾਦਰੀ ਦੇ ਘਰੋਂ ਬਾਈਬਲ ਤੇ ਹੋਰ ਪ੍ਰੋਮੋਸ਼ਨਲ ਲੀਫਲੈਟ ਜ਼ਬਤ ਕਰ ਲਏ ਅਤੇ ਪਾਦਰੀ ਤੇ ਉਸਦੇ ਤਿੰਨ ਸਹਾਇਕਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਈਸਾਈਆਂ ਵਿਰੁੱਧ ਹਿੰਸਾ ਦਾ ਇਕ ਮੁੱਖ ਹਥਿਆਰ ਭਗਵਾ ਰਾਜ ਸਰਕਾਰਾਂ ਵੱਲੋਂ ਬਣਾਇਆ 'ਗ਼ੈਰਕਾਨੂੰਨੀ ਧਰਮ-ਬਦਲੀ ਰੋਕੂ ਕਾਨੂੰਨ' ਹੈ। ਇਸ ਕਾਨੂੰਨ ਵਿਚ ਪੁਲਿਸ ਨੂੰ ਮੈਜਿਸਟ੍ਰੇਟ ਦੇ ਹੁਕਮ ਤੋਂ ਬਿਨਾ ਜਾਂ ਬਿਨਾ ਵਾਰੰਟ ਹੀ ਕਿਸੇ ਨੂੰ ਗ੍ਰਿਫ਼ਤਾਰ ਕਰਨ ਦੀ ਤਾਕਤ ਦਿੱਤੀ ਗਈ ਹੈ। ਸਰਕਾਰੀ ਅੰਕੜਿਆਂ ਅਨੁਸਾਰ (ਨਵੰਬਰ 2020 ਤੋਂ ਲੈ ਕੇ 31 ਜੁਲਾਈ 2024 ਤੱਕ) ਇਕੱਲੇ ਉੱਤਰ ਪ੍ਰਦੇਸ਼ ਵਿਚ ਇਸ ਕਾਨੂੰਨ ਤਹਿਤ ਦਰਜ ਕੀਤੇ 835 ਕੇਸਾਂ 'ਚ 2708 ਲੋਕਾਂ ਨੂੰ ਫਸਾਇਆ ਗਿਆ ਹੈ। ਭਾਜਪਾ ਦਾ ਵਿੰਗ ਬਣੀ ਯੂ.ਪੀ. ਪੁਲਿਸ ਐਨੀ ਫ਼ੁਰਤੀ ਦਿਖਾ ਰਹੀ ਹੈ ਕਿ ਇਹ ਕੇਸ ਹੈੱਡਕਵਾਟਰ ਪੱਧਰ 'ਤੇ ਮਾਨੀਟਰ ਕੀਤੇ ਜਾ ਰਹੇ ਹਨ ਅਤੇ 98% ਕੇਸਾਂ 'ਚ ਜਾਂਚ ਮੁਕੰਮਲ ਕਰਕੇ ਚਾਰਜਸ਼ੀਟ ਵੀ ਪੇਸ਼ ਕਰ ਦਿੱਤੀ ਗਈ ਹੈ। ਇਹ ਕਾਨੂੰਨ ਸੰਘ ਪਰਿਵਾਰ ਦੇ ਕਥਿਤ 'ਲਵ ਜਿਹਾਦ' (ਮੁਸਲਮਾਨ ਮਰਦਾਂ ਅਤੇ ਹਿੰਦੂ ਔਰਤਾਂ ਦੇ ਅੰਤਰ-ਧਰਮੀਂ ਪ੍ਰੇਮ ਸੰਬੰਧਾਂ ਤੇ ਵਿਆਹਾਂ) ਨੂੰ ਜੁਰਮ ਕਰਾਰ ਦੇਣ ਅਤੇ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਰਾਜਨੀਤਕ ਏਜੰਡੇ ਨੂੰ ਕਾਨੂੰਨੀ ਮਾਨਤਾ ਦੇਣ ਲਈ ਬਣਾਇਆ ਗਿਆ ਸੀ। ਇਸ ਨੂੰ ਬ੍ਰਾਹਮਣਵਾਦੀ ਹਿੰਦੂ ਧਰਮ ਤੋਂ ਕਿਨਾਰਾ ਕਰਨ ਵਾਲੇ ਦਲਿਤਾਂ, ਆਦਿਵਾਸੀ ਲੋਕਾਂ ਅਤੇ ਹੋਰ ਪਿਛੜੇ ਭਾਈਚਾਰੇ ਵਿਰੁੱਧ ਵੀ ਬਰਾਬਰ ਵਰਤਿਆ ਜਾ ਰਿਹਾ ਹੈ।

ਪਿਛਲੇ ਦਿਨੀਂ 22 ਜਨਵਰੀ ਨੂੰ ਉੱਤਰ ਪ੍ਰਦੇਸ਼ ਦੇ ਅੰਬੇਡਕਰ ਨਗਰ ਦੀ ਸਪੈਸ਼ਲ ਐਸ.ਸੀ.ਐਸ.ਟੀ ਅਦਾਲਤ ਨੇ ਕੇਰਲਾ ਦੇ ਇਕ ਜੋੜੇ (ਪਤੀ-ਪਤਨੀ) ਨੂੰ ਇਸ ਕਾਨੂੰਨ ਤਹਿਤ ਦੋਸ਼ੀ ਕਰਾਰ ਦੇ ਕੇ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਲੱਗਭੱਗ ਸਾਰੇ ਹੀ ਗਵਾਹਾਂ ਨੇ ਅਦਾਲਤ ਨੂੰ ਦੱਸਿਆ ਸੀ ਕਿ ਇਹ ਜੋੜਾ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਬੱਚਿਆਂ ਨੂੰ ਪੜਾਈ ਕਰਨ, ਸ਼ਰਾਬ ਨਾ ਪੀਣ ਅਤੇ ਹੋਰ ਚੰਗੀ ਸਿੱਖਿਆ ਹੀ ਦਿੰਦਾ ਸੀ। ਕਿਸੇ ਵੀ ਦਲਿਤ ਨੇ ਜੋੜੇ ਵਿਰੁੱਧ ਸ਼ਿਕਾਇਤ ਨਹੀਂ ਕੀਤੀ। ਭਾਜਪਾ ਆਗੂ ਨੇ ਇਸ ਨੂੰ ਮੁੱਦਾ ਬਣਾਇਆ ਅਤੇ ਜੱਜ ਨੇ ਉਸ ਦੀ ਬੇਤੁਕੀ ਸ਼ਿਕਾਇਤ ਸਵੀਕਾਰ ਕਰਕੇ ਸਜ਼ਾ ਸੁਣਾ ਦਿੱਤੀ। 16 ਮਹੀਨੇ ਪਹਿਲਾਂ ਇਲਾਹਾਬਾਦ ਹਾਈ ਕੋਰਟ ਨੇ ਇਸੇ ਕੇਸ 'ਚ ਕਿਹਾ ਸੀ ਕਿ ਐਫ.ਆਈ.ਆਰ. ਦਰਜ ਕਰਾਉਣ ਵਾਲਾ ਭਾਜਪਾ ਦਾ ਜ਼ਿਲ੍ਹਾ ਆਗੂ ਇਸ ਕਾਨੂੰਨ ਤਹਿਤ ਯੋਗ ਸ਼ਿਕਾਇਤ ਕਰਤਾ ਨਹੀਂ ਹੈ ਅਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜੋੜੇ ਉੱਪਰ ਦੋਸ਼ ਲਾਇਆ ਗਿਆ ਸੀ ਕਿ ਉਹ ਸ਼ਾਹਪੁਰ ਫ਼ਿਰੋਜ਼ ਪਿੰਡ ਦੀ ਦਲਿਤ ਬਸਤੀ 'ਚ ਗੇੜੇ ਮਾਰ ਕੇ ਈਸਾਈ ਸਾਹਿਤ ਵੰਡਦੇ ਹਨ, ਬਾਈਬਲ ਪੜ੍ਹਾਉਂਦੇ ਹਨ, ਈਸਾ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਹਨ, ਕ੍ਰਿਸਮਸ ਮੌਕੇ ਭੰਡਾਰੇ ਆਯੋਜਤ ਕਰਕੇ ਅਤੇ ਪੈਸੇ ਤੇ ਹੋਰ ਲਾਲਚ ਦੇ ਕੇ ਦਲਿਤਾਂ ਨੂੰ ਈਸਾਈ ਬਣਨ ਲਈ ਪ੍ਰੇਰਿਤ ਕਰਦੇ ਹਨ। ਜੱਜ ਨੇ ਗਵਾਹਾਂ ਦੇ ਬਿਆਨਾਂ ਦਾ ਬਾਕੀ ਹਿੱਸਾ ਨਜ਼ਰਅੰਦਾਜ਼ ਕਰਕੇ ਸਿਰਫ਼ ਇਹ ਗੱਲ ਫੜ ਲਈ ਕਿ ਉਹ ਉਨ੍ਹਾਂ ਨੂੰ ਈਸਾ ਨੂੰ ਮੰਨਣ ਅਤੇ ਉਸ ਅੱਗੇ ਪ੍ਰਾਰਥਨਾ ਕਰਨ ਲਈ ਕਹਿੰਦੇ ਸਨ। ਅਦਾਲਤ ਦੇ ਫ਼ੈਸਲੇ ਦਾ ਮਤਲਬ ਇਹ ਹੈ ਕਿ ਸਿਰਫ਼ ਹਿੰਦੂਆਂ ਨੂੰ ਹੀ ਆਪਣੇ ਧਰਮ ਦਾ ਪ੍ਰਚਾਰ ਕਰਨ ਦੀ ਇਜਾਜ਼ਤ ਹੈ ਅਤੇ ਜੇ ਕੋਈ ਕਿਸੇ ਹੋਰ ਧਰਮ ਦਾ ਪ੍ਰਚਾਰ ਕਰਦਾ ਹੈ ਤਾਂ ਉਹ ਗ਼ੈਰਕਾਨੂੰਨੀ ਹੈ। ਹਿੰਦੂ ਧਰਮ ਦੇ ਪ੍ਰਚਾਰਕ ਰੇਲਵੇ ਸਟੇਸ਼ਨਾਂ, ਟਰੇਨਾਂ, ਮੁਹੱਲਿਆਂ ਵਿਚ ਗੀਤਾ ਅਤੇ ਹਿੰਦੂ ਧਰਮ ਬਾਰੇ ਕਿਤਾਬਚੇ ਆਮ ਵੰਡਦੇ ਹਨ। ਫਿਰ ਹੋਰ ਈਸਾਈ ਜਾਂ ਇਸਲਾਮ ਨਾਲ ਸੰਬੰਧਤ ਧਾਰਮਿਕ ਕਿਤਾਬਾਂ ਵੰਡਣਾ ਜੁਰਮ ਕਿਵੇਂ ਹੋ ਗਿਆ?

'ਗ਼ੈਰਕਾਨੂੰਨੀ ਧਰਮ-ਬਦਲੀ' ਦੇ ਸਾਰੇ ਕੇਸ ਇਸੇ ਤਰ੍ਹਾਂ ਦੇ ਹਨ। ਇਸੇ ਤਰ੍ਹਾਂ ਦੀ ਇਕ ਝੂਠੀ ਐਫ.ਆਈ.ਆਰ. ਤਹਿਤ ਰਾਏ ਬਰੇਲੀ ਜ਼ਿਲ੍ਹੇ ਦੇ ਕੋਦਰਾ ਪਿੰਡ ਦੇ ਵਾਹਨ ਮਕੈਨਿਕ ਸੋਨੂ ਸਰੋਜ ਨੂੰ ਸਿਰਫ਼ ਇਸ ਕਰਕੇ 15 ਮਹੀਨੇ ਜੇਲ੍ਹ ਦਾ ਸੰਤਾਪ ਝੱਲਣਾ ਪਿਆ, ਕਿਉਂਕਿ ਦਲਿਤ ਪਰਿਵਾਰ ਨਾਲ ਸੰਬੰਧਤ ਸਰੋਜ ਨੇ 'ਜੀਵਨ ਦਵਾਰ ਪ੍ਰਾਰਥਨਾ ਭਵਨ' ਨਾਂ ਦੀ ਸੁਸਾਇਟੀ ਰਜਿਸਟਰਡ ਕਰਵਾਈ ਹੋਈ ਸੀ ਅਤੇ ਆਪਣੇ ਘਰ ਲਾਗੇ ਬਣਾਏ ਸ਼ੈੱਡ ਵਿਚ ਉਹ ਈਸਾਈ ਸਭਾਵਾਂ ਆਯੋਜਤ ਕਰਦਾ ਸੀ, ਜਿੱਥੇ ਉਸ ਦੇ ਸਕੇ-ਸੰਬੰਧੀ ਅਤੇ ਆਲੇ-ਦੁਆਲੇ ਦੇ ਹੋਰ ਪਿੰਡਾਂ ਦੇ ਲੋਕ ਸ਼ਾਮਲ ਹੋ ਕੇ ਈਸਾ ਬਾਰੇ ਚਰਚਾ ਕਰਦੇ ਸਨ। ਇਹ ਇਕੱਠ ਹਿੰਦੂ ਧਰਮ ਦੇ ਆਪੇ ਬਣੇ ਠੇਕੇਦਾਰਾਂ, ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ ਵਾਲਿਆਂ, ਨੂੰ ਬਹੁਤ ਚੁਭਦੇ ਸਨ। ਇਕ ਦਿਨ ਸੈਂਕੜਿਆਂ ਦੀ ਤਾਦਾਦ 'ਚ ਜਨੂੰਨੀ ਹਜੂਮ ਇਕੱਠਾ ਕਰਕੇ ਪ੍ਰਾਰਥਨਾ ਸਭਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਮਲਾ ਕਰ ਦਿੱਤਾ ਗਿਆ। ਸਰੋਜ ਅਤੇ ਉਸਦੀ ਪਤਨੀ ਨੂੰ ਕੁੱਟ-ਕੁੱਟ ਜ਼ਖ਼ਮੀ ਕਰ ਦਿੱਤਾ। ਪੁਲਿਸ ਨੇ ਉਲਟਾ ਸਰੋਜ ਉੱਪਰ 'ਗ਼ੈਰਕਾਨੂੰਨੀ ਸਭਾ' ਆਯੋਜਤ ਕਰਨ ਦਾ ਦੋਸ਼ ਲਾ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ। 15 ਮਹੀਨੇ ਦੀ ਜੇਲ੍ਹਬੰਦੀ ਤੋਂ ਬਾਅਦ ਅਦਾਲਤ ਨੇ ਇਹ ਕਹਿ ਕੇ ਉਸ ਵਿਰੁੱਧ ਕੇਸ ਖਾਰਜ ਕਰ ਦਿੱਤਾ ਕਿ ਉਸ ਵਿਰੁੱਧ ਮੁਕੱਦਮਾ ਚਲਾਉਣ ਦਾ ਤਸੱਲੀਬਖ਼ਸ਼ ਆਧਾਰ ਨਹੀਂ ਹੈ। ਇਸੇ ਤਰ੍ਹਾਂ ਦੇ ਇਕ ਹੋਰ ਕੇਸ ਵਿਚ ਬਰੇਲੀ ਅਦਾਲਤ ਨੇ 24 ਅਗਸਤ 2024 ਨੂੰ ਦੋ ਹਿੰਦੂ ਵਿਅਕਤੀਆਂ ਨੂੰ ਗ਼ੈਰਕਾਨੂੰਨੀ ਧਰਮਬਦਲੀ ਦੇ ਦੋਸ਼ਾਂ ਤੋਂ ਬਰੀ ਹੀ ਨਹੀਂ ਕੀਤਾ ਸਗੋਂ ਝੂਠਾ ਕੇਸ ਬਣਾਉਣ ਵਾਲੇ ਪੁਲਿਸ ਅਫ਼ਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਹੁਕਮ ਵੀ ਦਿੱਤਾ ਸੀ। ਅਜਿਹੇ ਅਦਾਲਤੀ ਫ਼ੈਸਲੇ ਵਿਰਲੇ ਹੀ ਹੁੰਦੇ ਹਨ ਅਤੇ ਭਗਵਾ ਹਕੂਮਤ ਅਜਿਹੇ ਅਦਾਲਤੀ ਹੁਕਮਾਂ ਨੂੰ ਟਿੱਚ ਸਮਝਦੀ ਹੈ।

ਈਸਾਈਆਂ ਉੱਪਰ ਜਬਰ-ਜ਼ੁਲਮ ਦੀ ਇਕ ਹੋਰ ਬੇਹੱਦ ਪ੍ਰੇਸ਼ਾਨ ਕਰਨ ਵਾਲੀ ਘਟਨਾ ਛੱਤੀਸਗੜ੍ਹ ਦੇ ਪਿੰਡ ਛਿੰਦਾਵਾੜਾ (ਜਗਦਲਪੁਰ ਜ਼ਿਲ੍ਹਾ) ਦੀ ਹੈ। ਸੁਭਾਸ਼ ਬਘੇਲ ਦੀ ਮੌਤ ਹੋਈ ਤਾਂ ਪਿੰਡ ਵਾਲਿਆਂ ਨੇ ਉਸ ਨੂੰ ਪਿੰਡ ਦੇ ਕਬਰਸਤਾਨ ਵਿਚ ਸਪੁਰਦੇ-ਖ਼ਾਕ ਨਹੀਂ ਕਰਨ ਦਿੱਤਾ, ਜਿੱਥੇ ਉਸਦੇ ਪਰਿਵਾਰ ਦੇ ਹੋਰ ਵੱਡੇ-ਵਡੇਰਿਆਂ ਦੀਆਂ ਕਬਰਾਂ ਹਨ। (ਫਰਵਰੀ 2024 'ਚ ਵੀ ਜਗਦਲਪੁਰ ਨੇੜੇ ਨਵਾਗੁੜਾ ਪਿੰਡ 'ਚ ਇਕ ਈਸਾਈ ਨੌਜਵਾਨ ਨੂੰ ਦਫ਼ਨਾਉਣ ਨਹੀਂ ਸੀ ਦਿੱਤਾ ਗਿਆ। ਬਸਤਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।) ਈਸਾਈ ਧਰਮ ਨੂੰ ਮੰਨਣ ਕਾਰਨ ਇਸ ਪਰਿਵਾਰ ਨੂੰ ਸਮਾਜਿਕ ਬਾਈਕਾਟ ਅਤੇ ਵਿਤਕਰੇ ਦਾ ਸੰਤਾਪ ਝੱਲਣਾ ਪੈ ਰਿਹਾ ਹੈ। ਸੁਭਾਸ਼ ਦੇ ਪੁੱਤਰ ਰਮੇਸ਼ ਨੇ ਮ੍ਰਿਤਕ ਦੇਹ ਮੌਰਚਰੀ ਵਿਚ ਰੱਖ ਕੇ ਨਿਆਂ ਲਈ ਹਾਈ ਕੋਰਟ ਤੱਕ ਪਹੁੰਚ ਕੀਤੀ। ਹਾਈ ਕੋਰਟ ਨੇ ਅਜਿਹਾ ਕਰਨ 'ਤੇ 'ਅਮਨ-ਕਾਨੂੰਨ ਦੀ ਸਮੱਸਿਆ ਬਣਨ ਦੀ ਸੰਭਾਵਨਾ' ਦੇਖਦਿਆਂ ਪਿੰਡ ਦੇ ਕਬਰਸਤਾਨ ਵਿਚ ਮ੍ਰਿਤਕ ਦੇਹ ਨੂੰ ਦਫ਼ਨਾਉਣ ਦੀ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ। ਰਮੇਸ਼ ਬਘੇਲ ਨੂੰ ਸੁਪਰੀਮ ਕੋਰਟ ਵਿਚ ਪਹੁੰਚ ਕਰਨੀ ਪਈ।

ਸੁਪਰੀਮ ਕੋਰਟ ਨੇ ਇਹ ਦੁੱਖ ਤਾਂ ਜ਼ਾਹਿਰ ਕੀਤਾ ਕਿ ਪੰਚਾਇਤ, ਰਾਜ ਸਰਕਾਰ ਜਾਂ ਹਾਈ ਕੋਰਟ 'ਚੋਂ ਕੋਈ ਵੀ ਇਹ ਮਸਲਾ ਸੁਲਝਾ ਨਹੀਂ ਸਕਿਆ ਅਤੇ ਪੀੜਤ ਪਰਿਵਾਰ ਨੂੰ ਇਸ ਖ਼ਾਤਰ ਸੁਪਰੀਮ ਕੋਰਟ ਵਿਚ ਆਉਣਾ ਪਿਆ। ਸੁਪਰੀਮ ਕੋਰਟ ਨੇ ਹਾਈ ਕੋਰਟ ਦੀ 'ਅਮਨ-ਕਾਨੂੰਨ ਦੀ ਸਮੱਸਿਆ ਬਣਨ ਦੀ ਸੰਭਾਵਨਾ' ਵਾਲੀ ਟਿੱਪਣੀ ਉੱਪਰ ਹੈਰਾਨੀ ਵੀ ਜ਼ਾਹਿਰ ਕੀਤੀ। ਪਰ ਜਦੋਂ ਸਾਲਿਸਟਰ ਜਨਰਲ ਨੇ ਸੁਪਰੀਮ ਕੋਰਟ ਨੂੰ 'ਮਾਨਵਤਾਵਾਦੀ ਭਾਵਨਾਵਾਂ ਦੇ ਵਹਿਣ 'ਚ ਵਹਿਣ' ਤੋਂ 'ਚੌਕਸ' ਕੀਤਾ ਕਿ ਬਘੇਲ ਤਾਂ ਪਰਿਵਾਰ ਦੇ ਹੋਰ ਜੀਆਂ ਦੀਆਂ ਕਬਰਾਂ ਲਾਗੇ ਆਪਣੇ ਮ੍ਰਿਤਕ ਬਾਪ ਨੂੰ ਦਫ਼ਨਾਉਣ ਦੀ ਜ਼ਿੱਦ ਕਰਕੇ ਪਿੰਡ ਵਿਚ ਟਕਰਾਅ ਖੜ੍ਹਾ ਕਰਨਾ ਚਾਹੁੰਦਾ ਹੈ ਅਤੇ ਉਸ ਨੂੰ ਸ਼ੱਕ ਹੈ ਕਿ ਇਸ ਪਿੱਛੇ ਕੋਈ ਦੇਸ਼-ਵਿਆਪੀ ਸਾਜ਼ਿਸ਼ ਹੋ ਸਕਦੀ ਹੈ ਤਾਂ ਸੁਪਰੀਮ ਕੋਰਟ ਨੇ ਸਾਲਿਸਟਰ ਜਨਰਲ ਦੀ ਰਾਸ਼ਟਰਵਾਦੀ ਦਲੀਲ ਅੱਗੇ ਗੋਡੇ ਟੇਕ ਦਿੱਤੇ। ਬੈਂਚ ਦੇ ਇਕ ਮੈਂਬਰ ਜਸਟਿਸ ਨੇ ਮ੍ਰਿਤਕ ਨੂੰ ਪਿੰਡ ਵਿਚ ਹੀ ਦਫ਼ਨਾਉਣ ਦਾ ਹੁਕਮ ਦੇਣ ਲਈ ਨਿਆਂਸ਼ਾਸਤਰੀ ਦ੍ਰਿੜਤਾ ਵੀ ਦਿਖਾਈ, ਪਰ ਜਦੋਂ ਦੂਜੇ ਜੱਜ ਨੇ ਨਾਗਰਿਕ ਦੇ ਸੰਵਿਧਾਨਕ ਹੱਕਾਂ ਨਾਲੋਂ 'ਅਮਨ-ਕਾਨੂੰਨ ਦੀ ਵਿਵਸਥਾ' ਦੀ ਸਰਕਾਰੀ ਦਲੀਲ ਨੂੰ ਜ਼ਿਆਦਾ ਮਹੱਤਵਪੂਰਨ ਮੰਨਿਆ ਤਾਂ ਆਖ਼ਿਰਕਾਰ ਬੈਂਚ ਦੀ ਇਹ ਸਹਿਮਤੀ ਬਣ ਗਈ ਕਿ ਮ੍ਰਿਤਕ ਨੂੰ ਪਿੰਡ ਤੋਂ 20 ਕਿਲੋਮੀਟਰ ਦੂਰ ਕਰਕਾਪਾਲ ਪਿੰਡ 'ਚ ਦਫ਼ਨਾ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਪੁਲਿਸ ਦੇ ਝੂਠੇ ਹਲਫ਼ਨਾਮੇ ਉੱਪਰ ਅੱਖਾਂ ਮੀਟ ਕੇ ਯਕੀਨ ਕਰ ਲਿਆ ਜਦਕਿ ਇਹ 45 ਕਿਲੋਮੀਟਰ ਦੂਰ ਹੈ ਅਤੇ ਉੱਥੇ ਕੋਈ ਤੈਅਸ਼ੁਦਾ ਕਬਰਸਤਾਨ ਵੀ ਨਹੀਂ ਹੈ। ਪੁਲਿਸ-ਪ੍ਰਸ਼ਾਸਨ ਨੇ ਪਰਿਵਾਰ ਉੱਪਰ ਦਬਾਅ ਪਾ ਕੇ ਉਸੇ ਦਿਨ ਮ੍ਰਿਤਕ ਦੇਹ ਦਫ਼ਨਾ ਦਿੱਤੀ।

ਅਦਾਲਤਾਂ ਦੇ ਅਜਿਹੇ ਫ਼ੈਸਲੇ ਹਿੰਦੂਤਵੀ ਧੌਂਸ ਲਈ ਖਾਦ ਦਾ ਕੰਮ ਕਰਦੇ ਹਨ ਜਿਸਦਾ ਮਨੋਰਥ ਘੱਟਗਿਣਤੀਆਂ ਨੂੰ ਦੋਇਮ ਦਰਜੇ ਦੇ ਨਾਗਰਿਕ ਬਣਾਉਣਾ ਹੈ। ਇਹ ਘਟਨਾ ਸੁੱਤੇ-ਸਿੱਧ ਨਹੀਂ ਵਾਪਰੀ, ਬਸਤਰ ਖੇਤਰ ਵਿਚ ਈਸਾਈ-ਹਿੰਦੂ ਦਾ ਝਗੜਾ ਖੜ੍ਹਾ ਕਰਨਾ ਭਗਵਾ ਹਕੂਮਤ ਦੀ ਮਾਓਵਾਦੀ ਲਹਿਰ ਨੂੰ ਸੱਟ ਮਾਰਨ ਲਈ ਆਦਿਵਾਸੀ ਸਮਾਜ ਵਿਚ ਪਾਟਕ ਪਾਉਣ ਦੀ ਡੂੰਘੀ ਸਾਜ਼ਿਸ਼ ਵੀ ਹੈ। ਹਿੰਦੂਤਵੀ ਵਿਚਾਰਧਾਰਾ ਦੀ ਘੁਸਪੈਠ ਨੇ ਆਦਿਵਾਸੀਆਂ ਦਾ ਹਿੰਦੂਕਰਨ ਕਰਕੇ ਉਨ੍ਹਾਂ ਨੂੰ ਹਿੰਦੂ ਅਤੇ ਈਸਾਈ 'ਚ ਵੰਡ ਦਿੱਤਾ ਹੈ। ਫਿਰਕੂ ਜ਼ਹਿਰ ਉਨ੍ਹਾਂ ਇਲਾਕਿਆਂ 'ਚ ਪਹੁੰਚ ਗਈ ਹੈ ਜਿੱਥੇ ਅਜਿਹਾ ਕੋਈ ਇਤਿਹਾਸ ਹੀ ਨਹੀਂ ਰਿਹਾ। ਜਾਗਰੂਕ ਨਾਗਰਿਕਾਂ ਨੂੰ ਇਸ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ, ਖ਼ਾਸ ਕਰਕੇ ਪੱਖਪਾਤੀ ਅਦਾਲਤੀ ਫ਼ੈਸਲਿਆਂ ਦਾ, ਜਿਨ੍ਹਾਂ ਦਾ ਖਮਿਆਜ਼ਾ ਭਵਿੱਖ ਵਿਚ ਮੁਲਕ ਨੂੰ ਭੁਗਤਣਾ ਪਵੇਗਾ।

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਪ੍ਰੋ. ਬਲਕਾਰ ਸਿੰਘ ਨਾਲ ਸੰਵਾਦ !

ਇਸ ਲੇਖ ਲੜੀ ਦੇ ਪਹਿਲੇ ਹਿੱਸੇ ਵਿਚ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ, ਉਸਦੇ ਜਥੇਦਾਰਾਂ ਦੇ ਰੁਤਬੇ ਅਤੇ ਪਿਛਲੀ ਅੱਧੀ ਸਦੀ ਦੌਰਾਨ ਸਿੱਖ ਭਾਈਚਾਰੇ ਦੇ ਸਾਹਮਣੇ ਆਈਆਂ ਚੁਣੌਤੀਆਂ ਦੇ ਹੱਲ ਲਈ ਨਿਭਾਏ ਗਏ ਰੋਲ ਦੀ ਸੰਖੇਪ ਚਰਚਾ ਕੀਤੀ ਸੀ। ਦੂਜੇ ਹਿੱਸੇ ਵਿਚ ਸਮੇਂ-ਸਮੇਂ 'ਤੇ ਅਹਿਮ ਸਿੱਖ ਵਿਦਵਾਨਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ, ਮੀਰੀ-ਪੀਰੀ ਦੇ ਸਿਧਾਂਤ ਅਤੇ ਸਿੱਖ ਪੰਥ ਵਿਚ ਧਰਮ ਤੇ ਰਾਜਨੀਤੀ ਬਾਰੇ ਪ੍ਰਗਟਾਏ ਗਏ ਵਿਚਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਇਸੇ ਕੋਸ਼ਿਸ਼ ਨੂੰ ਜਾਰੀ ਰੱਖਦਿਆਂ, ਸਾਡੇ ਸਾਹਮਣੇ ਦੋ ਹੋਰ ਸਿੱਖ ਚਿੰਤਕ ਹਨ। ਇਨ੍ਹਾਂ ਵਿਚੋਂ ਅਜੋਕੇ ਸਮੇਂ ਵਿਚ



ਹਰਚਰਨ ਸਿੰਘ ਪਰਹਾਰ
ਫੋਨ: 403-681-8689

ਸਭ ਤੋਂ ਪਹਿਲਾਂ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਸਿੱਖ ਇਤਿਹਾਸ ਵਿਚ ਅਕਾਲ ਤਖਤ ਦੇ ਰੋਲ ਬਾਰੇ ਕਿਤਾਬ 'ਸਿੱਖ ਤਵਾਰੀਖ 'ਚ ਅਕਾਲ ਤਖਤ ਸਾਹਿਬ ਦਾ ਰੋਲ' 1980 ਵਿਚ ਲਿਖੀ ਸੀ। ਇਸ ਵਿਸ਼ੇ ਬਾਰੇ ਉਨ੍ਹਾਂ ਨੇ 2-3 ਹੋਰ ਕਿਤਾਬਾਂ ਤੇ ਕਈ ਲੇਖ ਵੀ ਲਿਖੇ, ਪਰ ਬਾਅਦ ਵਿਚ ਉਹ ਸਿੱਖ ਇਤਿਹਾਸ ਵਿਚ ਅਕਾਲ ਤਖਤ ਅਤੇ ਉਸਦੇ ਜਥੇਦਾਰ ਦੀ ਹੋਂਦ ਤੋਂ ਹੀ ਇਨਕਾਰੀ ਹੋ ਗਏ ਸਨ। ਸਗੋਂ ਉਨ੍ਹਾਂ ਨੇ ਪਿੱਛੇ ਜਿਹੇ ਇਹ ਐਲਾਨ ਵੀ ਕੀਤਾ ਸੀ ਕਿ ਜੇ ਕੋਈ ਸਿੱਖ ਵਿਦਵਾਨ ਸਾਬਿਤ ਕਰ ਦੇਵੇ ਕਿ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਪਹਿਲਾਂ ਕਿਸੇ ਪ੍ਰਮਾਣਿਕ ਸਿੱਖ ਇਤਿਹਾਸਕ ਸੋਮੇ ਵਿਚ ਅਕਾਲ ਤਖਤ ਜਾਂ ਉਸਦੇ ਜਥੇਦਾਰ ਦਾ ਕੋਈ ਜ਼ਿਕਰ ਹੈ ਤਾਂ ਉਹ ਦਸ ਲੱਖ ਰੁਪਈਆ ਇਨਾਮ ਦੇਣਗੇ। ਇਸ ਲੇਖ ਵਿਚ ਉਨ੍ਹਾਂ ਦੀਆਂ ਲਿਖਤਾਂ ਦੀ ਚਰਚਾ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਉਨ੍ਹਾਂ ਤੋਂ ਇਲਾਵਾ ਇਸ ਵਿਸ਼ੇ 'ਤੇ ਨਿੱਠ ਕੇ ਸਿਧਾਂਤਕ ਪੱਖ ਤੋਂ ਲਗਾਤਾਰ ਮੁਸ਼ੱਕਤ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਪ੍ਰੋ.. ਬਲਕਾਰ ਸਿੰਘ ਵਲੋਂ ਆਪਣੀ ਕਿਤਾਬ 'ਸ੍ਰੀ ਅਕਾਲ ਤਖਤ ਸਾਹਿਬ: ਜੋਤਿ ਅਤੇ ਜੁਗਤਿ' ਅਤੇ ਅਨੇਕਾਂ ਲਿਖਤਾਂ ਰਾਹੀਂ ਆਪਣੇ ਵਿਚਾਰ ਸਮੇਂ-ਸਮੇਂ ਵੱਖ-ਵੱਖ ਅਖ਼ਬਾਰਾਂ, ਰਸਾਲਿਆਂ ਰਾਹੀਂ ਪੇਸ਼ ਕੀਤੇ ਹਨ।

ਇੱਥੇ ਅਸੀਂ ਉਨ੍ਹਾਂ ਦੀ ਮੁੱਖ ਕਿਤਾਬ ਅਤੇ ਫੁੱਟਕਲ ਲੇਖਾਂ ਨੂੰ ਪਾਸੇ ਰੱਖਦਿਆਂ, ਆਪਣੀ ਚਰਚਾ ਅਕਾਲੀ-ਪੰਥਕ ਰਾਜਨੀਤੀ ਦੇ ਮੌਜੂਦਾ ਸੰਕਟ ਦੀਆਂ ਜੜ੍ਹਾਂ ਨੂੰ ਫ੍ਰੋਲਣ ਲਈ 'ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦਾ ਪੰਥਕ ਪ੍ਰਸੰਗ' ('ਪੰਜਾਬ ਟਾਈਮਜ਼', 2 ਨਵੰਬਰ, 2024) ਸਿਰਲੇਖ ਹੇਠ ਲਿਖੀ, ਉਨ੍ਹਾਂ ਦੀ ਪ੍ਰਤੀਨਿੱਧ ਲਿਖਤ ਤੱਕ ਹੀ ਸੀਮਤ ਰੱਖਾਂਗੇ।

ਇਸ ਲੇਖ ਦੇ ਸ਼ੁਰੂ ਵਿਚ ਉਹ ਲਿਖਦੇ ਹਨ: 'ਸਿੱਖਾਂ ਵਿਚਕਾਰ ਸ਼ੰਕਾ-ਰਹਿਤ ਧੁਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ ਅਤੇ ਅਕਾਲ ਤਖਤ ਸਾਹਿਬ ਨੂੰ ਬਾਵਜੂਦ ਵੰਗਾਰਾਂ ਦੇ, ਸਿਧਾਂਤ ਰੂਪ ਵਿਚ ਪੰਥਕ-ਮਾਨਤਾ ਪ੍ਰਾਪਤ ਹੈ..। ..ਕਾਫੀ ਦੇਰ ਤੋਂ ਸਿੱਖ-ਸਿਆਸਤ ਅਜਿਹੇ ਸਿਆਸੀ-ਪੈਂਤੜਿਆਂ ਦੀ ਸ਼ਿਕਾਰ ਹੋ ਗਈ ਹੈ ਕਿ ਸਿੱਖ-ਸਿਆਸਤ ਦਾ ਹਰ ਧੜਾ, ਅਕਾਲ ਤਖਤ ਸਾਹਿਬ ਦੀ ਆੜ ਵਿਚ, ਕੋਈ ਨਾ ਕੋਈ ਸਿਆਸੀ-ਸ਼ਿਕਾਰ ਕਰਨ ਲਈ ਘਾਤ ਲਾਈ ਬੈਠਾ ਹੈ। ਇਸ ਕਿਸਮ ਦੇ ਸਿਆਸੀ-ਪੈਂਤੜਿਆਂ ਵਿਚ ਕੁਝ ਵੀ ਗੁਰਮਤਿ ਮੁਤਾਬਿਕ ਨਜ਼ਰ ਨਹੀਂ ਆਉਂਦਾ? ਪਹਿਲਾਂ ਤਾਂ ਧੜੇ ਵਿਚ ਖਲੋ ਕੇ ਗੱਲ ਕਰਨਾ, ਫਿਰ ਤਖਤ ਦੀ ਬਦਨੀਤੀ ਨਾਲ ਆੜ ਲੈਣਾ ਅਤੇ ਆਪਣੀ ਪੀੜ੍ਹੀ ਹੇਠ ਸੋਟਾ ਮਾਰੇ ਬਗੈਰ ਹੀ, ਵਿਅਕਤੀ ਦੇ ਸੱਚ ਨੂੰ ਪੰਥਕ ਸੱਚ ਐਲਾਨਣ ਦੀ ਵਧੀਕੀ ਕਰਨ ਨੂੰ ਸਿੱਖ-ਸਿਆਸਤ ਸਮਝ ਲਿਆ ਗਿਆ ਹੈ'? ਇੱਥੇ ਉਨ੍ਹਾਂ ਦੇ 4 ਅਪਰੈਲ, 2020 ਨੂੰ 'ਪੰਜਾਬ ਟਾਈਮਜ਼' ਵਿਚ ਛਪੇ ਇੱਕ ਹੋਰ ਲੇਖ 'ਸ਼੍ਰੋਮਣੀ ਕਮੇਟੀ ਬਨਾਮ ਸਿੱਖ ਸਿਆਸਤ' ਦਾ ਹਵਾਲਾ ਵੀ ਕੁਥਾਂਹ ਨਹੀਂ ਹੋਵੇਗਾ। ਲਿਖਦੇ ਹਨ: 'ਦੇਸ਼ ਦੀ ਅਜ਼ਾਦੀ ਵਿਚ ਸਿੱਖਾਂ ਦੀ ਅਹਿਮ ਭੂਮਿਕਾ ਤੋਂ ਕੋਈ ਇਨਕਾਰੀ ਨਹੀਂ ਹੈ। ਇਸ ਸਥਿਤੀ ਵਿਚ ਵੀ ਗੁਰਦੁਆਰਾ ਸੁਧਾਰ ਲਹਿਰ, ਜਿਸ ਤਰ੍ਹਾਂ ਸਿਦਕ, ਸਿਰੜ ਅਤੇ ਸਹਿਜ ਨਾਲ ਚਲਾਈ ਗਈ ਸੀ, ਉਸਦੇ ਵਿਸਥਾਰ ਵਿਚ ਜਾਏ ਬਿਨਾ, ਕਹਿਣਾ ਚਾਹੁੰਦਾ ਹਾਂ ਕਿ ਸਮੇਂ ਦੀ ਕਲੋਨੀਅਲ ਸਰਕਾਰ ਨੇ ਸਿੱਖਾਂ ਵਲੋਂ ਗੁਰਦੁਆਰਿਆਂ ਦੇ ਪ੍ਰਬੰਧ ਦੀ ਮੰਗ ਨੂੰ 1925 ਦੇ ਗੁਰਦੁਆਰਾ ਐਕਟ ਰਾਹੀਂ ਮੰਨ ਲਿਆ ਸੀ। ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਕਮੇਟੀ 1920 ਵਿਚ ਹੀ ਹੋਂਦ 'ਚ ਆ ਗਈ ਸੀ ਅਤੇ ਉਨ੍ਹਾਂ ਸਮਿਆਂ ਵਿਚ ਹੀ ਸਿੱਖ ਹਿੱਤਾਂ ਦੀ ਪਹਿਰੇਦਾਰੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਵੱਖਰੀ ਸਥਾਪਨਾ ਵੀ ਕਰ ਲਈ ਗਈ ਸੀ। ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਇਹ ਦੋਵੇਂ ਸੰਸਥਾਵਾਂ ਇੱਕ ਦੂਜੇ ਦੇ ਪੂਰਕ ਵਜੋਂ ਕੰਮ ਕਰਦੀਆਂ ਰਹੀਆਂ ਸਨ।'

ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸ੍ਰੀ ਅਕਾਲ ਤਖਤ ਸਾਹਿਬ, ਐਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪ੍ਰਮੁੱਖ ਸੰਸਥਾਵਾਂ ਆਪਣੇ ਮੁਢਲੇ ਦੌਰ ਵਿਚ ਇੱਕ ਦੂਜੇ ਦੇ ਪੂਰਕ ਕੰਮ ਕਰਦੀਆਂ ਰਹੀਆਂ ਸਨ? ਸ਼ਾਇਦ ਇਹ ਹਕੀਕਤ ਨਹੀਂ ਹੈ। ਇਹ ਮਹਿਜ਼ ਬੀਤੇ ਦੇ ਸੁਨਿਹਰੀ ਯੁਗ ਬਾਰੇ ਹੇਰਵਾ ਹੀ ਹੈ। ਬੀਤੇ ਦੇ ਇਤਿਹਾਸਕ ਵਿਰਸੇ ਨੂੰ ਯਾਦ ਕਰਨਾ ਕੋਈ ਮਾੜੀ ਗੱਲ ਨਹੀਂ। ਭਾਈ ਵੀਰ ਸਿੰਘ ਤੋਂ ਪ੍ਰੋ.. ਹਰਿੰਦਰ ਸਿੰਘ ਮਹਿਬੂਬ ਤੱਕ ਕਈ ਅਹਿਮ ਸਿੱਖ ਚਿੰਤਕਾਂ ਨੇ ਇਸ ਪ੍ਰਥਾਏ ਬਥੇਰੀਆਂ ਮਾਣਯੋਗ ਸਿਖਰਾਂ ਛੋਹੀਆਂ ਹੋਈਆਂ ਹਨ। ਇਹ ਮਨੁੱਖੀ ਪ੍ਰਵਿਰਤੀ ਹੈ, ਕੋਈ ਮਿਹਣਾ ਨਹੀਂ ਹੈ। 18ਵੀਂ ਸਦੀ ਦੇ ਸੁਨਿਹਰੀ ਵਿਰਸੇ ਦੀ ਬਹਾਲੀ ਦੀਆਂ ਗੱਲਾਂ ਵੀ ਸਿੱਖ ਭਾਈਚਾਰੇ ਵਿਚ ਆਮ ਹੀ ਪ੍ਰਚਲਿਤ ਹਨ। ਇਸਲਾਮੀ ਜਗਤ ਵਿਚ ਇੱਕ ਹਜ਼ਾਰ ਸਾਲ ਤੋਂ ਵੀ ਵੱਧ ਨਾਮੀ 'ਸੁਪਨਸਾਜ਼ ਚਿੰਤਕ' ਮੁਢਲੇ ਚਾਰ ਖਲੀਫਿਆਂ ਬਾਰੇ ਸੁਨਿਹਰੀ ਦੌਰ ਦੀ ਬਹਾਲੀ ਦੇ ਸੁਪਨੇ ਸਿਰਜਦੇ ਰਹਿੰਦੇ ਹਨ। ਸਿਰਫ ਸੁਪਨੇ ਹੀ ਨਹੀਂ ਲੈਂਦੇ, ਸਗੋਂ ਸੁਪਨੇ ਪੂਰੇ ਕਰਨ ਤੱਕ ਨਾ ਉਨ੍ਹਾਂ ਦਾ ਤਹੱਈਆ ਹੈ ਕਿ ਨਾ ਉਨ੍ਹਾਂ ਆਪ ਚੈਨ ਲੈਣਾ ਹੈ ਅਤੇ ਨਾ ਕਿਸੇ ਨੂੰ ਲੈਣ ਹੀ ਦੇਣਾ ਹੈ। ਵਿਰਸੇ 'ਤੇ ਅਜਿਹਾ ਮਾਣ ਕੋਈ ਜੀਅ ਸਦਕੇ ਕਰੇ, ਕੋਈ ਇਤਰਾਜ਼ ਨਹੀਂ, ਪਰ ਲੋੜ ਜੋਸ਼ ਦੇ ਨਾਲ-ਨਾਲ ਹੋਸ਼ 'ਤੋਂ ਕੰਮ ਲੈਣ ਦੀ ਵੀ ਹੁੰਦੀ ਹੈ। ਵੱਡੀ ਲੋੜ ਤਾਂ ਇਹ ਹੈ ਕਿ ਵਿਰਸੇ ਦੀ 'ਮਿੱਥ ਤੇ ਹਕੀਕਤ' ਨੂੰ ਨਿਖੇੜਿਆ ਕਿਵੇਂ ਜਾਵੇ ਅਤੇ ਫਿਰ ਉਸਨੂੰ ਅਜੋਕੀ ਗੁੰਝਲਦਾਰ ਦੁਨੀਆਂ ਦੀਆਂ ਸੀਮਾਵਾਂ ਅੰਦਰ ਅਮਲ ਵਿਚ ਉਤਾਰਿਆ ਕਿਵੇਂ ਜਾਵੇ? ਪ੍ਰੋ. ਬਲਕਾਰ ਸਿੰਘ ਵਰਗੇ ਵਿਦਵਾਨਾਂ ਨੂੰ ਤਾਂ ਇਹ ਪਤਾ ਹੋਵੇਗਾ ਕਿ ਇਸਲਾਮੀ ਜਗਤ ਅੰਦਰ ਮੁਹੰਮਦ ਸਾਹਿਬ ਦੇ ਅੱਖਾਂ ਬੰਦ ਕਰਦੇ ਸਾਰ ਹੀ ਉਥੇ ਕਿਸ ਕਿਸਮ ਦੇ 'ਸੁਨਹਿਰੀ ਯੁਗ' ਦੀ ਸ਼ੁਰੂਆਤ ਹੋਈ ਸੀ, ਜਦੋਂ ਉਨ੍ਹਾਂ ਦੇ ਵਾਰਿਸਾਂ ਨੇ ਇੱਕ-ਦੂਜੇ ਦਾ ਖੂਨ ਵਹਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਹ ਜੰਗ ਅੱਜ ਵੀ ਸੈਂਕੜੇ ਇਸਲਾਮੀ ਫਿਰਕਿਆਂ ਦੇ ਰੂਪ ਵਿਚ ਵੱਖ-ਵੱਖ ਢੰਗਾਂ ਨਾਲ ਜਾਰੀ ਹੈ। {ਦੇਖੋ: ਤਾਰਿਕ ਫਤਹਿ ਦੀ ਕਿਤਾਬ 'ਚੇਜ਼ਿੰਗ ਏ ਮਿਰਾਜ਼'। ਧਰਮ ਅਤੇ ਰਾਜਨੀਤੀ, ਇਸਾਈਅਤ ਤੇ ਇਸਲਾਮੀ ਜਗਤ ਵਿਚ ਵੀ ਸਦੀਆਂ ਤੱਕ ਇਕੱਠੇ ਚੱਲਦੇ ਰਹੇ ਸਨ। ਸਗੋਂ ਇਸਾਈ ਜਗਤ ਅੰਦਰ ਤਾਂ ਸਦੀਆਂ ਤਕ ਸਰਦਾਰੀ ਹੀ ਰੋਮਨ ਪੋਪ ਦੀ ਚੱਲਦੀ ਸੀ। ਬੜੀ ਮਸ਼ਕਿਲ ਨਾਲ ਲੱਖਾਂ-ਕਰੋੜਾਂ ਲੋਕਾਂ ਦਾ ਖੂਨ ਵਹਾ ਕੇ ਉਸ ਰਵਾਇਤ ਤੋਂ ਯੂਰਪ ਦੇ ਲੋਕਾਂ ਨੂੰ ਮੁਕਤੀ ਦਵਾਈ ਜਾ ਸਕੀ। ਕੀ ਪੋਪ ਦਾ ਰੁਤਬਾ ਅੱਜ ਵੀ ਇਸਾਈ ਜਗਤ ਵਿਚ ਸਭ ਤੋਂ ਵੱਧ ਸਤਿਕਾਰਤ ਥਾਂ 'ਤੇ ਨਹੀਂ ਹੈ? ਪਰੰਤਅੱਜ ਦੀ ਅਜੋਕੀ ਰਾਜਨੀਤੀ ਵਿਚ ਉਸਦਾ ਰੋਲ ਕੀ ਹੈ? ਕੀ ਉਸ 'ਤੋਂ ਕੋਈ ਸੰਕੇਤ ਨਹੀਂ ਲਿਆ ਜਾ ਸਕਦਾ?

ਕੀ ਗੁਰਦੁਆਰਾ ਐਕਟ 1925 ਬਣਦੇ ਸਾਰ ਹੀ ਗੁਰਦੁਆਰਿਆਂ ਦੇ ਪ੍ਰਬੰਧ ਦੇ ਕਬਜ਼ਿਆਂ ਅਤੇ ਆਪਸੀ ਸੱਤਾ ਭੇੜ 'ਚ ਸਿੱਖ ਨੇਤਾਵਾਂ ਵਿਚ ਵੀ ਘਰੋਗੀ ਜੰਗ ਸ਼ੁਰੂ ਨਹੀਂ ਹੋ ਗਈ ਸੀ? ਜਦਕਿ ਤੱਥ ਮੂਲਕ ਸਚਾਈ ਇਹ ਹੈ ਕਿ ਗੁਰਦੁਆਰਾ ਐਕਟ ਬਣਦਿਆਂ ਹੀ ਪ੍ਰਮੁੱਖ ਅਕਾਲੀ ਆਗੂ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਗਿਆਨੀ ਸ਼ੇਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਦੋ ਧੜਿਆਂ ਵਿਚ ਵੰਡੇ ਗਏ ਸਨ। ਜੋ 1945 ਤੱਕ ਮੁੜ ਕਦੇ ਇੱਕ ਪਲੈਟਫਾਰਮ 'ਤੇ ਆਏ ਹੀ ਨਹੀਂ। 1947 ਤੋਂ ਬਾਅਦ ਵੀ ਅਕਾਲੀ ਕਦੇ ਇਕੱਠੇ ਇੱਕ ਪਲੈਟਫਾਰਮ 'ਤੇ ਨਹੀਂ ਆਏ, ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਧੜੇ ਬਣਦੇ ਤੇ ਟੁੱਟਦੇ ਰਹੇ ਹਨ। ਮੌਜੂਦਾ ਦੌਰ ਵਿਚ ਵੀ 5-6 ਵੱਖਰੇ-ਵੱਖਰੇ ਧੜੇ ਵਿਚਰ ਰਹੇ ਹਨ। ਪਰ ਹਮੇਸ਼ਾਂ ਭਾਰੂ ਧੜਾ ਉਹੀ ਰਿਹਾ, ਜਿਸ ਕੋਲ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਸੀ। ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਜਥੇਦਾਰਾਂ ਵਿਚੋਂ ਸਰਦੂਲ ਸਿੰਘ ਕਵੀਸ਼ਰ, ਦਰਸ਼ਨ ਸਿੰਘ ਫੇਰੂਮਾਨ, ਸੋਹਣ ਸਿੰਘ ਜਲਾਲਉਸਮਾਨ ਵਰਗੇ ਅਨੇਕਾਂ ਮੋਢੀ ਸਿੱਖ ਲੀਡਰ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨਾਲ ਜਾ ਰਲ਼ੇ ਸਨ, ਜੋ 1947 ਤੋਂ ਬਾਅਦ ਵੀ ਕਾਂਗਰਸ ਵਿਚ ਹੀ ਸਰਗਰਮ ਰਹੇ। ਸੋਹਣ ਸਿੰਘ ਜੋਸ਼, ਤੇਜਾ ਸਿੰਘ ਸੁਤੰਤਰ ਆਦਿ ਵਰਗੇ ਕਈ ਨਾਮੀ ਆਗੂ ਕਮਿਊਨਿਸਟ ਲਹਿਰ ਵਿਚ ਚਲੇ ਗਏ, ਜੋ ਸਾਰੀ ਉਮਰ ਉਥੇ ਹੀ ਰਹੇ। ਇਸ ਸਬੰਧੀ ਸ. ਹਰਦੇਵ ਸਿੰਘ ਧਾਲੀਵਾਲ, ਸਾਬਕਾ ਪੀ ਸੀ ਐਸ ਦੀ ਕਿਤਾਬ 'ਪੰਥ ਪ੍ਰਸਤ ਗਿਆਨੀ ਸ਼ੇਰ ਸਿੰਘ: ਪੰਥਕ ਸੋਚ' ਅਨੁਸਾਰ: 'ਗੁਰਦੁਆਰਾ ਐਕਟ ਦੀ ਵਰਤੋਂ ਕਰਨ ਦੇ ਸਵਾਲ 'ਤੇ 1925 ਵਿਚ ਹੀ ਅਕਾਲੀ ਦਲ ਦੇ ਦੋ ਧੜੇ ਬਣ ਗਏ ਸਨ। ਇੱਕ ਵਿਚ ਗਿਆਨੀ ਸ਼ੇਰ ਸਿੰਘ, ਸਰਦਾਰ ਬਹਾਦਰ ਮਹਿਤਾਬ ਸਿੰਘ ਅਤੇ ਦੂਜੇ ਵਿਚ ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ. ਅਮਰ ਸਿੰਘ ਝੁਬਾਲ ਆਦਿ ਲੀਡਰ




ਪ੍ਰੋ. ਬਲਕਾਰ ਸਿੰਘ

ਸਨ। ਗੁਰਦੁਆਰਾ ਐਕਟ ਬਣਨ ਤੋਂ ਬਾਅਦ ਪਹਿਲੀ ਵਾਰ 1926 'ਚ ਹੋਈ ਚੋਣ ਵਿਚ ਦੋਨਾਂ ਧੜਿਆਂ ਵਿਚ ਤਲਖੀ ਹੋਰ ਵਧ ਗਈ। ਪੰਥ ਦਰਦੀਆਂ ਨੇ ਸੁਲ੍ਹਾ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ, ਪਰ ਤਲਖੀ ਤੇ ਧੜੇਬੰਦੀ ਹੋਰ ਤਿੱਖੀ ਹੁੰਦੀ ਗਈ...(ਪੰਨਾ-16)। ਇਸ ਵਿਸ਼ੇ ਬਾਰੇ ਇੱਕ ਹੋਰ ਵਾਰਤਾ ਇਸੇ ਕਿਤਾਬ ਵਿਚ ਇਉਂ ਲਿਖੀ ਹੋਈ ਹੈ: '15-16 ਨਵੰਬਰ, 1920 ਨੂੰ ਗੁਰਦੁਆਰਿਆਂ ਦੇ ਪ੍ਰਬੰਧ ਲਈ 175 ਮੈਂਬਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। ਅੰਗਰੇਜ਼ ਸਰਕਾਰ ਨੇ ਇਹ ਕਮੇਟੀ ਅਯੋਗ ਕਰਾਰ ਦੇ ਦਿੱਤੀ ਅਤੇ ਸਾਰੇ ਲੀਡਰ ਜ਼ੇਲ੍ਹਾਂ ਵਿਚ ਡੱਕ ਦਿੱਤੇ ਗਏ। ਅੰਗਰੇਜ਼ ਸਰਕਾਰ ਨੇ 1925 ਵਿਚ ਗੁਰਦੁਆਰਾ ਐਕਟ ਬਣਾ ਕੇ ਸ਼ਰਤ ਰੱਖੀ ਕਿ ਜਿਹੜਾ ਸਿੱਖ ਲੀਡਰ ਇਸ ਐਕਟ 'ਤੇ ਸਾਈਨ ਕਰੇਗਾ, ਉਸਨੂੰ ਹੀ ਰਿਹਾਅ ਕੀਤਾ ਜਾਵੇਗਾ। ਬਹੁਤੇ ਲੀਡਰ ਸਾਈਨ ਕਰਕੇ ਬਾਹਰ ਆ ਗਏ ਅਤੇ ਰਹਿੰਦਿਆਂ ਨੂੰ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਬਾਅਦ ਰਿਹਾਅ ਕੀਤਾ ਗਿਆ। ਜਿਸ ਨਾਲ ਸ਼ੁਰੂ ਵਿਚ ਹੀ ਅਕਾਲੀ ਲੀਡਰਸ਼ਿਪ ਵਿਚ ਦੋ ਧੜੇ ਬਣ ਗਏ ਸਨ'। (ਪੰਨਾ-ਕ)

ਇਸ ਪ੍ਰਥਾਏ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਆਪਣੀ ਕਿਤਾਬ 'ਅਕਾਲੀ ਲਹਿਰ' ਵਿਚ ਲਿਖਦੇ ਹਨ: 'ਅਕਾਲੀ ਲੀਡਰ ਬਾਵਾ ਹਰਕ੍ਰਿਸ਼ਨ ਸਿੰਘ ਨੇ (ਜੋ ਉਸ ਵਕਤ ਲਾਹੌਰ ਕਿਲ੍ਹੇ ਵਿਚ ਕੈਦ ਸਨ), 25 ਜਨਵਰੀ, 1926 ਨੂੰ ਸਰ ਐਡਰਸ਼ਨ ਦੀ ਅਦਾਲਤ ਵਿਚ ਇਹ ਬਿਆਨ ਪੜ੍ਹ ਕੇ ਸੁਣਾਇਆ, "ਹਿਜ਼ ਐਕਸੇਲੈਂਸੀ, ਗਵਰਨਰ ਪੰਜਾਬ ਨੇ ਜਿਹੜੀ ਤਕਰੀਰ ਜੁਲਾਈ, 1925 ਨੂੰ ਲੈਜਿਸਲੇਟਰ ਕੌਂਸਲ ਵਿਚ ਦਿੱਤੀ ਸੀ। ਉਸਦਾ ਹਵਾਲਾ ਦੇ ਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਗੁਰਦੁਆਰਾ ਐਕਟ ਦਾ ਖਰੜਾ ਤਿਆਰ ਕਰਨ ਵਿਚ ਮੱਦਦ ਕੀਤੀ ਸੀ। ਇਸ ਨਾਲ ਗੁਰਦੁਆਰਾ ਸੁਧਾਰ ਲਹਿਰ ਦੀਆਂ ਜਰੂਰੀ ਗੱਲ਼ਾਂ ਪੂਰੀਆਂ ਹੁੰਦੀਆਂ ਹਨ ਅਤੇ ਇਸਨੂੰ ਤਸੱਲੀਬਖਸ਼ ਸਮਝਦਾ ਹਾਂ। ਇਸ ਐਕਟ ਦੇ ਹੁੰਦਿਆਂ ਅੰਗਰੇਜ਼ ਸਰਕਾਰ ਵਿਰੁੱਧ ਸਿੱਧੀ ਕਾਰਵਾਈ ਦੀ ਲੋੜ ਨਹੀਂ ਰਹਿ ਜਾਂਦੀ। ਇਸ ਲਈ ਮੈਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੋਈ ਸਿੱਧੀ ਕਾਰਵਾਈ ਨਹੀਂ ਕਰਾਂਗਾ। ਇਸ ਐਕਟ 'ਤੇ ਸੰਜੀਦਗੀ ਨਾਲ ਵਿਚਾਰ ਕਰਾਂਗਾ। ਸੱਚੇ ਦਿਲੋਂ ਪੰਥ ਪਾਸ ਅਪੀਲ ਕਰਾਂਗਾ ਕਿ ਉਹ ਵੀ ਐਸਾ ਹੀ ਕਰੇ'। ਬਾਵਾ ਹਰਕ੍ਰਿਸ਼ਨ ਸਿੰਘ ਦੇ ਇਸ ਬਿਆਨ 'ਤੇ ਗਿਆਨੀ ਸ਼ੇਰ ਸਿੰਘ ਧੜੇ ਦੇ ਬਹੁਤੇ ਲੀਡਰਾਂ ਨੇ ਸਹਿਮਤੀ ਜਿਤਾਈ। ਬਿਆਨ 'ਤੇ ਦਸਖਤ ਕਰਨ ਵਾਲੇ ਸਾਰੇ ਲੀਡਰ 26 ਜਨਵਰੀ, 1926 ਨੂੰ ਰਿਹਾਅ ਕਰ ਦਿੱਤੇ ਗਏ ਅਤੇ ਨਾ ਕਰਨ ਵਾਲੇ ਸ. ਤੇਜਾ ਸਿੰਘ ਸਮੁੰਦਰੀ ਧੜੇ ਦੇ 18 ਲੀਡਰ ਅੰਦਰ ਹੀ ਰਹੇ। ਤੇਜਾ ਸਿੰਘ ਸਮੁੰਦਰੀ ਦੀ 17 ਜੁਲਾਈ, 1926 ਨੂੰ ਜ਼ੇਲ੍ਹ ਵਿਚ ਹੀ ਮੌਤ ਹੋ ਗਈ ਤਾਂ ਉਨ੍ਹਾਂ ਦੀ ਥਾਂ ਮਾਸਟਰ ਤਾਰਾ ਸਿੰਘ ਲੀਡਰ ਬਣੇ। ਬਾਅਦ ਵਿਚ 27 ਸਤੰਬਰ, 1926 ਨੂੰ ਸਰਕਾਰ ਨੇ ਸਾਰੇ ਆਗੂ ਰਿਹਾਅ ਕਰ ਦਿੱਤੇ ਅਤੇ ਅਕਾਲੀਆਂ ਵਿਚ ਪਾਰਟੀਬਾਜੀ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਈ। ਇੱਕ-ਦੂਜੇ ਖਿਲਾਫ ਧੂੰਆਂ-ਧਾਰ ਪ੍ਰਚਾਰ ਸ਼ੁਰੂ ਹੋ ਗਿਆ। ਦੂਸ਼ਣਬਾਜੀ ਵਿਚ ਕੋਈ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ ਸੀ। ਪੂਰੇ 6-7 ਸਾਲ ਜਿਹੜੀ ਲੀਡਰਸ਼ਿਪ ਗੁਰਦੁਆਰਾ ਸੁਧਾਰ ਲਈ ਸੰਘਰਸ਼ ਵਿੱਢੀ ਬੈਠੀ ਸੀ। ਉਸਦਾ ਅੰਤ ਪੂਰੀ ਪਾਰਟੀਬਾਜੀ ਨਾਲ ਹੋਇਆ'।

ਡਾ. ਬਲਕਾਰ ਸਿੰਘ ਦੇ ਲੇਖ ਵੱਲ ਦੁਬਾਰਾ ਮੁੜਦੇ ਹਾਂ। ਉਹ ਲਿਖਦੇ ਹਨ: 'ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਅਸਲ ਮੁੱਦਾ ਪੰਥਨੁਮਾ ਸਿਆਸਤ ਅਤੇ ਸਿਆਸਤਨੁਮਾ ਪੰਥਕਤਾ ਦਾ ਭੇੜ ਹੋ ਗਿਆ ਹੈ। ਇਸ ਨਾਲ ਸਿੱਖ ਪਛਾਣ ਨੂੰ ਸਿੱਖ ਨੈਤਿਕਤਾ ਉਤੇ ਪਹਿਲ ਪ੍ਰਾਪਤ ਹੋ ਗਈ ਹੈ; ਪਰਿਵਾਰਕ ਭਲਾਈ, ਕੌਮੀ ਭਲਾਈ ਉਤੇ ਭਾਰੂ ਹੋ ਗਈ ਹੈ। ਜਿਸ ਨਾਲ ਸਿੱਖ ਸਭਿਆਚਾਰ ਅਤੇ ਸਿਆਸੀ ਸਭਿਆਚਾਰ ਰਲਗੱਡ ਹੋ ਗਏ ਹਨ। ਸਿੱਖ ਸਿਆਸਤਦਾਨਾਂ ਲਈ ਸੱਤਾ ਵਿਚ ਰਹਿਣਾ ਹੀ ਮੰਜ਼ਿਲ ਹੋ ਗਿਆ ਹੈ। ਇਸ ਵਾਸਤੇ ਕੁਝ ਵੀ ਕੀਤੇ ਜਾਣ ਨੂੰ ਸਿਆਸੀ ਨੈਤਿਕਤਾ ਸਮਝਿਆ ਜਾਣ ਲੱਗਾ ਹੈ। ਸਿਆਸਤ, ਮਾਨਸਿਕਤਾ ਦੇ ਵਰਤਾਰੇ ਅਨੁਸਾਰ ਢਲ਼ ਜਾਣ ਦੀ ਕਲਾ ਹੈ ਅਤੇ ਧਰਮ ਤੇ ਸਿਆਸਤ ਨੂੰ ਧਰਮ ਦੀ ਕੀਮਤ 'ਤੇ ਹੀ ਇਕੱਠਿਆਂ ਤੋਰਿਆ ਜਾ ਸਕਦਾ ਹੈ। ਵਿਸ਼ਵਾਸ ਅਤੇ ਵਿਧਾਨਿਕਤਾ ਵਿਚਾਲ਼ੇ ਉਲਝੀ ਸ਼੍ਰੋਮਣੀ ਕਮੇਟੀ ਕਸੂਤੀ ਫਸੀ ਹੋਈ ਹੈ। ਸਿੱਖ ਸਿਆਸਤਦਾਨ, ਸ਼੍ਰੋਮਣੀ ਕਮੇਟੀ ਅਤੇ ਤਖਤਾਂ ਦੇ ਜਥੇਦਾਰ ਇੱਕ ਦੂਜੇ ਦੀ ਇੱਕਸੁਰਤਾ ਵਿਚੋਂ ਨਿਕਲ ਕੇ ਆਪ ਸਹੇੜੀ ਸਿਆਸਤ ਦਾ ਸ਼ਿਕਾਰ ਹੋ ਗਏ ਹਨ।' ਅਕਾਲੀਆਂ ਦੇ ਮੌਜੂਦਾ ਸੰਕਟ 'ਤੇ ਟਿੱਪਣੀ ਕਰਦਿਆਂ, ਉਹ ਖੁਦ ਮੰਨਦੇ ਹਨ: 'ਸਿੱਖ ਸਿਆਸਤਦਾਨਾਂ ਦੀ ਦਿਲਚਸਪੀ ਪੰਥਕ ਹੱਲ ਲੱਭੇ ਜਾਣ ਵਿਚ ਅੱਜ ਵੀ ਨਜ਼ਰ ਨਹੀਂ ਆਉਂਦੀ? ਉਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਹੈ ਕਿ ਵਿਰੋਧੀ ਧੜੇ ਨੂੰ ਮਾਤ ਦੇਣ ਦੀ ਸਿਆਸਤ ਵਾਸਤੇ, ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਕਿਵੇਂ ਵਰਤਿਆ ਜਾਵੇ'?

ਲੇਖ ਅੰਦਰ ਪ੍ਰੋ.ਸਾਹਿਬ ਨੇ ਸਭ ਤੋਂ ਵੱਧ ਕੀਮਤੀ ਸੁਝਾਅ ਇਹ ਦਿੱਤਾ ਹੈ: 'ਸਿੱਖ ਮਾਨਸਿਕਤਾ ਦੀ ਰਾਏ ਜਾਣਨ ਵਾਸਤੇ ਸੰਗਤੀ ਜੁਗਤਿ ਦੀ ਵਰਤੋਂ ਕਰਦਿਆਂ, ਦਰਪੇਸ਼ ਸਿਆਸੀ ਮਸਲਿਆਂ ਨਾਲ ਸਬੰਧਤ ਸਿੱਖ ਲੀਡਰਾਂ ਅਤੇ ਸਿੱਖ ਸੰਗਤ ਨੂੰ ਇਕੱਠਿਆਂ ਇੱਕੋ ਵੇਲੇ, ਅਕਾਲ ਤਖਤ ਸਾਹਿਬ ਉਤੇ ਸੱਦਾ ਦੇਣਾ ਚਾਹੀਦਾ ਹੈ। ਇੱਥੇ ਜਥੇਦਾਰ ਸੰਗਤ ਨੂੰ




ਸੁਣ ਕੇ ਸਰਬਸੰਮਤੀ ਨਾਲ ਫੈਸਲੇ ਲੈਣ। ਪਰ ਫੈਸਲਿਆਂ ਨੂੰ ਤਨਖਾਹ ਲਾ ਕੇ ਨਿਪਟਾਉਣ ਜਾਂ ਹੁਕਮਨਾਮੇ ਰਾਹੀਂ ਮੰਨਵਾਉਣ ਦੀ ਥਾਂ, ਸਭ ਸਿੱਖਾਂ ਤੱਕ ਪਹੁੰਚਾ ਦੇਣ। ਸਿੱਖ ਆਪ ਹੀ ਫੈਸਲਾ ਕਰ ਲੈਣ ਕਿ ਉਨ੍ਹਾਂ ਕਿਸ ਲੀਡਰ ਦਾ ਸਾਥ ਦੇਣਾ ਹੈ ਜਾਂ ਜਥੇਦਾਰਾਂ ਦੀ ਰਾਏ ਦਾ ਕਿਤਨਾ ਕੁ ਮਾਣ ਰੱਖਣਾ'। ਪ੍ਰੋ. ਬਲਕਾਰ ਸਿੰਘ ਨੇ ਤਨਖਾਹ ਲਾਉਣ ਦੀ ਵਿਧੀ ਬਾਰੇ ਅਜਿਹਾ ਹੀ ਇੱਕ ਹੋਰ ਵਡਮੁੱਲਾ ਸੁਝਾਅ ਦਿਤਾ ਹੈ: 'ਤਨਖਾਹ ਲਾਉਣ ਦੀ ਵਿਧੀ, ਸਬੰਧਤ ਕਥਿਤ-ਦੋਸ਼ੀ ਸਿੱਖ ਨੂੰ ਭਾਈਚਾਰਕ ਸ਼ਰਮਿੰਦਗੀ ਤੋਂ ਬਚਾਉਣ ਵਾਸਤੇ ਹੀ ਸੀ। ਉਹ ਵੀ ਜੇ ਕੋਈ ਸਿੱਖ ਖੁਦ ਬੇਨਤੀ ਕਰੇ ਤਾਂ ਹੀ ਇਸਦੀ ਵਰਤੋਂ ਕਰਨੀ ਚਾਹੀਦੀ ਹੈ। ਛੇਕੇ ਜਾਣ ਦੀ ਵਿਧੀ, ਇਸ ਤੋਂ ਵੱਖ ਕਰਕੇ ਦੇਖੇ ਜਾਣ ਦੀ ਲੋੜ ਹੈ'।

ਉਪਰਲੀਆਂ ਸਤਰਾਂ ਪੜ੍ਹਦਿਆਂ, ਅਨੇਕਾਂ ਸਵਾਲ ਤੇ ਖਦਸ਼ੇ ਉਭਰਦੇ ਰਹੇ ਹਨ ਕਿ ਇਸ ਸੰਸਥਾ ਦਾ ਮੌਜੂਦਾ ਦੌਰ ਵਿਚ ਰੋਲ ਕਿਵੇਂ ਨਿਰਧਾਰਿਤ ਕੀਤਾ ਜਾਵੇ? ਕੀ ਸਾਡੇ ਸਿੱਖ ਵਿਦਵਾਨ, ਦੱਸ ਸਕਦੇ ਹਨ ਕਿ 1760-65 ਵਿਚ ਸਿੱਖ ਮਿਸਲਾਂ ਦੇ ਹੋਂਦ 'ਚ ਆ ਜਾਣ 'ਤੋਂ ਬਾਅਦ; ਅਕਾਲੀ ਫੂਲਾ ਸਿੰਘ ਵਲੋਂ ਮਹਾਰਾਜੇ ਨੂੰ ਕੋੜੇ ਮਾਰਨ ਦੀ ਵਿਵਾਦਤ ਘਟਨਾ ਪਿੱਛੋਂ ਸਿੱਖ ਰਾਜ ਦੀ ਚੜ੍ਹਤ ਦੇ ਅਗਲੇ 30-35 ਸਾਲਾਂ ਦੌਰਾਨ; ਸਿੱਖ ਸਲਤਨਤ ਦੇ ਵਿਨਾਸ਼ ਦੇ 7-8 ਵਰ੍ਹਿਆਂ ਦੌਰਾਨ; 1849-1920 ਤੱਕ ਅੰਗਰੇਜ਼ੀ ਹਕੂਮਤ ਦੌਰਾਨ; ਗੁਰਦੁਆਰਾ ਐਕਟ ਹੋਂਦ 'ਚ ਆ ਜਾਣ ਤੋਂ 1945 ਤੱਕ; ਫਿਰ 1947 ਤੋਂ 1966 ਵਿਚ ਪੰਜਾਬੀ ਸੂਬਾ ਬਣ ਜਾਣ ਤੱਕ ਜਾਂ ਉਸ ਤੋਂ ਪਿੱਛੋਂ ਅੱਜ ਤੱਕ, ਸਿੱਖ/ਅਕਾਲੀ ਰਾਜਨੀਤਕ ਸਫਾਂ ਵਿਚ ਕਦੇ ਵੀ ਇੱਕ-ਦੂਜੇ ਦੇ ਪੂਰਕ ਵਾਲੀ ਏਕਤਾ ਨਜ਼ਰ ਨਹੀਂ ਆਉਂਦੀ। ਵਾਰ-ਵਾਰ ਇੱਕ ਤੋਂ ਬਾਅਦ ਇੱਕ ਨਿੱਤ ਨਵੇਂ ਗੰਭੀਰ ਸੰਕਟ ਉਭਰਦੇ ਰਹੇ ਹਨ। ਪ੍ਰੋ.ਸਾਹਿਬ ਵਲੋਂ ਸੁਝਾਈ ਆਦਰਸ਼ਕ ਜੁਗਤ ਰਾਹੀਂ ਕੀ ਸ੍ਰੀ ਅਕਾਲ ਤਖਤ ਦੀ ਸੰਸਥਾ ਵਲੋਂ ਇਤਿਹਾਸ ਦੇ ਕਿਸੇ ਵੀ ਮੋੜ 'ਤੇ ਕੋਈ ਹੰਢਣਸਾਰ ਹੱਲ ਕੱਢੇ ਜਾ ਸਕੇ ਸਨ/ਹਨ? ਸਚਾਈ ਤਾਂ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀ ਰਾਜਨੀਤਕ ਸੱਤਾ 'ਤੇ ਜੇ ਸਾਲ 1997-2002 ਅਤੇ ਫਿਰ ਤੋਂ 2007-2017 ਤੱਕ 15 ਸਾਲ ਚੰਗੀ ਜਾਂ ਮਾੜੀ, ਅਕਾਲੀ/ਪੰਥਕ ਸਰਕਾਰ ਚਲਾਈ, ਉਸਦਾ ਸਿਹਰਾ ਸਿਰਫ ਤੇ ਸਿਰਫ ਸ. ਪ੍ਰਕਾਸ਼ ਸਿੰਘ ਬਾਦਲ ਦੀ ਕੂਟਨੀਤੀ ਸਿਰ ਹੀ ਬੱਝਦਾ ਹੈ। ਜਥੇਦਾਰ ਟੌਹੜਾ ਤਾਂ ਦਿਲੋਂ ਕਦੇ ਵੀ ਉਨ੍ਹਾਂ ਦੇ ਨਾਲ ਨਹੀਂ ਸਨ, ਬਲਕਿ 1984 ਤੋਂ ਬਾਅਦ ਉਨ੍ਹਾਂ ਦੇ ਵਿਰੋਧੀ ਖੇਮੇ ਵਿਚ ਹੀ ਰਹੇ। ਇੱਥੋਂ ਤੱਕ ਕਿ ਸਾਲ 1994 ਵਿਚ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਦੀ ਕ੍ਰਿਪਾ ਨਾਲ ਭਾਂਤ-ਭਾਂਤ ਦੇ ਅਕਾਲੀ ਧੜਿਆਂ ਨੂੰ ਜ਼ਬਰੀ ਏਕਤਾ ਵਿਚ ਨੂੜਨ ਦੀ ਖੇਡ ਨਾਲ ਇੱਕ ਵਾਰ ਤਾਂ ਸ. ਪ੍ਰਕਾਸ ਸਿੰਘ ਬਾਦਲ ਦਾ ਪੰਥਕ ਰਾਜਨੀਤੀ ਵਿਚੋਂ ਘੋਗਾ ਹੀ ਚਿੱਤ ਕਰ ਦਿੱਤਾ ਸੀ। ਸਚਾਈ ਤਾਂ ਇਹ ਹੈ ਕਿ ਜਥੇਦਾਰ ਟੌਹੜਾ ਥੱਕ-ਹਾਰ ਕੇ 1996 ਵਿਚ ਉਨ੍ਹਾਂ ਦੇ ਖੇਮੇ ਅੰਦਰ ਉਸ ਮੌਕੇ ਆਏ, ਜਦੋਂ ਸ. ਬਾਦਲ ਦਾ ਮੁੱਖ ਮੰਤਰੀ ਬਣਨਾ ਕੰਧ 'ਤੇ ਸਾਫ ਲਿਖਿਆ ਨਜ਼ਰ ਆਉਣ ਲੱਗਾ। ਉਸ ਮੌਕੇ ਸ. ਬਾਦਲ ਕੋਲ ਆਪਣੀ ਸੱਤਾ ਯਕੀਨੀ ਬਣਾਈ ਰੱਖਣ ਲਈ ਭਾਜਪਾ ਨਾਲ ਸਾਂਝ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਹੀਂ ਰਹਿ ਗਿਆ ਸੀ। ਸਵਾਲ ਤਾਂ ਇਹ ਹੈ, ਜਿਹੜਾ ਬਹੁਤੇ ਸਿੱਖ ਚਿੰਤਕ ਉਠਾਉਂਦੇ ਹੀ ਨਹੀਂ, ਕਿ ਜਥੇਦਾਰ ਟੌਹੜਾ, ਸਿਰੇ ਦੇ ਗੈਰ-ਅਸੂਲੀ ਢੰਗ ਨਾਲ ਆਪਣੇ ਸਾਥੀਆਂ ਨੂੰ ਪਿੱਠ ਦੇ ਕੇ 'ਬਾਦਲ ਦੀ ਲੀਡਰਸ਼ਿਪ' ਹੇਠ ਵਾਪਿਸ ਕਿਉਂ ਆਏ? ਸਭ ਨੂੰ ਪਤਾ ਹੈ ਕਿ ਦੁੱਧ ਦਾ ਸੜ੍ਹਿਆ ਬੰਦਾ, ਲੱਸੀ ਵੀ ਫੂਕ-ਫੂਕ ਪੀਂਦਾ। ਅਸਲੀਅਤ ਤਾਂ ਇਹ ਹੈ ਕਿ ਬਾਦਲ ਉਸ ਵਕਤ ਆਪਣੇ ਅੰਦਰਲੇ ਵਿਰੋਧੀਆਂ ਤੋਂ ਬੇਹੱਦ ਡਰਿਆ ਹੋਇਆ ਸੀ। ਫਿਰ ਆਦਮਪੁਰ ਸੀਟ ਦੀ ਜਿਮਨੀ ਚੋਣ ਮੌਕੇ ਅਕਾਲੀ ਉਮੀਦਵਾਰ ਦੇ 2-4 ਵੋਟਾਂ ਦੇ ਫਰਕ ਨਾਲ ਹਾਰ ਜਾਣ 'ਤੇ ਜਥੇਦਾਰ ਟੌਹੜਾ ਨੂੰ ਤੱਤੇ ਘਾਹ ਹੀ ਉਪਦੇਸ਼ ਦੇਣ ਦੀ ਕੀ ਜਰੂਰਤ ਸੀ?

ਸਾਡਾ ਪ੍ਰੋ. ਬਲਕਾਰ ਸਿੰਘ ਹੋਰਾਂ ਨੂੰ ਸਵਾਲ ਹੈ ਕਿ ਉਨ੍ਹਾਂ ਵਲੋਂ ਸੁਝਾਈ ਸੰਗਤੀ ਜੁਗਤ ਦੀ ਵਰਤੋਂ ਕਰਦਿਆਂ, ਕੀ ਜਥੇਦਾਰਾਂ ਨੇ ਦਰਪੇਸ਼ ਮਸਲੇ ਹੱਲ ਕਰਨ ਲਈ ਕਦੇ ਸਿੱਖ ਲੀਡਰਾਂ ਅਤੇ ਸੰਗਤਾਂ ਨੂੰ ਇਕੱਠਿਆਂ ਬੁਲਾਇਆ ਹੈ? ਜੇ ਬੁਲਾਇਆ ਵੀ ਹੈ ਤਾਂ ਕੀ ਕਦੇ, ਕੋਈ ਸਾਰਥਿਕ ਸਿੱਟਾ ਨਿਕਲ਼ਿਆ ਹੈ? ਇਸ ਪਹਿਰੇ ਦੇ ਅੰਤ ਵਿਚ ਉਹ ਇੱਕ ਹੋਰ ਗੰਭੀਰ ਰਾਏ ਦਿੰਦੇ ਹਨ ਕਿ ਜਥੇਦਾਰ ਸੰਗਤ ਨੂੰ ਤਨਖਾਹ ਲਗਾਉਣ ਲਈ ਸੱਦਣ, ਨਿਰਣੇ ਵੀ ਜੀਅ ਸਦਕੇ ਲੈਣ, ਪਰ ਇਨ੍ਹਾਂ ਨਿਰਣਿਆਂ ਨੂੰ ਤਨਖਾਹ ਲਗਾ ਕੇ ਨਿਪਟਾਉਣ ਜਾਂ ਹੁਕਮਨਾਮੇ ਰਾਹੀਂ ਮਨਵਾਉਣ ਦੀ ਥਾਂ ਆਪਣੀ ਰਾਏ ਸਿੱਖ ਸੰਗਤਾਂ ਤੱਕ ਪਹੁੰਚਦੀ ਕਰ ਦੇਣ। ਸੰਗਤ ਆਪ ਹੀ ਫੈਸਲਾ ਕਰ ਲਵੇ ਕਿ ਉਸਨੇ ਕਿਸ ਲੀਡਰ ਦਾ ਕਿਤਨਾ ਕੁ ਮਾਣ ਰੱਖਣਾ ਹੈ। ਪ੍ਰੋ. ਸਾਹਿਬ ਨੂੰ ਸ਼ਾਇਦ ਪਤਾ ਹੀ ਨਹੀਂ ਲੱਗਾ ਕਿ ਸ੍ਰੀ ਅਕਾਲ ਤਖਤ ਦੀ ਸੰਸਥਾ ਬਾਰੇ ਵਰ੍ਹਿਆਂ ਦੇ ਚਿੰਤਨ ਮਨਨ ਦੀ ਬਦੌਲਤ, ਉਹ ਕਿਤਨਾ ਪਾਏਦਾਰ ਸੁਝਾਅ ਦੇ ਗਏ ਹਨ। ਇਹ ਵੀ ਪਤਾ ਲੱਗਾ ਸੀ ਕਿ ਪ੍ਰੋ. ਸਾਹਿਬ ਨੇ ਆਪਣੀ ਇਹ ਰਾਏ ਮੌਜੂਦਾ ਵਿਵਾਦ ਦੇ ਸ਼ੁਰੂਆਤੀ ਦਿਨਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਭੇਜੀ ਵੀ ਸੀ। ਕੀ ਪ੍ਰੋ. ਸਾਹਿਬ ਇਹ ਗੱਲ ਦੱਸ ਸਕਦੇ ਹਨ ਕਿ ਉਨ੍ਹਾਂ ਵਲੋਂ ਦਿੱਤੀ ਬੇਸ਼ਕੀਮਤੀ ਰਾਏ ਨੂੰ ਜਥੇਦਾਰਾਂ ਵਲੋਂ ਗੌਲ਼ਿਆ ਤੱਕ ਵੀ ਕਿਉਂ ਨਹੀਂ ਗਿਆ?

ਮੌਜੂਦਾ ਦੌਰ ਵਿਚ ਸੋਸ਼ਲ ਮੀਡੀਆ 'ਤੇ ਖੁੰਬਾਂ ਵਾਂਗੂੰ ਨਿਕਲ਼ੇ ਭਾਂਤ-ਭਾਂਤ ਦੇ ਤਬਸਰਾਕਾਰਾਂ ਅਤੇ ਮਨਚਲੇ ਤਮਾਸ਼ਬੀਨਾਂ ਨੇ ਜਦੋਂ ਚਾਰੇ-ਪਾਸੇ ਇਹ ਦੁਹਾਈ ਚੁੱਕੀ ਹੋਈ ਸੀ ਕਿ ਜਥੇਦਾਰ ਅਕਾਲੀ ਫੂਲਾ

(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦਾ ਬਾਕੀ)*

ਸਿੰਘ ਬਣ ਕੇ ਜੱਸ ਖੱਟ ਲੈਣ ਜਾਂ ਜਥੇਦਾਰ ਗੁਰਬਚਨ ਸਿੰਘ ਵਾਂਗੂੰ ਬੇਆਬਰੂ ਹੋ ਕੇ ਨਿਕਲਣ ਲਈ ਤਿਆਰ ਰਹਿਣ। ਇਨ੍ਹਾਂ ਲੋਕਾਂ ਨੇ ਜਥੇਦਾਰਾਂ ਨੂੰ ਬਹੁਤ ਹੀ ਭੈੜੇ ਢੰਗ ਨਾਲ ਘੇਰਾ ਘੱਤ ਕੇ ਕੰਧ ਨਾਲ ਲਗਾਇਆ ਹੋਇਆ ਸੀ। ਕਾਸ਼! ਜਥੇਦਾਰਾਂ ਵਲੋਂ 2 ਦਸੰਬਰ ਨੂੰ ਪ੍ਰੋ. ਸਾਹਿਬ ਦੀ ਸਲਾਹ ਮੰਨ ਕੇ ਅਕਾਲ ਤਖਤ ਸਾਹਿਬ ਦੀ 'ਫਸੀਲ' ਤੋਂ 'ਆਪਣੇ ਹੁਕਮ' ਸੁਣਾਉਣ ਸਮੇਂ ਪ੍ਰੋ. ਸਾਹਿਬ ਦੀ ਇਸ ਰਾਏ ਨੂੰ ਵੀ ਧਿਆਨ ਵਿਚ ਰੱਖਿਆ ਹੁੰਦਾ?

ਦਰਅਸਲ ਪ੍ਰੋ. ਸਾਹਿਬ ਦੇ ਦੋਨੋਂ ਸੁਝਾਅ ਬੜੇ ਸੰਤੁਲਿਤ ਹਨ, ਸ਼ਾਇਦ ਸਾਡੇ ਭਾਈਚਾਰੇ ਨੂੰ ਦੇਰ-ਸਵੇਰ ਅਜਿਹੇ ਨਿਰਣਿਆਂ 'ਤੇ ਹੀ ਆਉਣਾ ਪੈਣਾ ਹੈ। ਪਰ ਉਹ ਵੀ ਹੋਰ ਸਿੱਖ ਵਿਦਵਾਨਾਂ ਵਾਂਗ ਆਪਣੇ ਉਪਰਲੇ ਸੁਝਾਵਾਂ ਤੋਂ ਉਲਟ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਗੁਰਦੁਆਰਾ ਐਕਟ 1925 ਤੋਂ ਮੁਕਤ ਕਰਨ ਦੀ ਚਰਚਾ ਵਿਚ ਸ਼ਾਮਿਲ ਹੋਏ ਬਿਨਾ ਰਹਿ ਨਹੀਂ ਸਕੇ। ਉਹ ਲਿਖਦੇ ਹਨ: 'ਗੁਰਦੁਆਰਾ ਐਕਟ 1925 ਨਾਲ ਜੋੜ ਕੇ ਕੀਤੀ ਜਾ ਰਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਮੁਅੱਤਲੀ, ਨਾ ਹੀ ਤਖਤਾਂ ਦੇ ਪ੍ਰੰਪਰਕ ਜਲੌਅ ਦੇ ਅਨੁਸਾਰੀ ਹੈ ਅਤੇ ਨਾ ਹੀ ਗੁਰਦੁਆਰਾ ਐਕਟ ਦੇ ਮੁਤਾਬਿਕ ਹੈ'। ਉਨ੍ਹਾਂ ਨੂੰ ਲੱਗਦਾ ਹੈ ਕਿ ਗੁਰਦੁਆਰਾ ਐਕਟ ਵਿਚ ਸੋਧ ਕਰਕੇ; 'ਜਿੰਨਾ ਚਿਰ ਗਰੇਡ ਅਨੁਸਾਰ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਮਿਲ ਸਕਦੇ ਹੋਰ ਵਿੱਤੀ ਲਾਭ ਨਹੀਂ ਲਏ ਜਾਂਦੇ, ਉਤਨੀ ਦੇਰ ਤਖਤ ਦੇ ਕਿਸੇ ਵੀ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦਾ ਮੁਲਾਜਮ ਨਹੀਂ ਗਿਣਿਆ ਜਾ ਸਕਦਾ'। ਜਥੇਦਾਰਾਂ ਨੂੰ ਸੇਵਾ-ਭੱਤਾ ਮਿਲ਼ੇ ਜਾਂ ਆਨਰੇਰੀ ਤੌਰ 'ਤੇ ਕੋਈ ਭੇਟਾ ਦਿੱਤੀ ਜਾਵੇ, ਇਹ ਸਭ ਰਸਮੀ ਓਹੜ-ਪੋਹੜ ਹਨ। ਇਸ ਨੁਕਤੇ ਨੂੰ ਵਿਸਥਾਰ ਦਿੰਦਿਆਂ, ਉਨ੍ਹਾਂ ਦਾ ਕਹਿਣਾ ਹੈ: 'ਜਥੇਦਾਰ ਨੂੰ 'ਹੈਡ ਗ੍ਰੰਥੀ' (ਐਕਟ ਅਨੁਸਾਰ ਹੈਡ ਮਨਿਸਟਰ) ਨਾਲ ਰਲ਼ਗੱਡ ਕਰਕੇ ਤਖਤਾਂ ਦੀ ਮਾਣ-ਮਰਿਯਾਦਾ ਦਾ ਰੋਲ-ਘਚੋਲਾ ਪਿਆ ਹੀ ਰਹੇਗਾ ਅਤੇ ਇਸਦਾ ਸਿਆਸਤਦਾਨ ਬੇਲੋੜਾ ਸਿਆਸੀ ਲਾਭ ਲੈਂਦੇ ਰਹਿਣਗੇ। ਇਸ ਨਾਲ ਪੰਥਕ-ਮਾਨਸਿਕਤਾ ਵਿਚ ਤਖਤਾਂ ਦੀ ਸਦਾ-ਤਾਜ਼ੀ, ਸੁਤੰਤਰ-ਹਸਤੀ ਸਥਾਪਿਤ ਨਹੀਂ ਕੀਤੀ ਜਾ ਸਕੇਗੀ'।

ਆਪਣੇ ਵਿਚਾਰਾਂ ਨੂੰ ਹੋਰ ਸਪੱਸ਼ਟ ਕਰਦੇ ਹੋਏ ਲਿਖਦੇ ਹਨ: 'ਤਖਤ ਅਤੇ ਗੁਰਦੁਆਰੇ ਨੂੰ ਇੱਕ ਅਰਥ ਵਿਚ ਨਹੀਂ ਲਿਆ ਜਾ ਸਕਦਾ। ਤਖਤ ਦਾ ਜਥੇਦਾਰ ਗ੍ਰੰਥੀ ਵਾਲੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਉਂਦਾ ਕਿਉਂਕਿ ਤਖਤ ਦੇ ਜਥੇਦਾਰ ਦੀ ਨਿਯੁਕਤੀ ਵੀ ਆਮ ਗ੍ਰੰਥੀਆਂ ਵਾਂਗ ਨਹੀਂ ਹੁੰਦੀ ਅਤੇ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਵੀ ਗ੍ਰੰਥੀਆਂ ਵਾਂਗ ਕੋਈ ਬੰਧਨ ਨਹੀਂ ਹੈ'। ਪ੍ਰੋ. ਸਾਹਿਬ ਨੇ ਤਖਤਾਂ ਦੇ ਮੂਲ ਸਰੋਕਾਰਾਂ ਵਿਚ 'ਸਰਬੱਤ ਖਾਲਸਾ, ਗੁਰਮਤਾ ਅਤੇ ਹੁਕਮਨਾਮਾ ਨੂੰ ਹੀ ਜਥੇਦਾਰਾਂ ਦੇ ਅਧਿਕਾਰ ਵਿਚ ਸ਼ਾਮਿਲ ਕੀਤਾ ਹੈ। ਉਨ੍ਹਾਂ ਅਨੁਸਾਰ ਇਤਿਹਾਸਕ ਪ੍ਰੰਪਰਾ ਅਨੁਸਾਰ ਇਹ ਤਿੰਨੋਂ ਅਕਾਲ ਤਖਤ ਤੋਂ ਸੰਭਵ ਹੁੰਦੇ ਰਹੇ ਹਨ ਅਤੇ ਇਸ ਨਾਤੇ ਹੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁਪਰੀਮ ਮੰਨਿਆ ਜਾਂਦਾ ਰਿਹਾ ਹੈ। ਵਰਤਨਾਮ ਵਿਚ ਅਕਾਲ ਤਖਤ ਹੀ ਕਟਹਿਰੇ ਵਿਚ ਆ ਗਿਆ ਹੈ ਤਾਂ ਤਖਤਾਂ ਬਾਰੇ ਗੁਰਦੁਆਰਾ ਐਕਟ ਵਿਚ ਸਪੱਸ਼ਟ ਕਰਕੇ ਫੈਸਲਾ ਲਏ ਜਾਣ ਦੀ ਲੋੜ ਹੈ। ਜਿਹੜਾ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਪ੍ਰੰਪਰਾਵਾਂ ਨਾਲ ਮੇਲ ਖਾਂਦਾ ਹੋਵੇ'।

ਪ੍ਰੋ. ਸਾਹਿਬ ਅਨੁਸਾਰ ਮੌਜੂਦਾ ਸਮੇਂ ਵਿਚ ਮਚੀ ਸਿਆਸੀ ਘੜਮੱਸ ਦੌਰਾਨ, ਸਥਿਤੀ ਤਾਂ ਇਹ ਬਣੀ ਹੋਈ ਹੈ ਕਿ ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਪੈਟਰਨ, ਪੈਂਤੜੇ ਅਤੇ ਸਾਖ ਨਾਲ ਸੰਤੁਸ਼ਟ ਹੋਣਾ ਦਿਨੋ-ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਹੁਣ ਤੱਕ ਅਕਾਲੀ ਜਾਂ ਗ੍ਰੰਥੀ ਪਿਛੋਕੜ ਵਾਲੇ ਵਿਅਕਤੀ ਹੀ ਜਥੇਦਾਰ ਬਣਦੇ ਆ ਰਹੇ ਹਨ। ਪਰ ਹਾਲਾਤ ਸੁਧਰਨ ਦੀ ਥਾਂ ਵਿਗੜਦੇ ਹੀ ਜਾ ਰਹੇ ਹਨ। ਜਥੇਦਾਰਾਂ ਅਤੇ ਗ੍ਰੰਥੀਆਂ ਦੀ ਗਿਣਤੀ ਸਿੱਖਾਂ ਵਿਚ 1% ਤੋਂ ਵੀ ਘੱਟ ਹੈ, ਬਾਕੀ 99% ਦੀ ਇੱਛਾ ਜਾਨਣ ਦੀ ਵੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਅਕਾਲ ਤਖਤ ਨੂੰ ਸਿਆਸੀ-ਮੋਹਰੇ ਵਜੋਂ ਵਰਤੇ ਜਾਣ ਦੀ ਸਿਆਸਤ ਨਾਲ ਆਮ ਸਿੱਖ ਲਈ ਪੈਦਾ ਹੋ ਗਏ ਬੰਦੂਆ-ਸਰੋਕਾਰ, ਸਿੱਖਾਂ ਅਤੇ ਸਿੱਖ ਸੰਸਥਾਵਾਂ ਵਿਚਕਾਰ ਤਨਾਓ ਪੈਦਾ ਕਰ ਰਹੇ ਹਨ। ਲੇਖ ਦੇ ਆਖਰੀ ਹਿੱਸੇ ਵਿਚ ਪ੍ਰੋ. ਸਾਹਿਬ ਜਥੇਦਾਰਾਂ ਦੀ ਚੋਣ ਵਿਧੀ, ਕਾਰਜਕਾਲ ਅਤੇ ਸੇਵਾ ਸ਼ਰਤਾਂ ਬਾਰੇ ਲਿਖਦੇ ਹਨ: 'ਤਖਤਾਂ ਦੇ ਜਥੇਦਾਰਾਂ ਦੀ ਚੋਣ-ਵਿਧੀ, ਸੇਵਾ-ਕਾਲ ਅਤੇ ਸੇਵਾ ਸ਼ਰਤਾਂ ਬਾਰੇ ਪਹਿਲਾਂ ਕਮੇਟੀ ਬਣਾ ਕੇ ਸਹਿਮਤੀ ਦਸਤਾਵੇਜ ਤਿਆਰ ਕੀਤਾ ਜਾਵੇ ਅਤੇ ਫਿਰ ਚੋਣਵੇਂ ਚੇਤੰਨ ਸਿੱਖ ਇਸ ਬਾਰੇ ਨਿੱਠ ਕੇ ਵਿਚਾਰ ਕਰਨ। ਪ੍ਰਵਾਨ ਕੀਤੇ ਦਸਤਾਵੇਜ ਬਾਰੇ ਪਹਿਲਾਂ ਖੁੱਲ੍ਹ ਕੇ ਬਹਿਸ ਕਰਵਾਈ ਜਾਵੇ। ਫਿਰ ਅਕਾਲ ਤਖਤ 'ਤੇ ਇਕੱਠਿਆਂ ਬੈਠ ਕੇ ਗੁਰਮਤੇ ਵਜੋਂ ਪ੍ਰਵਾਨ ਕੀਤਾ ਜਾਵੇ'। ਪ੍ਰੋ. ਸਾਹਿਬ ਅਨੁਸਾਰ: 'ਇਹ ਵਿਚਾਰੇ ਜਾਣ ਦੀ ਵੀ ਲੋੜ ਹੈ ਕਿ ਸਿੱਖ-ਤਖਤਾਂ ਦਾ ਗੁਰਦੁਆਰਾ ਐਕਟ 1925 ਨਾਲ ਕੀ ਸਬੰਧ ਹੈ? ਸੰਕਟ ਦੀ ਘੜੀ ਵਿਚ ਫੈਸਲੇ ਬਾਰੇ ਸੋਚਣ ਦਾ ਕੰਮ ਜੇ ਸਬੰਧਤ ਧਿਰਾਂ ਨਾ ਕਰਨ ਤਾਂ ਬੇਗਾਨੇ, ਸ਼ਰੀਕ ਅਤੇ ਵਿਰੋਧੀ ਆਪਣੀ ਅਗਿਆਨਤਾ ਵਿਚੋਂ ਜਾਂ ਸਬੰਧਤਾ ਦੀ ਅਗਿਆਨਤਾ ਦਾ ਲਾਭ ਉਠਾ ਕੇ, ਇੱਛਤ ਨਤੀਜਿਆਂ ਦੇ ਲਾਲਚ ਵਿਚ, ਸੰਕਟ ਨੂੰ ਵਧਾਉਣ ਵਾਲੇ ਪਾਸੇ ਲੈ ਜਾਣਗੇ। ਸਿੱਖ ਕੌਮ ਨੂੰ ਬਹੁਤੀਆਂ ਸਮੱਸਿਆਵਾਂ ਇਸੇ ਪ੍ਰਸੰਗ ਵਿਚੋਂ ਝੱਲਣੀਆਂ ਪਈਆਂ ਹਨ। ਅਕਾਲ ਤਖਤ ਸਾਹਿਬ ਨੂੰ ਲੈ ਕੇ ਵਰਤਮਾਨ ਵਿਚ ਛਿੜੇ ਵਿਵਾਦਾਂ ਨੂੰ ਗੁਰੂ ਖਾਲਸਾ ਪੰਥ ਸਾਮਹਣੇ ਦਰਪੇਸ਼ ਸੰਕਟ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਵਿਚੋਂ ਨਿਕਲਣ ਦਾ ਹੱਲ ਵੀ ਆਪ ਹੀ ਲੱਭਣਾ ਚਾਹੀਦਾ ਹੈ'।

ਉਨ੍ਹਾਂ ਦੀ ਦਿਲੀ ਕਾਮਨਾ ਹੈ ਕਿ ਸਿੱਖ ਪੰਥ ਦੀਆਂ ਸਾਰੀਆਂ ਕੋਸ਼ਿਸ਼ਾਂ ਸਮੇਂ ਦਾ ਹਾਣੀ ਜਥੇਦਾਰ ਲੱਭਣ ਦੀਆਂ ਹੋਣੀਆਂ ਚਾਹੀਦੀਆਂ ਹਨ। ਪਰ ਸਵਾਲ ਤਾਂ ਇਹ ਹੈ ਕਿ ਅਜਿਹਾ ਸੋਲਾਂ ਕਲਾਂ ਸੰਪੂਰਨ ਮਹਾਨ ਵਿਅਕਤੀ ਲੱਭਿਆ ਕਿੱਥੋਂ ਜਾਵੇ? ਜਿਸ ਬਾਰੇ ਉਹ ਲਿਖਦੇ ਹਨ: 'ਸਾਰੀਆਂ ਕੋਸ਼ਿਸ਼ਾਂ ਸਮੇਂ ਦੇ ਹਾਣ ਦਾ ਜਥੇਦਾਰ ਤਲਾਸ਼ਸਣ ਲਈ ਹੀ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੂੰ ਨੈਤਿਕ-ਸਰਪ੍ਰਸਤੀ ਅਧੀਨ, ਹਰ ਉਸ ਸਿੱਖ ਦੀਆਂ ਧਾਰਮਿਕ ਲੋੜਾਂ ਦਾ ਖਿਆਲ ਰੱਖਣਾ ਹੋਵੇਗਾ, ਜਿਨ੍ਹਾਂ ਦਾ ਅਕਾਲ ਤਖਤ ਸਾਹਿਬ ਵਿਚ ਵਿਸ਼ਵਾਸ ਹੈ'। ਉਨ੍ਹਾਂ ਦੇ ਮਗਰਲੇ ਦੋਨੋਂ ਸੁਝਾਅ ਉਹੀ ਹਨ, ਜੋ ਸਰਦਾਰਾ ਸਿੰਘ ਜੌਹਲ ਅਤੇ ਅਨੇਕਾਂ ਸਿੱਖ ਵਿਦਵਾਨ ਪਹਿਲਾਂ ਤੋਂ ਦਿੰਦੇ ਆ ਰਹੇ ਹਨ। ਜਥੇਦਾਰਾਂ ਦੀ ਚੋਣ-ਵਿਧੀ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਮਿਥਣ ਲਈ ਦਿਸ਼ਾ-ਨਿਰਦੇਸ਼ ਦੇਣ ਬਾਰੇ ਲਿਖਤੀ ਸੁਝਾਅ ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ ਨੇ ਆਪਣੀ ਤਾਜਪੋਸ਼ੀ ਦੌਰਾਨ ਬੜੀ ਸ਼ਿੱਦਤ ਨਾਲ ਦਿੱਤੇ ਸਨ, ਜਦੋਂ ਉਨ੍ਹਾਂ ਤੋਂ ਪਹਿਲੇ ਜਥੇਦਾਰ, ਗਿਆਨੀ ਪੂਰਨ ਸਿੰਘ ਨੇ ਅਕਾਲ ਤਖਤ ਦੀ ਸਰਬਉਚਤਾ ਦੀ ਆੜ ਹੇਠ ਮਨਮਾਨੀਆਂ ਕਰਦਿਆਂ ਹੁਕਮਨਾਮੇ ਜਾਰੀ ਕਰਨ ਦੇ ਸਭ ਰਿਕਾਰਡ ਤੋੜ ਦਿੱਤੇ ਸਨ ਅਤੇ ਜਥੇਦਾਰ, ਭਾਈ ਰਣਜੀਤ ਸਿੰਘ ਵਾਂਗ, ਉਨ੍ਹਾਂ ਨੂੰ ਵੀ ਬੜੇ ਤੱਤ-ਭੜੱਤੇ ਸੇਵਾ ਮੁਕਤ ਕੀਤਾ ਗਿਆ ਸੀ। ਉਨ੍ਹਾਂ ਭਵਿੱਖ ਵਿਚ ਆਉਣ ਵਾਲੇ ਸੰਕਟਾਂ ਤੋਂ ਬਚਣ ਲਈ ਬੜੀ ਸ਼ਿੱਦਤ ਨਾਲ ਸ਼੍ਰੋਮਣੀ ਕਮੇਟੀ ਦੇ ਚੌਧਰੀਆਂ, ਜਥੇਦਾਰ ਦੇ ਕਰਮ ਖੇਤਰ ਤੇ ਅਧਿਕਾਰਾਂ ਨੂੰ ਸਪੱਸ਼ਟ ਰੂਪ ਵਿਚ ਮਿਥੇ ਜਾਣ ਦੀ ਕਾਮਨਾ ਕੀਤੀ ਸੀ। ਉਨ੍ਹਾਂ ਇਹ ਵੀ ਮੰਗ ਕੀਤੀ: 'ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲੇ ਮਾਹਰਾਂ ਦੀ ਕਮੇਟੀ ਬਣਾ ਕੇ ਤਖਤ ਸਾਹਿਬਾਨ ਦੇ ਜਥੇਦਾਰਾਂ, ਮੁੱਖ ਗ੍ਰੰਥੀਆਂ ਦੇ ਸੇਵਾ ਨਿਯਮ, ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜ਼ਿੰਮੇਵਾਰੀਆਂ, ਸੇਵਾ ਮੁਕਤੀ ਆਦਿ ਦੇ ਨਿਯਮ ਨਿਰਧਾਰਤ ਕੀਤੇ ਜਾਣ ਅਤੇ ਇਸਦੇ ਨਾਲ ਹੀ ਸਮੇਂ-ਸਮੇਂ ਪੇਸ਼ ਆਉਣ ਵਾਲੀਆਂ ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪੱਸ਼ਟ ਵਿਧੀ-ਵਿਧਾਨ ਸੁਨਿਸ਼ਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਕਿਸੇ ਵਲੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਨਿੱਜੀ ਹਿੱਤਾਂ ਲਈ ਵਰਤੋਂ ਦੀ ਸੰਭਾਵਨਾ ਹੀ ਨਾ ਰਹੇ ਅਤੇ ਖਾਲਸਾ ਪੰਥ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਮੇਂ-ਸਮੇਂ ਜਾਰੀ ਕੀਤੇ ਜਾਂਦੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਵ੍ਹੇ'। ਗੁਰਦੁਆਰਾ ਐਕਟ ਬਣਿਆਂ ਪੌਣੀ ਸਦੀ ਹੋ ਚੁੱਕੀ ਹੈ, ਇਸ ਬਾਰੇ ਦੁਬਾਰਾ ਵਿਚਾਰ ਕਰਕੇ, ਸਮੇਂ ਅਨੁਸਾਰ ਜੇ ਕਿਸੇ ਸੋਧ ਦੀ ਲੋੜ ਹੈ ਤਾਂ ਕੀਤੀ ਜਾਵੇ'। (ਪੁਸਤਕ: ਹੁਕਮਨਾਮੇ ਆਦੇਸ਼ ਸੰਦੇਸ਼-ਰੂਪ ਸਿੰਘ, ਪੰਨਾ; 175)।

ਵਰਨਣਯੋਗ ਹੈ ਕਿ ਕੁਝ ਬੁੱਧੀਜੀਵੀ ਅਜਿਹਾ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ ਕਿ ਅਕਾਲ ਤਖਤ ਸਾਹਿਬ 'ਤੋਂ ਜਾਰੀ ਹੁਕਮਨਾਮੇ ਨਾ ਵਾਪਿਸ ਹੋ ਸਕਦੇ ਹਨ ਅਤੇ ਨਾ ਹੀ ਉਨ੍ਹਾਂ 'ਤੇ ਵਿਚਾਰ ਹੋ ਸਕਦੀ ਹੈ। ਜਦਕਿ ਅਸਲੀਅਤ ਇਹ ਹੈ ਕਿ ਵੇਦਾਂਤੀ ਸਮੇਤ ਸਾਰੇ ਪੰਜ ਸਿੰਘ ਸਾਹਿਬਾਨ ਨੇ 29 ਮਾਰਚ, 2000 ਦੀ ਉਸੇ ਮੀਟਿੰਗ ਵਿਚ ਇਹ ਮਤਾ ਵੀ ਪਾਸ ਕੀਤਾ ਸੀ: 'ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਜੀ ਵਲੋਂ 25 ਜਨਵਰੀ, 2000 ਤੋਂ 28 ਮਾਰਚ, 2000 ਤੱਕ ਜਾਰੀ ਸਾਰੇ ਹੁਕਮਨਾਮੇ ਰੱਦ ਕੀਤੇ ਜਾਂਦੇ ਹਨ। ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਅਨੇਕਾਂ ਅਕਾਲੀ ਲੀਡਰਾਂ, ਸਿੰਘ ਸਾਹਿਬਾਨ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਉਸ ਸਮੇਂ ਦੌਰਾਨ ਜਾਰੀ ਗਲਤ ਹੁਕਮਨਾਮਿਆਂ ਦੇ ਪਸਚਾਤਾਪ ਲਈ 30 ਮਾਰਚ, 2000 ਨੂੰ ਅਕਾਲ ਤਖਤ ਸਾਹਿਬ 'ਤੇ ਅਰਦਾਸ ਦਿਵਸ ਵੀ ਮਨਾਇਆ ਗਿਆ ਸੀ'। ਹੁਕਮਨਾਮੇ ਵਾਪਿਸ ਲੈਣ ਦਾ ਇਹ ਕੋਈ ਪਹਿਲਾ ਮੌਕਾ ਨਹੀਂ ਸੀ, ਇਸ ਤੋਂ ਪਹਿਲਾਂ ਗਿਆਨੀ ਪੂਰਨ ਸਿੰਘ ਹੋਰਾਂ ਨੇ ਵੀ ਜਥੇਦਾਰ ਬਣਦੇ ਸਾਰ ਭਾਈ ਰਣਜੀਤ ਸਿੰਘ ਵਲੋਂ ਜਾਰੀ ਕੁਝ ਹੁਕਮਨਾਮੇ ਵਾਪਿਸ ਲਏ ਸਨ।

ਜਥੇਦਾਰ ਵੇਦਾਂਤੀ ਵਲੋਂ ਦਿੱਤੇ ਸੁਝਾਵਾਂ ਨੂੰ ਲਾਗੂ ਨਾ ਕਰਨ ਲਈ ਸਾਰਾ ਦੋਸ਼ ਬਾਦਲਾਂ ਸਿਰ ਸੁੱਟ ਕੇ ਅੱਗੇ ਨਹੀਂ ਵਧਿਆ ਜਾ ਸਕਦਾ। ਜਦੋਂ ਤੱਕ ਸਿੱਖ ਚਿੰਤਕ ਅਕਾਲ ਤਖਤ ਦੀ ਸੰਸਥਾ ਦੀ ਮਿੱਥ ਅਤੇ ਇਸਦੇ ਇਤਿਹਾਸਕ ਰੋਲ ਨੂੰ ਸਪੱਸ਼ਟ ਨਹੀਂ ਕਰਦੇ। ਇਸ ਤੋਂ ਬਾਅਦ ਇਹ ਨਿਰਣਾ ਵੀ ਕਰਨਾ ਪੈਣਾ ਹੈ ਕਿ ਛੇਵੇਂ ਪਾਤਸ਼ਾਹ ਦੇ ਨਾਮ ਨਾਲ ਜੁੜੀ, ਇਸ ਸੰਸਥਾ ਦੇ ਸਰੋਕਾਰ, ਕੀ ਕੇਵਲ ਅਕਾਲੀ ਪਾਰਟੀ ਦੀ ਸਿਆਸਤ ਨਾਲ ਜੁੜੇ ਇੱਕ ਵਰਗ ਤੱਕ ਹੀ ਸੀਮਤ ਹਨ? ਜਾਂ ਫਿਰ ਪੰਜਾਬ ਵਿਚ ਵੱਖ-ਵੱਖ ਪਾਰਟੀਆਂ ਨਾਲ ਜੁੜੇ ਸਿੱਖ, ਉਨ੍ਹਾਂ ਤੋਂ ਵੀ ਅੱਗੇ ਕੇਵਲ ਭਾਰਤ ਦੇਸ਼ ਦੀਆਂ ਹੱਦਾਂ ਹੀ ਨਹੀਂ, ਸਗੋਂ ਦੁਨੀਆਂ ਭਰ ਵਿਚ ਫੈਲੇ ਸਿੱਖ ਭਾਈਚਾਰੇ ਦੇ ਸਰੋਕਾਰਾਂ ਦਾ ਖਿਆਲ ਵੀ ਸ੍ਰੀ ਅਕਾਲ ਤਖਤ ਦੀ ਸੰਸਥਾ ਨੂੰ ਹੀ ਰੱਖਣਾ ਪੈਣਾ ਹੈ। ਇਸ ਸਬੰਧੀ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਵੀ ਆਪਣੀ ਪੁਸਤਕ 'ਸ੍ਰੀ ਅਕਾਲ ਤਖਤ ਸਾਹਿਬ' ਦੇ ਪੰਨਾ 88 'ਤੇ ਲਿਖਿਆ ਹੈ: 'ਸ੍ਰੀ ਅਕਾਲ ਤਖਤ ਸਾਹਿਬ ਸਮੂਹ ਸਿੱਖਾਂ, ਸਰਬੱਤ ਖਾਲਸੇ ਦੀ ਇੱਕ ਸਰਬੋਤਮ ਸੰਸਥਾ ਹੈ। ਇਹ ਸਿੱਖਾਂ ਦੇ ਕਿਸੇ ਇੱਕ ਧੜੇ ਦੀ ਅਜਾਰੀਦਾਰੀ ਦੀ ਸੰਸਥਾ ਨਹੀਂ। ...ਸ੍ਰੀ ਅਕਾਲ ਤਖਤ ਦਾ ਕਾਰਜ ਖੇਤਰ ਸਮੂਹ ਸਿੱਖਾਂ ਦੇ ਵਿਸ਼ਵ-ਵਿਆਪੀ ਧਾਰਮਿਕ, ਸਮਾਜਿਕ, ਰਾਜਨੀਤਕ ਸਰੋਕਾਰਾਂ ਨਾਲ ਹੈ, ਨਾ ਕਿ ਕੇਵਲ ਪੰਜਾਬ ਦੇ ਸਿੱਖਾਂ ਦੇ ਇੱਕ ਵਰਗ ਅਕਾਲੀਆਂ ਦੇ ਵਕਤੀ ਸਰੋਕਾਰਾਂ ਤੱਕ ਮਹਿਦੂਦ ਹੈ'। ਰਹੀ ਗੱਲ ਚੋਣ ਵਿਧੀ ਦੀ, ਕਹਿਣ ਨੂੰ ਤਾਂ ਕਿਸੇ ਵੀ ਜਥੇਦਾਰ ਦੀ ਤਾਜਪੋਸ਼ੀ ਮੌਕੇ ਸਿੱਖ ਪੰਥ ਦੀਆਂ ਅਹਿਮ ਸੰਸਥਾਵਾਂ, ਜਥੇਬੰਦੀਆਂ, ਸੰਪਰਦਾਵਾਂ ਕੋਲੋਂ ਮਾਨਤਾ ਲੈਣ ਦੀ ਦਿਖਾਵੇ ਵਾਲੀ ਕਾਰਵਾਈ ਪ੍ਰਚਲਿਤ ਹੈ। ਪਰ ਕੀ ਜਥੇਦਾਰ ਟੌਹੜਾ ਵਲੋਂ ਪ੍ਰੋ. ਦਰਸ਼ਨ ਸਿੰਘ, ਪ੍ਰੋ. ਮਨਜੀਤ ਸਿੰਘ ਜਾਂ ਭਾਈ ਰਣਜੀਤ ਸਿੰਘ ਵਰਗੇ ਵਿਵਾਦਤ ਜਥੇਦਾਰਾਂ ਦੀਆਂ ਨਿਯੁਕਤੀਆਂ ਕਰਨ ਸਮੇਂ ਅਜਿਹੀ ਕਿਸੇ ਵਿਧੀ ਨੂੰ ਅਪਨਾਇਆ ਗਿਆ ਸੀ? ਜਥੇਦਾਰ ਟੌਹੜਾ ਤੋਂ ਮਗਰੋਂ ਤਾਂ ਬਥੇਰਾ ਪਾਣੀ ਪੁਲ਼ਾਂ ਹੇਠੋਂ ਵਹਿ ਗਿਆ ਹੈ। ਅਜੋਕੇ ਸਮੇਂ ਦੌਰਾਨ ਸਾਰੀ ਦੁਨੀਆਂ ਅੰਦਰ ਵਸੇ ਸਿੱਖਾਂ ਦੀਆਂ ਨੁਮਾਇੰਦਾ ਸੰਸਥਾਵਾਂ ਦਾ ਅਕਾਲ ਤਖਤ ਦੇ ਜਥੇਦਾਰ ਦੀ ਚੋਣ ਪ੍ਰਕ੍ਰਿਆ ਵਿਚ ਰੋਲ ਕਿਵੇਂ ਤਹਿ ਕੀਤਾ ਜਾਵੇਗਾ? ਉਨ੍ਹਾਂ ਦੀ ਰਾਏ ਤਸੱਲੀਬਖਸ਼ ਢੰਗ ਨਾਲ ਕਿਵੇਂ ਸ਼ਾਮਿਲ ਕੀਤੀ ਜਾਵੇਗੀ। ਮੰਨ ਲਓ, ਜੇ ਜਥੇਦਾਰਾਂ ਦੀ ਚੋਣ ਦਾ ਕੋਈ ਵਿਧੀ-ਵਿਧਾਨ ਬਣ ਵੀ ਗਿਆ ਤਾਂ ਫਿਰ ਮਸਲਾ ਉਹੀ ਆ ਜਾਣਾ ਹੈ ਕਿ ਜੇ ਸ੍ਰੀ ਅਕਾਲ ਤਖਤ ਦੀ ਸੰਸਥਾ ਨੂੰ ਸਰਬਉਚ ਵੀ ਮੰਨਣਾ ਹੈ ਅਤੇ ਜੇ ਕਦੇ ਜਥੇਦਾਰ ਵੇਦਾਂਤੀ ਦੀ 25 ਵਰ੍ਹੇ ਪਹਿਲਾਂ ਲਾਈ ਗੁਹਾਰ ਨੂੰ ਮੰਨਦਿਆਂ, ਜਥੇਦਾਰ ਦੇ ਅਧਿਕਾਰ ਖੇਤਰ ਦਾ ਦਾਇਰਾ ਵੀ ਮਿਥਣਾ ਹੈ ਤਾਂ ਇਸ ਵਿਰੋਧਾਭਾਸ ਨੂੰ ਕਿਵੇਂ ਨਜਿੱਠਿਆ ਜਾਵੇਗਾ?

13 ਅਪਰੈਲ, 1978 ਨੂੰ ਅੰਮ੍ਰਿਤਸਰ ਵਿਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਤੋਂ ਬਾਅਦ ਸਿੱਖ ਚਿੰਤਕ ਸ. ਕਪੂਰ ਸਿੰਘ ਵਲੋਂ ਲਿਖੇ ਹੁਕਮਨਾਮੇ ਨੂੰ ਜਥੇਦਾਰ ਸਾਧੂ ਸਿੰਘ ਭੌਰਾ ਵਲੋਂ ਜਾਰੀ ਕਰਕੇ ਸਮੁੱਚੇ ਨਿਰੰਕਾਰੀ ਫਿਰਕੇ ਦੇ ਬਾਈਕਾਟ ਅਤੇ ਉਨ੍ਹਾਂ ਨੂੰ ਵਧਣ-ਫੁੱਲਣ ਤੋਂ ਰੋਕਣ ਦਾ ਆਦੇਸ਼ ਦਿੱਤਾ ਗਿਆ ਸੀ। ਸਿੱਖਾਂ ਦੇ ਕੁਝ ਹਲਕਿਆਂ ਅੰਦਰ ਨਿਰੰਕਾਰੀ ਫਿਰਕੇ ਨਾਲ ਵਿਵਾਦ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਸੀ। ਅੰਮ੍ਰਿਤਸਰ ਵਿਚ ਨਿਰੰਕਾਰੀ ਸਮਾਗਮ ਦਾ ਵਿਰੋਧ ਅਚਾਨਕ ਵਾਪਰੀ ਘਟਨਾ ਨਹੀਂ ਸੀ, ਇਸ ਤੋਂ ਪਹਿਲਾਂ ਨਿਰੰਕਾਰੀਆਂ ਵਿਰੁੱਧ ਦਮਦਮੀ ਟਕਸਾਲ ਵਲੋਂ ਮਹਿਤਾ ਚੌਕ, ਘੁਮਾਣ, ਕਾਦੀਆਂ, ਪਟਾਨਕੋਟ ਅਤੇ ਪੰਜਾਬ ਤੋਂ ਬਾਹਰ ਦਿੱਲੀ, ਕਾਨ੍ਹਪੁਰ ਆਦਿ ਥਾਵਾਂ ਉਪਰ ਉਨ੍ਹਾਂ ਵਿਰੁੱਧ ਹਿੰਸਕ ਪ੍ਰਦਰਸ਼ਨ ਹੋ ਚੁੱਕੇ ਸਨ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਨਿਰੰਕਾਰੀ ਪੰਥ ਦੇ ਚੌਧਰੀਆਂ ਨੂੰ ਅਕਲ ਤੋਂ ਕੰਮ ਲੈਣਾ ਚਾਹੀਦਾ ਸੀ ਅਤੇ ਖੁਦ ਵੈਸਾਖੀ ਮੌਕੇ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਵਾਲੇ ਸ਼ਹਿਰ ਅੰਮ੍ਰਿਤਸਰ ਵਿਚ ਆਪਣਾ ਸਲਾਨਾ ਸਮਾਗਮ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਇਸ ਵਿਚ ਤਾਂ ਕੋਈ ਰੌਲ਼ਾ ਹੀ ਨਹੀਂ ਹੈ ਕਿ ਉਸ ਮੌਕੇ ਸਮਾਗਮ ਕਰਕੇ ਉਨ੍ਹਾਂ ਨੇ ਬੱਜਰ ਗਲਤੀ ਕੀਤੀ ਸੀ। ਜਿਸਦਾ ਸਿਲਾ ਸਿਰਫ ਉਨ੍ਹਾਂ ਨੂੰ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀਆਂ ਨੂੰ ਆਉਣ ਵਾਲੇ ਕਈ ਸਾਲਾਂ ਤੱਕ ਭੁਗਤਣਾ ਪਿਆ ਸੀ। ਫਿਰ ਵੀ ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅਪਰੈਲ, 1978 ਵਿਚ ਨਿਰੰਕਾਰੀਆਂ ਦੇ ਤਿੰਨ ਦਿਨਾਂ ਸਮਾਗਮ ਅੰਦਰ ਉਨ੍ਹਾਂ ਦੇ ਲੱਖਾਂ ਸ਼ਰਧਾਲੂਆਂ ਦੀ ਹਾਜ਼ਰੀ ਸੀ। ਆਖਰੀ ਦਿਨ ਅੰਮ੍ਰਿਤਸਰ ਸ਼ਾਹਿਰ ਦੇ ਪ੍ਰਮੁੱਖ ਇਲਾਕਿਆਂ ਵਿਚੋਂ ਲੰਘਿਆ, ਉਨ੍ਹਾਂ ਦੇ ਸ਼ਰਧਾਲੂਆਂ ਦਾ ਵੱਡਾ ਜਲੂਸ ਵੀ ਸਿੱਖ ਭਾਈਚਾਰੇ ਦੇ ਬਿਨਾ ਕਿਸੇ ਉਜਰ ਜਾਂ ਵਿਰੋਧ ਦੇ ਤਕਰੀਬਨ ਸਮਾਪਤ ਹੋ ਗਿਆ ਸੀ। ਜਿਸ ਬਾਰੇ 14 ਅਪਰੈਲ, 1978 ਦੀ 'ਅੰਗਰੇਜ਼ੀ ਟ੍ਰਿਬਿਊਨ ਚੰਡੀਗੜ੍ਹ' ਦੀ ਦਲਬੀਰ ਸਿੰਘ ਅਤੇ ਪੀ ਡੀ ਮਹਿੰਦਰਾ ਦੀ ਰਿਪੋਰਟ ਅਨੁਸਾਰ: 'ਨਿਰੰਕਾਰੀ ਮਿਸ਼ਨ ਦੇ ਤਿੰਨ ਦਿਨਾਂ ਦੇ ਸਮਾਗਮ ਤੋਂ ਬਾਅਦ, ਉਨ੍ਹਾਂ ਵਲੋਂ ਸ਼ਹਿਰ ਵਿਚ ਕੱਢਿਆ ਵੱਡਾ ਜਲੂਸ ਤਕਰੀਬਨ ਸਮਾਪਤ ਹੋ ਗਿਆ ਸੀ, ਜਦੋਂ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਸਿੰਘਾਂ ਨੇ ਆ ਕੇ ਵਿਰੋਧ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਦਰਬਾਰ ਸਾਹਿਬ ਮੰਜੀ ਹਾਲ ਵਿਚ ਮਨਾਏ ਜਾ ਰਹੇ ਵਿਸਾਖੀ ਸਮਾਗਮ ਦੌਰਾਨ, ਜਦੋਂ ਅਕਾਲੀ ਲੀਡਰ ਤਕਰੀਰਾਂ ਕਰ ਰਹੇ ਸਨ ਤਾਂ ਸੰਤ ਭਿੰਡਰਾਂਵਾਲ਼ਿਆਂ ਦੇ ਸਮਰਥਕਾਂ ਨੇ ਅਕਾਲੀ ਮਨਿਸਟਰ ਜੀਵਨ ਸਿੰਘ ਉਮਰਾਨੰਗਲ ਤੋਂ ਮੰਗ ਕੀਤੀ ਕਿ ਨਿਰੰਕਾਰੀਆਂ ਦਾ ਸਮਾਗਮ ਬੰਦ ਕਰਾਇਆ ਜਾਵੇ, ਜਿਸਦੇ ਜਵਾਬ ਵਿਚ ਉਮਰਨੰਗਲ ਨੇ ਕਿਹਾ ਕਿ ਹੁਣ ਤਾਂ ਸਮਾਗਮ ਸਮਾਪਤ ਹੋ ਗਏ ਹਨ, ਹੁਣ ਕੁਝ ਕਰਨ ਦੀ ਲੋੜ ਨਹੀਂ। ਪਰ ਭੜਕੇ ਨੌਜਵਾਨਾਂ ਦਾ 150-200 ਦਾ ਜਥਾ ਅਰਦਾਸ ਕਰਕੇ ਉਥੇ ਪਹੁੰਚ ਗਿਆ, ਜਿੱਥੇ 'ਰੇਲਵੇ ਕਲੋਨੀ ਬੀ' ਦੀ ਗਰਾਊਂਡ ਵਿਚ ਇਹ ਜਲੂਸ ਸਮਾਪਤ ਹੋਣਾ ਸੀ'। ਹੋਰ ਸੂਤਰਾਂ ਤੋਂ ਮਿਲਦੀ ਜਾਣਕਾਰੀ ਅਨੁਸਾਰ ਜਥੇਦਾਰ ਉਮਰਾਨੰਗਲ ਨੇ ਇਹ ਨਹੀਂ ਸੀ ਕਿਹਾ ਕਿ ਹੁਣ ਕੁਝ ਕਰਨ ਦੀ ਜਰੂਰਤ ਨਹੀਂ, ਸਗੋਂ ਉਨ੍ਹਾਂ ਕਿਹਾ ਸੀ ਕਿ ਹੁਣ ਖੜ੍ਹੇ ਪੈਰ ਸਮਾਗਮ ਬੰਦ ਕਰਾਇਆ ਨਹੀਂ ਜਾ ਸਕਣਾ। ਤੁਹਾਡੀਆਂ ਉਨ੍ਹਾਂ ਵਿਰੁੱਧ ਜੋ ਵੀ ਸ਼ਿਕਾਇਤਾਂ ਹਨ, ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਉਸ ਲਈ ਉਹ ਸਰਕਾਰ ਕੋਲ ਸਿਫਾਰਸ਼ ਵੀ ਕਰਨਗੇ।

ਛੇਤੇ ਰਹੇ ਕਿ 1978 ਦੇ ਖੂਨੀ ਕਾਂਡ ਤੋਂ 7-8 ਸਾਲ ਪਹਿਲਾਂ 1969-70 ਵਿਚ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਵਲੋਂ 'ਇਲੱਸਟਰੇਟਡ ਵੀਕਲੀ-ਮੈਗਜ਼ੀਨ' ਅਤੇ 'ਹਿੰਦੁਸਤਾਨ ਟਾਈਮਜ਼' ਵਿਚ ਪੂਰੇ ਸਫੇ ਦੇ ਇਸ਼ਤਿਹਾਰ ਦੇ ਕੇ ਆਪਣੀ ਸਥਿਤੀ ਸਪੱਸ਼ਟ ਕੀਤੀ ਗਈ ਸੀ ਕਿ ਉਹ ਸਿੱਖ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਦਾ ਸਿੱਖ ਧਰਮ ਜਾਂ ਸਿੱਖਾਂ ਨਾਲ ਕੋਈ ਵਿਰੋਧ ਨਹੀਂ। ਪਰ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੇ ਇਸ ਮਸਲੇ ਨੂੰ ਨਜਿੱਠਣ ਲਈ ਗੰਭੀਰਤਾ ਨਾਲ ਕੋਈ ਯਤਨ ਨਹੀਂ ਕੀਤਾ, ਜਿਸਦੇ ਨਤੀਜੇ 1978 ਦੇ ਖੂਨੀ ਸਾਕੇ ਵਿਚ ਨਿਕਲ਼ੇ ਸਨ। ਸਾਨੂੰ ਇੱਥੇ ਇਹ ਵੀ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਘਟਨਾ ਤੋਂ ਦੋ ਸਾਲਾਂ ਪਿੱਛੋਂ 13 ਦਸੰਬਰ, 1981 ਨੂੰ ਨਿਰੰਕਾਰੀ ਮੁੱਖੀ ਹਰਦੇਵ ਸਿੰਘ ਵਲੋਂ ਇੱਕ ਵਾਰ ਫਿਰ ਪੱਤਰ ਲਿਖ ਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਕਚਿਹਰੀ 'ਤੋਂ ਭੁੱਲ ਬਖਸ਼ਾਉਣ ਲਈ ਅਰਜੋਈਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜੋ ਲੰਬਾ ਸਮਾਂ ਜਾਰੀ ਰਹੀਆਂ ਸਨ। ਇਹ ਪੱਤਰ ਉਦੋਂ ਲਿਖਿਆ ਗਿਆ ਸੀ, ਜਦੋਂ ਪਹਿਲਾਂ 24 ਅਪਰੈਲ, 1980 ਨੂੰ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਦੀ ਭਾਈ ਰਣਜੀਤ ਸਿੰਘ ਅਤੇ ਟਕਸਾਲ ਦੇ ਇੱਕ ਸਿੰਘ ਕਾਬਲ ਸਿੰਘ ਵਲੋਂ ਹੱਤਿਆ ਕਰ ਦਿੱਤੀ ਗਈ ਸੀ ਅਤੇ ਇਸ ਤੋਂ ਬਾਅਦ 9 ਸਤੰਬਰ, 1981 ਨੂੰ ਹਿੰਦ ਸਮਾਚਾਰ ਗਰੁੱਪ ਦੇ ਐਡੀਟਰ ਲਾਲਾ ਜਗਤ ਨਰਾਇਣ ਦਾ ਸੰਤ ਭਿੰਡਰਾਂਵਾਲ਼ਿਆਂ ਦੇ ਕਹਿਣ 'ਤੇ ਨਛੱਤਰ ਸਿੰਘ ਰੋਡੇ ਨੇ ਸਵਰਨ ਸਿੰਘ ਤੇ ਦਲਬੀਰ ਸਿੰਘ ਨਾਲ ਮਿਲ ਕੇ ਕਤਲ ਕਰ ਦਿੱਤਾ ਸੀ। ਦੋ ਕੁ ਮਹੀਨੇ ਪਿੱਛੋਂ ਨਵੰਬਰ ਵਿਚ ਬੱਬਰ ਖਾਲਸਾ ਦੇ ਖਾੜਕੂਆਂ ਨੇ ਨਿਰੰਕਾਰੀ ਮਿਸ਼ਨ ਦੇ ਸਿਤਾਰੇ, ਡੀ ਸੀ ਨਿਰੰਜਣ ਸਿੰਘ 'ਤੇ ਹਮਲਾ ਕਰਕੇ ਉਸਨੂੰ ਜ਼ਖਮੀ ਕਰ ਦਿੱਤਾ ਸੀ ਅਤੇ ਉਸਦੇ ਭਰਾ ਸ਼ਿੰਦਾ ਸਿੰਘ ਨੂੰ ਮਾਰ ਦਿੱਤਾ ਸੀ। ਇਹ ਉਹ ਸਮਾਂ ਸੀ, ਜਦੋਂ ਪੰਜਾਬ ਵਿਚ ਕਾਂਗਰਸ ਸਰਕਾਰ ਵਾਪਿਸ ਆ ਗਈ ਸੀ। ਜਥੇਦਾਰ ਟੌਹੜਾ ਅਤੇ ਜਥੇਦਾਰ ਅਜਨੋਹਾ ਦੀ ਆਪਸੀ ਸੁਰ ਵੀ ਮਿਲਦੀ ਸੀ। ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੇ ਇਸ ਸਬੰਧੀ ਸਿੱਖ ਵਿਦਵਾਨਾਂ ਡਾ. ਗੰਡਾ ਸਿੰਘ, ਸ. ਕਪੂਰ ਸਿੰਘ, ਸਾਧੂ ਸਿੰਘ ਹਮਦਰਦ ਆਦਿ ਤੋਂ ਸਲਾਹ ਵੀ ਲਈ ਸੀ। ਸਾਰੇ ਇਸ ਗੱਲ ਨਾਲ ਸਹਿਮਤ ਸਨ ਕਿ ਜੇ ਨਿਰੰਕਾਰੀ ਸਾਰਾ ਕੁਝ ਮੰਨ ਕੇ ਮੁਆਫੀ ਮੰਗਣ ਲਈ ਤਿਆਰ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਸਾਰੇ ਗੱਲ ਇੱਕ-ਦੂਜੇ 'ਤੇ ਸੁੱਟ ਰਹੇ ਸਨ, ਪਰ ਕੋਈ ਵੀ ਸਪੱਸ਼ਟ ਸਟੈਂਡ ਲੈਣ ਲਈ ਤਿਆਰ ਨਹੀਂ ਸੀ। ਉਸ ਵਕਤ ਸਾਰੀ ਬਾਜ਼ੀ ਜਥੇਦਾਰ ਟੌਹੜਾ ਹੱਥ ਸੀ। ਪੁਸਤਕ 'ਪੰਥ ਦੇ ਨਿਧੜਕ ਜਰਨੈਲ: ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ' ਦੇ ਪੰਨਾ 39 ਦੇ ਹੈਡਿੰਗ, 'ਜਥੇਦਾਰ ਟੌਹੜਾ ਨਾਲ ਵਿਚਾਰ' ਅਨੁਸਾਰ: 'ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਕੋਈ ਗੱਲ ਕਰਨ ਲਈ ਸਹਿਮਤ ਨਾ ਹੋਏ। ਉਨ੍ਹਾਂ ਨੇ ਸਿੱਖਾਂ ਤੇ ਨਿਰੰਕਾਰੀਆਂ ਵਿਚ ਸਮਝੌਤੇ ਨੂੰ ਇਹ ਕਹਿ ਕੇ ਟਾਲ਼ ਦਿੱਤਾ ਕਿ ਇਸ ਲਈ ਪੰਥ ਦਾ ਵੱਡਾ ਇਕੱਠ ਬੁਲਾਉਣਾ ਪਵੇਗਾ'। ਕਾਸ਼ ਜਥੇਦਾਰ ਟੌਹੜਾ ਨੇ ਉਸ ਮੌਕੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਥੋੜੀ ਇਖਲਾਕੀ ਜ਼ੁਰਅਤ ਵਿਖਾਈ ਹੁੰਦੀ, ਤਾਂ ਸ਼ਾਇਦ ਪੰਜਾਬ ਦੇ ਲੋਕ ਅਨੇਕਾਂ ਦੁਖਾਂਤਕ ਭਾਣਿਆਂ ਤੋਂ ਬਚੇ ਰਹਿੰਦੇ। ਪ੍ਰੰਤੂ ਇਸ ਕਿਸਮ ਦਾ ਪੈਰ ਗੱਡਵਾਂ ਫੈਸਲਾ ਲੈਣਾ ਸ਼ਾਇਦ ਉਨ੍ਹਾਂ ਦੀ ਕਿਸਮਤ ਵਿਚ ਕਦੇ ਵੀ ਨਹੀਂ ਸੀ। ਇਸ ਸਬੰਧੀ ਵਧੇਰੇ ਜਾਣਕਾਰੀ ਐਡਵੋਕੇਟ ਮਨਜੀਤ ਸਿੰਘ ਖਹਿਰਾ 'ਤੋਂ ਵੀ ਲਈ ਜਾ ਸਕਦੀ ਹੈ। ਜੋ ਉਸ ਵਕਤ ਸਾਰੇ ਹਾਲਾਤਾਂ ਵਿਚ ਵਿਚਰਦੇ ਰਹੇ ਸਨ।

ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ 13ਦਸੰਬਰ, 1981 ਨੂੰ ਲਿਖੀ ਚਿੱਠੀ ਵਿਚ ਨਿਰੰਕਾਰੀ ਮੁੱਖੀ ਆਪਣੀ ਕਿਤਾਬ 'ਅਵਤਾਰ ਬਾਣੀ' ਵਿਚੋਂ ਇਤਰਾਜ਼ਯੋਗ ਗੱਲਾਂ ਕੱਟਣ ਲਈ ਤਿਆਰ ਹੋ ਗਏ ਸਨ, ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਸ਼ਰਧਾ ਪ੍ਰਗਟ ਕਰਨ ਦੀ ਗੱਲ ਵੀ ਕੀਤੀ ਸੀ। ਨਿਰੰਕਾਰੀ ਮੁੱਖੀ ਹਰਦੇਵ ਸਿੰਘ ਅਤੇ ਜਥੇਦਾਰ ਅਜਨੋਹਾ ਵਿਚ ਚਿੱਠੀ ਪੱਤਰ ਦਾ ਪੂਰਾ ਵੇਰਵਾ ਡਾ. ਪਰਮਜੀਤ ਸਿੰਘ ਸਰੋਆ ਦੀ ਕਿਤਾਬ 'ਪੰਥ ਦੇ ਨਿਧੜਕ ਜਰਨੈਲ: ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ' ਵਿਚ ਦਰਜ ਹੈ। ਜਿਸ ਅਨੁਸਾਰ ਜਥੇਦਾਰ ਅਜਨੋਹਾ ਵਲੋਂ ਇਸ ਮਸਲੇ 'ਤੇ ਆਪਣੇ ਤੌਰ 'ਤੇ ਕੋਈ ਫੈਸਲਾ ਲੈਣ ਤੋਂ ਨਾਂਹ ਕਰ ਦਿੱਤੀ ਗਈ ਸੀ। ਪੁਸਤਕ ਵਿਚ ਦਿੱਤੇ ਗਏ ਨਿਰੰਕਾਰੀ ਮੁੱਖੀ ਬਾਬਾ ਹਰਦੇਵ ਸਿੰਘ ਵਲੋਂ ਲਿਖੇ ਪੱਤਰ ਅਨੁਸਾਰ: 'ਅੱਜ ਸ. ਮਨਜੀਤ ਸਿੰਘ ਜੀ ਦਾਸ ਨੂੰ ਨਿਰੰਕਾਰੀ ਭਵਨ ਦਿੱਲੀ ਵਿਚ ਮਿਲ਼ੇ ਹਨ। ਦਾਸ, ਉਨ੍ਹਾਂ ਦੀ ਭਾਵਨਾ ਦੀ ਕਦਰ ਕਰਦਾ ਹੈ, ਉਨ੍ਹਾਂ ਦੇ ਕਹਿਣ 'ਤੇ ਹੇਠ ਲਿਖੇ ਸਪੱਸ਼ਟੀਕਰਨ ਭੇਜੇ ਜਾ ਰਹੇ ਹਨ।

1. ਅਸੀਂ ਸਿੱਖ ਗੁਰੂ ਸਾਹਿਬਾਨ ਨੂੰ ਰੱਬੀ ਅਵਤਾਰ ਮੰਨਦੇ ਹਾਂ, ਉਨ੍ਹਾਂ ਪ੍ਰਤੀ ਸਾਡੀ ਭਾਵਨਾ ਪੂਰੀ ਸ਼ਰਧਾ ਵਾਲੀ ਹੈ।

2. ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਰੱਬੀ ਬਾਣੀ ਮੰਨਦੇ ਹਾਂ ਅਤੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਨਾ ਕੋਈ ਮੰਦੀ ਭਾਵਨਾ ਰੱਖਦੇ ਹਾਂ ਅਤੇ ਨਾ ਹੀ ਪ੍ਰਗਟ ਕਰਦੇ ਹਾਂ। ਅਸੀਂ ਸਿੱਖ ਰਹਿਤ ਮਰਿਯਾਦਾ ਅਤੇ ਪ੍ਰੰਪਰਾਵਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਸਬੰਧੀ ਆਯੋਗ ਸ਼ਬਦ ਵਰਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

3. ਨਿਰੰਕਾਰੀ ਮਿਸ਼ਨ ਦੀਆਂ ਪੁਸਤਕਾਂ 'ਯੁੱਗ ਪੁਰਸ਼' ਅਤੇ 'ਅਵਤਾਰ ਬਾਣੀ' ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਣ ਲਈ ਨਹੀਂ ਲਿਖੀਆਂ ਗਈਆਂ। ਪਰ ਫਿਰ ਵੀ ਜੇ ਕੁਝ ਗੱਲਾਂ ਸਿੱਖ ਸੰਗਤ ਨੂੰ ਇਤਰਾਜ਼ਯੋਗ ਲੱਗਦੀਆਂ ਹਨ ਤਾਂ ਉਨ੍ਹਾਂ ਦੀ ਸੋਧ ਦੋਨਾਂ ਧਿਰਾਂ ਦੀ ਸਾਂਝੀ ਕਮੇਟੀ ਕਰ ਦੇਵੇਗੀ।

ਦਾਸ ਨੂੰ ਉਮੀਦ ਹੈ ਕਿ ਆਪ ਉਪ੍ਰੋਕਤ ਸਪੱਸ਼ਟੀਕਰਨ ਪਿੱਛੋਂ ਸਿੱਖ ਪੰਥ ਅਤੇ ਨਿਰੰਕਾਰੀਆਂ ਵਿਚ ਪਏ ਮੱਤਭੇਦ ਨੂੰ ਖਤਮ ਕਰਨ ਵਿਚ ਕਾਮਯਾਬ ਹੋਵੋਗੇ।

ਧੰਨਵਾਦ ਸਹਿਤ, ਆਪ ਦਾ ਹਿਤੂ: ਹਰਦੇਵ ਸਿੰਘ

ਇਸੇ ਤਰ੍ਹਾਂ ਸਿਰਸੇ ਵਾਲੇ ਸਾਧ ਨੇ ਦਸਮ ਪਾਤਸ਼ਾਹ ਦੀ ਨਕਲ ਉਤਾਰਨ ਦੀ ਅਹਿਮਕਾਨਾ ਗੁਸਤਾਖੀ ਕੀਤੀ। ਪਰ ਜਲਦੀ ਬਾਅਦ ਹੀ ਸਵਾਮੀ ਅਗਨੀਵੇਸ਼ ਅਤੇ ਹੋਰ ਮੋਹਤਬਰ ਸੱਜਣਾਂ ਨੇ ਸਾਧ ਵਲੋਂ ਪਸ਼ਚਾਤਾਪ ਕਰਕੇ ਮੁਆਫੀ ਦੇਣ ਲਈ ਸੁਹਿਰਦ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ। ਪਰ ਸ਼ਾਇਦ ਕੁਝ ਤੱਤੀਆਂ ਧਿਰਾਂ ਦੇ ਦਬਾਅ ਹੇਠ ਉਨ੍ਹਾਂ ਕੋਸ਼ਿਸ਼ਾਂ ਨੂੰ ਸਾਬੋਤਾਜ ਕਰ ਦਿੱਤਾ ਗਿਆ। ਕੀ ਸਿਰਸੇ ਵਾਲੇ ਮੁੱਦੇ 'ਤੇ ਵੀ ਪੰਜਾਬ ਅਤੇ ਸਿੱਖ ਪੰਥ ਦੇ ਵਡੇਰੇ ਹਿੱਤਾਂ ਵਿਚ ਟਕਰਾਅ ਵਾਲੀ ਨੀਤੀ ਦੀ ਥਾਂ ਕੋਈ ਸਾਂਤੀਪੂਰਵਕ ਹੱਲ ਨਹੀਂ ਕੱਢਿਆ ਜਾਣਾ ਚਾਹੀਦਾ ਸੀ? ਉਸ ਸਾਧ ਨੂੰ ਕੋਰਟ ਵਲੋਂ ਸਜ਼ਾ ਸੁਣਾਏ ਜਾਣ ਪਿੱਛੋਂ ਪੰਚਕੂਲਾ ਵਿੱਖੇ ਵਾਪਰੀਆਂ ਖੂੰਨੀ ਹਿੰਸਕ ਘਟਨਾਵਾਂ ਅਤੇ ਉਸਦਾ ਖਾਸਾ ਜੱਗ-ਜ਼ਾਹਰ ਹੋਣ ਪਿੱਛੋਂ ਵੀ ਕੀ ਉਸਦੇ ਲੱਖਾਂ ਸ਼ਰਧਾਲੂਆਂ ਦੇ ਮਨਾਂ ਵਿਚ ਉਸ ਪ੍ਰਤੀ ਅੰਨ੍ਹੀ ਸ਼ਰਧਾ ਵਿਚ ਛੇਕ ਪਾਇਆ ਜਾ ਸਕਿਆ ਹੈ?

ਸਿੱਖ ਪੰਥ ਇੱਕ ਵਿਚ ਆਮ ਜਿਹੀ ਸਮਝ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੁਕਮਨਾਮਾ ਸਿਰਫ ਉਨ੍ਹਾਂ ਲਈ ਹੀ ਜਾਰੀ ਹੋ ਸਕਦਾ ਹੈ, ਜੋ ਇਸਦੀ ਪ੍ਰਭੂ ਸਤ੍ਹਾ ਨੂੰ ਮੰਨਦੇ ਹਨ। ਕੀ ਨਿਰੰਕਾਰੀ ਫਿਰਕਾ 1978 ਦੇ ਖੂਨੀ ਸਾਕੇ ਤੋਂ 2-3 ਦਹਾਕੇ ਪਹਿਲਾਂ ਹੀ ਸਿੱਖ ਪੰਥ ਦੇ ਰਵਾਇਤੀ ਘੇਰੇ ਤੋਂ ਬਾਹਰ ਨਹੀਂ ਹੋ ਗਿਆ ਸੀ? ਅਜਿਹੇ ਵਿਚ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੇ ਕੀ ਮਾਇਨੇ ਸਨ? ਜੇ ਨਿਰੰਕਾਰੀ ਗੁਰੂ ਸਾਹਿਬਾਨ, ਸਿੱਖ ਮਰਿਯਾਦਾ ਜਾਂ ਪ੍ਰੰਪਰਾਵਾਂ ਖਿਲਾਫ ਕੂੜ ਪ੍ਰਚਾਰ ਕਰ ਰਹੇ ਸਨ ਤਾਂ ਕੀ ਇਸਨੂੰ ਬੰਦ ਕਰਾਉਣ ਲਈ ਹੁਕਮਨਾਮੇ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਕਾਰਵਾਈ ਨਹੀਂ ਕਰਨੀ ਚਾਹੀਦੀ ਸੀ? ਨਿਰੰਕਾਰੀਆਂ ਦੇ ਬਾਈਕਾਟ ਅਤੇ ਉਨ੍ਹਾਂ ਨੂੰ ਵਧਣ-ਫੁੱਲਣ 'ਤੋਂ ਰੋਕਣ ਦਾ ਹੁਕਮਨਾਮਾ ਜਾਰੀ ਹੋਣ ਪਿੱਛੋਂ ਸੰਤ ਭਿੰਡਰਾਂਵਾਲ਼ਿਆਂ ਵਲੋਂ 'ਨਿਰੰਕਾਰੀ ਭਵਨ' ਬੰਦ

*(ਬਾਕੀ ਸਫਾ 15 'ਤੇ)*

# ਕੌਤਕੀ ਟਰੰਪ: ਦੁਨੀਆ ਲਈ ਖ਼ਤਰਾ

ਅਮਰੀਕਾ ਵਿਚ ਟਰੰਪ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਅਮਰੀਕਾ ਵਿਚ ਰਾਸ਼ਟਰਪਤੀ ਬਣਨ ਦੇ ਨਾਲ ਹੀ ਟਰੰਪ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਨੇ ਪਹਿਲੇ ਹੀ ਦਿਨ ਵੀਹ ਝੂਠ ਬੋਲੇ ਹਨ ਜਾਂ ਵੀਹ ਝੂਠੇ ਵਾਅਦੇ ਕੀਤੇ ਹਨ।

ਇਥੇ ਇਹ ਦੱਸਣਾ ਬਣਦਾ ਹੈ ਕਿ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਡੋਨਲਡ ਟਰੰਪ ਨੇ 30573 ਝੂਠ ਬੋਲੇ ਸਨ, ਭਾਵ ਉਨ੍ਹਾਂ ਵੱਲੋਂ ਰੋਜ਼ਾਨਾ ਔਸਤਨ 21 ਝੂਠ ਬੋਲੇ ਗਏ ਸਨ। ਟਰੰਪ ਨੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਵਾਅਦਿਆਂ, ਦਾਅਵਿਆਂ ਦੀ ਝੜੀ ਲਗਾ ਦਿੱਤੀ।



ਉਨ੍ਹਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ 33 ਹਤਿਆਰਿਆਂ ਦੀ ਸਜ਼ਾ ਮੁਆਫ਼ ਕੀਤੀ, ਸਾਲ 2020 ਦੀਆਂ ਚੋਣਾਂ 'ਚ

**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਧਾਂਦਲੀ ਹੋਈ, ਬਾਇਡਨ ਦੇ ਰਾਜ 'ਚ ਰਿਕਾਰਡ ਤੋੜ ਮਹਿੰਗਾਈ ਹੋਈ, ਚੀਨ ਨੇ ਬਾਇਡਨ ਰਾਜ ਵੇਲੇ ਪਨਾਮਾ ਨਹਿਰ 'ਤੇ ਕਬਜ਼ਾ ਕੀਤਾ, ਬਾਇਡਨ ਨੇ ਖ਼ਤਰਨਾਕ ਅਪਰਾਧੀਆਂ ਨੂੰ ਸ਼ਰਨ ਦਿੱਤੀ ਆਦਿ-ਆਦਿ। ਪਰ ਇਹ ਸਾਰੇ ਦਾਅਵੇ ਮੀਡੀਆ ਨੇ ਝੁਠਲਾ ਦਿੱਤੇ।

ਮੁਢਲੇ ਤੌਰ 'ਤੇ ਦੁਨੀਆ ਭਰ ਵਿਚ ਅਮਰੀਕਾ ਨੂੰ 'ਥਾਣੇਦਾਰ' ਦਾ ਦਰਜਾ ਮਿਲਿਆ ਹੋਇਆ ਹੈ। ਟਰੰਪ ਦੇ ਮੁੜ ਸੱਤਾ 'ਚ ਆਉਣ ਨਾਲ਼ ਇੱਕ ਸਖ਼ਤ ਠਾਣੇਦਾਰ ਅਮਰੀਕਾ ਨੂੰ ਮਿਲਿਆ ਹੈ, ਜੋ ਡੰਡੇ ਦੇ ਜ਼ੋਰ ਨਾਲ ਸਾਰੀ ਦੁਨੀਆ ਨੂੰ ਡਰਾ ਕੇ ਰੱਖਣ ਦਾ ਹਾਮੀ ਹੈ। ਉਸ ਦੇ ਪਿੱਛੇ ਸੈਲੀਕੋਨ ਵੈਲੀ ਦੇ ਵੱਡੇ ਦਿੱਗਜਾਂ ਦੀ ਟੇਕ ਹੈ। ਅਮਰੀਕੀ ਅਰਬਪਤੀ, ਖਰਬਪਤੀ ਸੁੰਦਰ ਪਿਚਾਈ, ਜ਼ੁਕਰਬਰਗ, ਜੈਫ਼ ਬੇਜੋਸ ਅਤੇ ਵੱਡੇ ਅਮੀਰ ਕਾਰਪੋਰੇਟ ਘਰਾਣੇ ਉਸ ਦੀ ਪਿੱਠ 'ਤੇ ਖੜ੍ਹੇ ਹਨ।

ਗੱਦੀ ਸੰਭਾਲਦਿਆਂ ਹੀ ਉਸ ਨੇ ਬ੍ਰਿਕਸ ਦੇਸ਼ਾਂ ਨੂੰ ਧਮਕਾਇਆ। ਕਿਊਬਾ ਨੂੰ ਬਲੈਕ ਲਿਸਟ ਵਿਚ ਪਾ ਦਿੱਤਾ। ਵਿਸ਼ਵ ਸਿਹਤ ਸੰਗਠਨ ਤੇ ਪੈਰਿਸ ਜਲਵਾਯੂ ਸਮਝੌਤੇ 'ਚੋਂ ਵੀ ਨਿਕਲਣ ਦਾ ਉਸ ਨੇ ਐਲਾਨ ਕਰ ਦਿੱਤਾ। ਬ੍ਰਿਕਸ ਦੇਸ਼ ਜਿਸ ਵਿਚ ਭਾਰਤ ਸਮੇਤ 10 ਦੇਸ਼ਾਂ ਦੀ ਸ਼ਮੂਲੀਅਤ ਹੈ, ਨੂੰ ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਅਮਰੀਕੀ ਡਾਲਰ ਨੂੰ ਬਦਲਣ ਲਈ ਕੋਈ ਚਾਰਾਜੋਈ ਕੀਤੀ ਤਾਂ ਉਹ ਉਨ੍ਹਾਂ 'ਤੇ 100 ਫ਼ੀਸਦੀ ਟੈਕਸ ਲਗਾਉਣਗੇ। ਸਹੁੰ ਚੁੱਕਣ ਦੇ ਛੇ ਘੰਟਿਆਂ ਅੰਦਰ ਹੀ ਬਾਇਡਨ ਸਰਕਾਰ ਦੇ 78 ਫ਼ੈਸਲਿਆਂ ਨੂੰ ਪਲਟ ਦਿੱਤਾ। ਜਿਸ ਵਿਚ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ, ਬੱਚਿਆਂ ਦੀ ਨਾਗਰਿਕਤਾ ਖ਼ਤਮ ਕਰਨ ਜਿਹੇ ਅਤਿ ਮਹੱਤਵਪੂਰਨ ਫ਼ੈਸਲੇ ਸ਼ਾਮਲ ਹਨ। ਟਰੰਪ ਨੇ ਉਨ੍ਹਾਂ ਮਾਪਿਆਂ ਦੇ ਬੱਚਿਆਂ ਨੂੰ ਜਨਮ ਜਾਤ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਦਾ ਤਤਕਾਲੀ ਹੁਕਮ ਦਿੱਤਾ, ਜਿਹੜੇ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਹਨ ਜਾਂ ਆਰਜ਼ੀ ਵੀਜ਼ੇ 'ਤੇ ਰਹਿ ਰਹੇ ਹਨ।

ਟਰੰਪ ਅਮਰੀਕਾ ਵਿਚ ਪੁਰਾਤਨ ਯੁੱਗ ਲਿਆਉਣ ਦਾ ਹਾਮੀ ਹੈ। ਡੋਨਲਡ ਟਰੰਪ ਨੇ ਸਹੁੰ ਚੁੱਕ ਸਮਾਰੋਹ ਤੋਂ ਬਾਅਦ ਕਈ ਐਕਸ਼ਨ ਕੀਤੇ, ਪਰ ਸਭ ਤੋਂ ਵੱਧ ਚਰਚਾ ਅਮੀਰਜ਼ਾਦੇ ਐਲਨ ਮਸਕ ਦੇ ਸਲੂਟ ਦੀ ਹੋ ਰਹੀ ਹੈ। ਅਮਰੀਕੀ ਮੀਡੀਏ ਤੇ ਸੋਸ਼ਲ ਮੀਡੀਏ ਵੱਲੋਂ ਇਸ ਸਲੂਟ ਦੀ ਤੁਲਨਾ ਹਿਟਲਰ ਦੇ ਨਾਜ਼ੀ ਸਲੂਟ ਨਾਲ ਕੀਤੀ ਜਾ ਰਹੀ ਹੈ। ਹਿਟਲਰ ਨੇ ਇਸ ਸਲੂਟ ਦਾ ਇਸਤੇਮਾਲ 1933 ਤੋਂ 1945 ਤੱਕ ਤੀਜੇ ਰਾਈਖ (ਤੀਜਾ ਜਰਮਨ ਸਾਮਰਾਜ) ਦੌਰਾਨ ਕੀਤਾ ਸੀ। ਜਾਪਦਾ ਹੈ ਟਰੰਪ ਹਿਟਲਰੀ ਸੋਚ ਦਾ ਮੁਦਈ ਹੈ। ਉਸ ਅਨੁਸਾਰ ਅਮਰੀਕਾ ਵਿਚ ਸਿਰਫ਼ ਅਮਰੀਕੀਆਂ ਨੂੰ ਹੀ ਵਸਣ ਦਾ ਅਧਿਕਾਰ ਹੈ। ਉਹ ਪ੍ਰਵਾਸੀਆਂ ਖ਼ਾਸ ਕਰ ਕੇ ਨਜਾਇਜ਼ ਤੌਰ 'ਤੇ ਅਮਰੀਕਾ ਪੁੱਜੇ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ ਤਤਪਰ ਦਿਸਦਾ ਹੈ। ਟਰੰਪ ਨੇ ਇੱਕ ਹੁਕਮ ਜਾਰੀ ਕਰਕੇ 30,000 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫੜਕੇ ਬਦਨਾਮ ਗਵਾਂਤਾਨਾਮੋ ਬੇ ਜੇਲ੍ਹ (ਕਿਊਬਾ) ਵਿਚ ਡੱਕਣ ਲਈ ਤਿਆਰੀਆਂ ਕਰਨ ਦਾ ਹੁਕਮ ਕੀਤਾ ਹੈ। ਇਨ੍ਹਾਂ 30,000 ਕੈਦੀਆਂ ਨੂੰ ਡੱਕਣ ਲਈ ਤੁਰੰਤ ਮੰਜੇ-ਬਿਸਤਰੇ ਤਿਆਰ ਕਰ ਦਿੱਤੇ ਗਏ ਹਨ। ਇਸ ਜੇਲ੍ਹ ਵਿਚ ਆਮ ਤੌਰ 'ਤੇ ਅਤਿ ਖ਼ਤਰਨਾਕ ਅਤਿਵਾਦੀਆਂ, ਅਪਰਾਧੀਆਂ ਨੂੰ ਅਤਿਅੰਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਂਦਾ ਹੈ। ਇਥੇ ਕੈਦੀਆਂ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਹਨ। ਕੈਦੀਆਂ ਨੂੰ ਬਿਨ੍ਹਾਂ ਮੁਕੱਦਮੇ ਅਣਮਿੱਥੇ ਸਮੇਂ ਲਈ ਰੱਖਿਆ ਜਾਂਦਾ ਹੈ। ਪਿਛਲੇ 20 ਸਾਲਾਂ 'ਚ ਇਥੇ ਘੱਟੋ-ਘੱਟ 9 ਕੈਦੀਆਂ ਦੀ ਮੌਤ ਹੋਈ ਅਤੇ 7 ਨੇ ਆਤਮ ਹੱਤਿਆ ਕੀਤੀ। ਕੈਦੀਆਂ ਨੂੰ ਕਠਿਨ ਤਸੀਹੇ ਦੇਣ ਦੀ ਵਜ੍ਹਾ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਜੇਲ੍ਹ ਨੂੰ ਵਿਰੋਧ ਝੱਲਣਾ ਪਿਆ। ਇਸ ਸਮੇਂ ਇਸ ਜੇਲ੍ਹ 'ਚ ਸਿਰਫ਼ 15 ਕੈਦੀ ਹਨ। ਸਾਲ 2020 ਤੋਂ 2023 ਤੱਕ ਇਥੇ ਸਿਰਫ਼ 37 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਿਆ ਗਿਆ। ਰਾਸ਼ਟਰਪਤੀ ਬਰਾਕ ਓਬਾਮਾ ਅਤੇ ਜੋਅ ਬਾਇਡਨ ਇਸ ਜੇਲ੍ਹ ਨੂੰ ਬੰਦ ਕਰਨ ਲਈ ਯਤਨ ਕਰ ਚੁੱਕੇ ਹਨ, ਪਰ ਅਮਰੀਕੀ ਕਾਂਗਰਸ ਦੇ ਵਿਰੋਧ ਕਾਰਨ ਬੰਦ ਨਹੀਂ ਕੀਤੀ ਜਾ ਸਕੀ।

ਅਮਰੀਕਾ 'ਚ ਇੱਕ ਸੂਚਨਾ ਅਨੁਸਾਰ ਦੁਨੀਆਂ ਭਰ ਦੇ 1 ਕਰੋੜ ਦੇ ਕਰੀਬ ਨਜਾਇਜ਼ ਤੌਰ 'ਤੇ ਅਮਰੀਕਾ ਵਸੇ ਪ੍ਰਵਾਸੀ (ਟਰੰਪ ਅਨੁਸਾਰ 2 ਕਰੋੜ) ਜਿਨ੍ਹਾਂ ਵਿਚ 6 ਲੱਖ ਪ੍ਰਵਾਸੀ ਭਾਰਤੀ



ਵੀ ਸ਼ਾਮਲ ਹਨ, ਜੋ ਮੋਟੀਆਂ ਰਕਮਾਂ ਦੇ ਕੇ ਕੈਨੇਡਾ ਤੋਂ ਜਾਂ ਮੈਕਸੀਕੋ ਰਾਹੀਂ ਅਮਰੀਕਾ ਪੁੱਜੇ ਹਨ। ਅਤੇ ਟਰੰਪ ਦੇ ਡਰ 'ਤੋਂ ਸੁਰੱਖਿਅਤ ਟਿਕਾਣਿਆਂ 'ਤੇ ਕੈਲੀਫੋਰਨੀਆ ਬੋਸਟਨ ਆਦਿ ਰਾਜਾਂ 'ਚ ਜਾ ਦੁਬਕੇ ਹਨ, ਜਿੱਥੇ ਬਾਇਡਨ ਤੇ ਕਮਲਾ ਹੈਰਿਸ ਦੀ ਪਾਰਟੀ ਡੈਮੋਕਰੇਟਿਕ ਦਾ ਰਾਜ ਹੈ। ਟਰੰਪ ਨੇ ਮੈਕਸੀਕੋ ਬਾਰਡਰ ਬੰਦ ਕਰ ਦਿੱਤਾ ਹੈ ਅਤੇ ਨਜਾਇਜ਼ ਪ੍ਰਵਾਸੀਆਂ ਦੇ ਲਾਂਘੇ ਨੂੰ ਸਖ਼ਤੀ ਨਾਲ ਰੋਕ ਦਿੱਤਾ ਹੈ। ਅਮਰੀਕੀ ਬਾਰਡਰ ਇੰਮੀਗ੍ਰੇਸ਼ਨ ਅਨੁਸਾਰ ਕੈਨੇਡਾ ਬਾਰਡਰ 'ਤੋਂ 2.75 ਲੱਖ, ਮੈਕਸੀਕੋ ਬਾਰਡਰ 'ਤੋਂ 2.25 ਲੱਖ ਅਤੇ ਹੋਰ ਬਾਰਡਰਾਂ ਰਾਹੀਂ ਦੋ 2.25 ਲੱਖ ਭਾਰਤੀ ਅਮਰੀਕਾ ਪੁੱਜੇ ਹੋਏ ਹਨ। ਟਰੰਪ ਪ੍ਰਸ਼ਾਸਨ ਨੇ ਤੁਰੰਤ 18000 ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਭੇਜਣ ਦਾ ਫ਼ੈਸਲਾ ਲੈ ਲਿਆ ਹੈ। ਰਾਸ਼ਟਰਪਤੀ ਟਰੰਪ ਨੇ ਲੇਕਨ ਰਿਲੇਅ ਐਕਟ ਉੱਪਰ ਦਸਤਖ਼ਤ ਕੀਤੇ ਹਨ, ਜਿਹੜਾ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਲਈ ਇੰਮੀਗ੍ਰੇਸ਼ਨ ਅਫ਼ਸਰਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੰਦਾ ਹੈ। ਹੁਣ ਇਸ ਕਾਨੂੰਨ ਤਹਿਤ ਇੰਮੀਗ੍ਰੇਸ਼ਨ ਅਫ਼ਸਰ ਗ਼ੈਰ-ਕਾਨੂੰਨੀ ਪ੍ਰਵਾਸੀ ਨੂੰ ਉਸੇ ਵੇਲੇ ਆਪਣੀ ਹਿਰਾਸਤ ਵਿਚ ਲੈ ਸਕਣਗੇ, ਜਦੋਂ ਕਿਸੇ ਅਪਰਾਧ ਤਹਿਤ ਪੁਲਿਸ ਅਫ਼ਸਰਾਂ ਵੱਲੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼-ਨਿਕਾਲਾ ਦੇ ਦਿੱਤਾ ਜਾਵੇਗਾ।

ਟਰੰਪ ਤਾਕਤ ਦੇ ਗ਼ਰੂਰ ਵਿਚ ਇਨਾ ਨਸ਼ਿਆ ਚੁੱਕਾ ਹੈ ਕਿ ਨਿੱਤ-ਦਿਹਾੜੇ ਉਸ ਵੱਲੋਂ ਗ਼ੈਰ ਕਾਨੂੰਨੀ ਆਦੇਸ਼ ਜਾਰੀ ਹੋ ਰਹੇ ਹਨ, ਜਿਨ੍ਹਾਂ ਨੂੰ ਅਮਰੀਕੀ ਅਦਾਲਤਾਂ ਵਿਚ ਚੁਣੌਤੀ ਦਿੱਤੀ ਗਈ ਹੈ। ਸੀਐਟਲ (ਕੈਲੇਫੋਰਨੀਆ) ਦੀ ਅਮਰੀਕੀ ਸੰਘੀ ਅਦਾਲਤ ਵੱਲੋਂ ਜਨਮ ਦੇ ਆਧਾਰ 'ਤੇ ਨਾਗਰਿਕਤਾ ਖ਼ਤਮ ਕਰਨ ਦੇ ਟਰੰਪ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਗਈ ਹੈ। ਅਦਾਲਤ ਨੇ ਕਿਹਾ ਹੈ ਕਿ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਤੋਂ ਇਨਕਾਰ ਕਰਨਾ ਗ਼ੈਰ ਕਾਨੂੰਨੀ ਤੇ ਜ਼ਾਲਮਾਨਾ ਹੈ ਤੇ ਅਮਰੀਕੀ ਕਦਰਾਂ-ਕੀਮਤਾਂ ਦੇ ਉਲਟ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਸੰਵਿਧਾਨ ਦੀ ਚੌਦਵੀਂ ਸੋਧ ਜਨਮ ਨਾਗਰਿਕਤਾ ਗਰੰਟੀ ਨੂੰ 1868 'ਚ ਸਿਵਲ ਯੁੱਧ ਦੇ ਮੱਦੇ ਨਜ਼ਰ ਪ੍ਰਵਾਨਗੀ ਦਿੱਤੀ ਗਈ ਸੀ, ਤਾਂ ਜੋ ਗੁਲਾਮ ਕਾਲੇ ਲੋਕ ਵੀ ਨਾਗਰਿਕ ਬਣ ਸਕਣ। ਅਮਰੀਕੀ ਸੈਨੇਟ 'ਚ ਇੱਕ ਬਿੱਲ ਪੇਸ਼ ਕਰਦੇ ਹੋਏ ਅਮਰੀਕਾ 'ਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ। ਇਹ ਬਿੱਲ ਸੱਤਾਧਾਰੀ ਰੀਪਬਲਿਕਨ ਪਾਰਟੀ ਦੇ ਤਿੰਨ ਮੈਂਬਰਾਂ ਵੱਲੋਂ ਲਿਆਂਦਾ ਹੈ। ਵਰਨਣਯੋਗ ਹੈ ਕਿ ਸਾਲ 2023 'ਚ 2-2.5 ਲੱਖ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਸੀ। ਟਰੰਪ ਦਾ ਬਿਆਨ ਵੀ ਚਰਚਾ 'ਚ ਹੈ ਕਿ ਜਨਮ ਜਾਤ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਸੀ। ਇਹ ਪੂਰੀ ਦੁਨੀਆਂ ਦੇ ਲੋਕਾਂ ਦੇ ਅਮਰੀਕਾ ਆਉਣ 'ਤੇ ਭੀੜ ਲਗਾਉਣ ਲਈ ਨਹੀਂ ਹੈ।

ਡੋਨਲਡ ਟਰੰਪ ਅਤੇ ਉਸਦੇ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਕੀਤੇ ਸੱਚੇ-ਝੂਠੇ ਵਾਅਦਿਆਂ ਦੀ ਪੂਰਤੀ ਲਈ ਇੰਨੇ ਕਾਹਲੇ ਹਨ ਕਿ ਉਨ੍ਹਾਂ ਵੱਲੋਂ ਇੰਮੀਗਰੇਸ਼ਨ ਕਸਟਮ ਫੋਰਸਮੈਂਟ ਅਤੇ ਸਰਹੱਦੀ ਸੁਰੱਖਿਆ ਲਾਗੂ ਕਰਨ ਲਈ ਬਾਇਡਨ ਪ੍ਰਸ਼ਾਸਨ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ, ਜੋ ਅਖੌਤੀ ਸੰਵੇਦਨਸ਼ੀਲ ਖੇਤਰਾਂ ਜਾਂ ਉਨ੍ਹਾਂ ਨੇੜੇ ਕਾਨੂੰਨ ਲਾਗੂ ਕਰਨ ਸੰਬੰਧੀ ਕਾਰਵਾਈਆਂ ਨੂੰ ਰੋਕਦੀਆਂ ਹਨ।

ਇਨ੍ਹਾਂ ਸੰਵੇਦਨਸ਼ੀਲ ਖੇਤਰਾਂ 'ਚ ਗੁਰਦੁਆਰਾ ਅਤੇ ਚਰਚ ਵਰਗੇ ਪੂਜਾ ਸਥਾਨ ਵੀ ਸ਼ਾਮਲ ਹਨ। ਇਨ੍ਹਾਂ ਕਾਰਵਾਈਆਂ ਦੇ ਚਲਦਿਆਂ ਅਮਰੀਕੀ ਏਜੰਸੀਆਂ ਵੱਲੋਂ ਗੁਰਦੁਆਰਿਆਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਗਏ ਹਨ।

ਇੱਥੇ ਹੀ ਬੱਸ ਨਹੀਂ ਤਾਕਤ ਦਾ ਗੁਬਾਰ ਟਰੰਪ ਦੇ ਸਿਰ ਵਿਚੋਂ ਇਥੋਂ ਤੱਕ ਚੜ੍ਹ ਕੇ ਬੋਲ ਰਿਹਾ ਹੈ ਕਿ ਟਰੰਪ ਦੇ ਇੱਕ ਫ਼ਰਮਾਨ ਨਾਲ 180 ਦੇਸ਼ਾਂ ਨੂੰ 5 ਲੱਖ ਡਾਲਰ ਦੀ ਮਦਦ ਬੰਦ ਕਰ ਦਿੱਤੀ ਗਈ ਹੈ, ਜਿਸ ਵਿਚ ਭਾਰਤ ਦੀ 1300 ਕਰੋੜ ਦੀ ਮਦਦ ਥੰਮ੍ਹ ਗਈ ਹੈ। ਇਸ ਨਾਲ਼ ਐੈਚ.ਆਈ.ਵੀ./ਏਡਜ਼ ਦੇ ਖਿਲਾਫ਼ ਜਾਰੀ ਲੜਾਈ ਲਈ ਅਫ਼ਰੀਕੀ ਦੇਸ਼ਾਂ ਨੂੰ ਮਦਦ ਵੀ ਪ੍ਰਭਾਵਿਤ ਹੋਵੇਗੀ। ਇਸ ਯੋਜਨਾ ਤਹਿਤ ਹੁਣ ਤੱਕ 2.6 ਕਰੋੜ ਲੋਕਾਂ ਦੀ ਜਾਨ ਬਚਾਈ ਗਈ।

ਟਰੰਪ ਵੱਲੋਂ ਨਿੱਤ-ਦਿਹਾੜੇ ਕੀਤੇ ਜਾ ਰਹੇ ਐਲਾਨ ਅਤੇ ਵਾਅਦੇ ਦੇਸ਼ ਨੂੰ ਅਰਾਜਕਤਾ ਵੱਲ ਧੱਕਣ ਦਾ ਕਾਰਨ ਬਣਨਗੇ। ਅਮਰੀਕਾ ਵੱਲੋਂ ਵੱਖੋ-ਵੱਖਰੇ ਦੇਸ਼ਾਂ ਨੂੰ ਉਨ੍ਹਾਂ ਵੱਲੋਂ ਦਿੱਤੇ ਆਦੇਸ਼ਾਂ ਨੂੰ ਨਾ ਮੰਨਣ 'ਤੇ ਦਿੱਤੀਆਂ ਵੱਡੀਆਂ ਧਮਕੀਆਂ, ਅਮਰੀਕਾ ਦੇ ਦੋਸਤ ਦੇਸ਼ਾਂ ਨਾਲ ਸੰਬੰਧ ਵਿਗਾੜਨਗੀਆਂ ਅਤੇ ਇਹ ਦੇਸ਼ ਕਿਸੇ ਹੋਰ ਦੇਸ਼ ਨਾਲ਼ ਆਪਣੀ ਸਾਂਝ ਵਧਾਉਣ ਲਈ ਅੱਗੇ ਆਉਣਗੇ। ਭਾਰਤ ਤੇ ਅਮਰੀਕਾ ਦੇ ਸੰਬੰਧ ਸੁਖਾਵੇਂ ਹਨ, ਪਰ ਟਰੰਪ ਵੱਲੋਂ ਮੌਜੂਦਾ ਸਮੇਂ ਭਾਰਤ ਨਾਲ਼ ਭੈੜਾ ਵਿਵਹਾਰ ਦੋਹਾਂ ਦੇਸ਼ਾਂ ਦੇ ਆਪਸੀ ਵਪਾਰ ਅਤੇ ਸੰਬੰਧਾਂ 'ਤੇ ਅਸਰ ਪਾਏਗਾ। ਭਾਰਤ, ਚੀਨ ਅਤੇ ਬ੍ਰਾਜ਼ੀਲ ਉੱਤੇ 100 ਫ਼ੀਸਦੀ ਟੈਕਸ ਲਗਾਉਣ ਦੀਆਂ ਖ਼ਬਰਾਂ ਵੀ ਹਨ। ਟਰੰਪ ਦੇ ਨਿਸ਼ਾਨੇ ਉੱਤੇ ਚੀਨ ਅਤੇ ਰੂਸ 'ਤੋਂ ਵੀ ਪਹਿਲਾਂ ਗੁਆਂਢੀ ਮੁਲਕ ਕੈਨੇਡਾ ਅਤੇ ਮੈਕਸੀਕੋ ਹਨ। ਇਨ੍ਹਾਂ ਦੋਨਾਂ ਦੇਸ਼ਾਂ ਨਾਲ ਅਮਰੀਕਾ ਦਾ ਵਪਾਰ ਇੱਕ ਟ੍ਰਿਲੀਅਨ ਡਾਲਰ ਹੈ। ਟਰੰਪ ਦਾ ਕਹਿਣਾ ਹੈ ਕਿ ਇਹ ਦੋਵੇਂ ਮੁਲਕ ਉਸਦੀ ਉਦਾਰਤਾ ਦਾ ਲਾਭ ਲੈ ਰਹੇ ਹਨ। ਉਸਨੇ ਇਨ੍ਹਾਂ ਮੁਲਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਬਾਜ਼ ਨਾ ਆਏ ਤਾਂ ਅਮਰੀਕਾ ਟੈਕਸ ਟੈਰਿਫ ਵਧਾ ਦੇਵੇਗਾ।

ਡੋਨਲਡ ਟਰੰਪ ਸਹੁੰ ਚੁੱਕਣ ਤੋਂ ਬਾਅਦ ਸੈਨਾ ਦੇ ਕਮਾਂਡਰ-ਇਨ-ਚੀਫ਼ ਸਵਾਗਤ ਸਮਾਰੋਹ 'ਚ ਤਲਵਾਰ ਲੈ ਕੇ ਨੱਚਦੇ ਨਜ਼ਰ ਆਏ। ਉਨ੍ਹਾਂ ਤਲਵਾਰ ਨਾਲ ਕੇਕ ਕੱਟਿਆ। ਉਨ੍ਹਾਂ ਦਾ ਇਹ ਰੂਪ-ਸਰੂਪ ਨਾਜ਼ੀ ਸਰੂਪ ਦਾ ਪ੍ਰਤੀਕ ਜਾਪ ਰਿਹਾ ਹੈ। ਇਹ ਉਨ੍ਹਾਂ ਦਾ ਸਵਾਰਥੀ ਸਰੂਪ ਵੀ ਹੈ। ਟਰੰਪ ਅਮਰੀਕਾ ਨੂੰ ਗ੍ਰੇਟ ਬਣਾਉਣ ਦੇ ਚੱਕਰ 'ਚ ਆਪਣਾ ਅਕਸ ਵੱਡਾ ਕਰਨ ਦੀ ਤਾਕ 'ਚ ਹੈ।

ਜਿਵੇਂ ਭਾਰਤੀ ਲੋਕਤੰਤਰ 'ਚ ਨਰੇਂਦਰ ਮੋਦੀ ਭਾਜਪਾ ਆਰ.ਐੱਸ.ਐੱਸ.ਦੀ ਛਤਰ-ਛਾਇਆ 'ਚ ਦੇਸ਼ ਵਿਚ ਰਾਜਸ਼ਾਹੀ ਲਿਆਉਣ ਦੀ ਤਾਕ ਵਿਚ ਹੈ ਅਤੇ ਜਿਵੇਂ ਲੋਕਤੰਤਰ ਦੇ ਪਰਦੇ ਹੇਠ ਵਲਾਦੀਮੀਰ ਪੁਤਿਨ ਨੇ ਰੂਸ 'ਚ ਤਾਨਾਸ਼ਾਹੀ ਹਕੂਮਤ ਕਾਇਮ ਕਰ ਦਿੱਤੀ ਹੈ, ਉਵੇਂ ਹੀ ਰਾਸ਼ਟਰਪਤੀ ਡੋਨਲਡ ਟਰੰਪ ਜੋ ਰਾਸ਼ਟਰਵਾਦ ਦਾ ਅਮਰੀਕਾ ਵਿਚ ਨਵਾਂ ਅਧਿਆਏ ਲਿਖ ਰਿਹਾ ਹੈ, ਆਪਣੇ ਕੌਤਕੀ ਸੁਭਾਅ ਨਾਲ ਆਪਣਾ ਸਖ਼ਸ਼ੀ ਉਭਾਰ ਕਰਕੇ ਦੁਨੀਆ 'ਚ ਇੱਕ ਡਿਕਟੇਟਰ ਵਜੋਂ ਆਪਣਾ ਨਾਂ ਪੈਦਾ ਕਰਨ ਦੇ ਯਤਨ 'ਚ ਹੈ। ਇਹ ਲੋਕਤੰਤਰ ਅਮਰੀਕਾ ਲਈ ਹੀ ਘਾਤਕ ਨਹੀਂ ਹੈ, ਸਗੋਂ ਸਮੁੱਚੀ ਦੁਨੀਆਂ ਲਈ ਖ਼ਤਰੇ ਦੀ ਘੰਟੀ ਹੈ।

# ਕੈਂਸਰ ਸਬੰਧੀ ਭਰਮ-ਭੁਲੇਖਿਆਂ ਤੋਂ ਬਚਣ ਲਈ ਸਹੀ ਜਾਣਕਾਰੀ ਅਤੇ ਜਾਗਰੂਕਤਾ ਜ਼ਰੂਰੀ

**ਵਿਸ਼ਵ ਕੈਂਸਰ ਦਿਵਸ 'ਤੇ ਵਿਸ਼ੇਸ਼...**

ਜੀਵਨ ਵਿਚ ਪੇਸ਼ ਆਈ ਕਿਸੇ ਵੀ ਮੁਸ਼ਕਿਲ ਜਾਂ ਮੁਸੀਬਤ ਨਾਲ ਟਾਕਰਾ ਕਰਨ ਲਈ ਜਿਸ ਤਰ੍ਹਾਂ ਸਭ ਤੋਂ ਪਹਿਲਾਂ ਉਸਦੀ ਪੂਰੀ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੁੰਦਾ ਹੈ, ਉਸੇ ਪ੍ਰਕਾਰ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਜੂਝਣ ਲਈ ਵੀ ਸਭ ਤੋਂ ਪਹਿਲਾਂ ਉਸ ਬਾਰੇ ਜਾਗਰੂਕ ਹੋਣਾ ਜ਼ਰੂਰੀ ਹੈ। ਭਾਵੇਂ ਕਹਿਣ ਨੂੰ ਤਾਂ ਇੱਕੀਵੀਂ ਸਦੀ ਵਿਚ ਅਸੀਂ ਮੈਡੀਕਲ ਸਾਇੰਸ ਅਤੇ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਬਹੁਤ ਤਰੱਕੀ ਕਰ ਲਈ ਹੈ ਪਰ ਅਫ਼ਸੋਸ ਕਿ ਸਾਡੀ



**ਹਰਗੁਣਪ੍ਰੀਤ ਸਿੰਘ**

ਸੋਚ ਅਤੇ ਸਮਝ ਹਾਲੇ ਵੀ ਅਵਿਕਸਿਤ ਅਤੇ ਅਵਿਗਿਆਨਕ ਬਣੀ ਹੋਈ ਹੈ। ਮੈਂ ਪਿਛਲੇ ਕਈ ਸਾਲਾਂ ਤੋਂ ਕੈਂਸਰ ਜਾਗਰੂਕਤਾ ਸਬੰਧੀ ਆਪਣੇ ਨਿਜੀ ਤਜਰਬਿਆਂ ਨੂੰ ਅਖ਼ਬਾਰਾਂ, ਟੀ.ਵੀ. ਅਤੇ ਸੋਸ਼ਲ ਮੀਡੀਆ ਰਾਹੀਂ ਸਾਂਝਾ ਕਰਦਾ ਆ ਰਿਹਾ ਹਾਂ, ਜਿਨ੍ਹਾਂ ਨੂੰ ਪੜ੍ਹ ਕੇ ਬੁੱਧੀਜੀਵੀ ਵਰਗ ਦੇ ਅਨੇਕਾਂ ਪਾਠਕ ਮੇਰੀ ਹੌਂਸਲਾ ਅਫ਼ਜ਼ਾਈ ਕਰਕੇ ਨਿਰੰਤਰ ਲਿਖਦੇ ਰਹਿਣ ਲਈ ਪ੍ਰੇਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਕੁਝ ਅਜਿਹੇ ਪਾਠਕਾਂ ਨਾਲ ਵੀ ਗੱਲਬਾਤ ਕਰਨ ਦਾ ਅਵਸਰ ਮਿਲਿਆ, ਜੋ ਆਪ ਇਸ ਰੋਗ ਨਾਲ ਪੀੜਤ ਸਨ ਜਾਂ ਫਿਰ ਉਨ੍ਹਾਂ ਦਾ ਕੋਈ ਪਰਿਵਾਰਕ ਜੀਅ ਜਾਂ ਕੋਈ ਨੇੜਲਾ ਮਿੱਤਰ-ਸਨੇਹੀ ਇਸ ਬਿਮਾਰੀ ਨਾਲ ਜੂਝ ਰਹੇ ਸਨ। ਪਿਛਲੇ 15 ਸਾਲਾਂ ਦੌਰਾਨ ਮੈਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਤੋਂ ਐਮ.ਏ., ਐਮ.ਫਿਲ ਅਤੇ ਪੀ.ਐਚ.ਡੀ. ਕਰਨ ਸਮੇਂ ਕੈਂਸਰ ਜਾਗਰੂਕਤਾ ਸਬੰਧੀ ਮਹੱਤਵਪੂਰਨ ਖੋਜ ਕਾਰਜ ਕਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਮੇਰਾ ਜਿੱਥੇ ਅਜਿਹੇ ਬਹੁਤ ਲੋਕਾਂ ਨਾਲ ਸੰਪਰਕ ਹੋਇਆ ਜੋ ਪੂਰੀ ਚੜ੍ਹਦੀ ਕਲਾ ਅਤੇ ਦ੍ਰਿੜ ਇਰਾਦੇ ਨਾਲ ਕੈਂਸਰ ਦਾ ਮੁਕਾਬਲਾ ਕਰ ਰਹੇ ਸਨ, ਉੱਥੇ ਮੇਰਾ ਕੁਝ ਅਜਿਹੇ ਲੋਕਾਂ ਨਾਲ ਵੀ ਵਾਹ ਪਿਆ ਜੋ ਸਮਾਜ ਵਿਚ ਫ਼ੈਲੀਆਂ ਪੁਰਾਣੀਆਂ ਆਧਾਰ ਰਹਿਤ ਧਾਰਨਾਵਾਂ ਅਤੇ ਭਰਮ-ਭੁਲੇਖਿਆਂ ਦੇ ਡਰ ਕਾਰਨ ਕੈਂਸਰ ਨਾਲ ਜੂਝਣ ਤੋਂ ਪਹਿਲਾਂ ਹੀ ਕੈਂਸਰ ਸਾਹਮਣੇ ਆਤਮ-ਸਮਰਪਣ ਕਰ ਚੁੱਕੇ ਸਨ।

ਇਕ ਵਾਰ ਇਕ ਵਿਅਕਤੀ ਨੇ ਮੈਨੂੰ ਦੱਸਿਆ ਕਿ ਕੈਂਸਰ ਨਾਲ ਜੂਝ ਰਹੇ ਉਸ ਦੇ ਕਿਸੇ ਰਿਸ਼ਤੇਦਾਰ ਦਾ ਪਰਿਵਾਰ ਵਾਲੇ ਇਸ ਕਰਕੇ ਯੋਗ ਇਲਾਜ ਨਹੀਂ ਕਰਵਾਉਣਾ ਚਾਹੁੰਦੇ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਜਿੱਥੇ ਕੈਂਸਰ ਦਾ ਇਲਾਜ ਇੰਨਾ ਮਹਿੰਗਾ ਹੈ ਉਥੇ ਇਹ ਇਕ ਲਾਇਲਾਜ ਅਤੇ ਜਾਨਲੇਵਾ ਬਿਮਾਰੀ ਵੀ ਹੈ ਜਿਸ ਨਾਲ ਮਰੀਜ਼ ਦਾ ਅੰਤ ਨਿਸ਼ਚਿਤ ਹੁੰਦਾ ਹੈ, ਇਸ ਲਈ ਇਲਾਜ 'ਤੇ ਫ਼ਜ਼ੂਲ ਖਰਚੀ ਕਰਕੇ ਕੋਈ ਲਾਭ ਨਹੀਂ ਕਿਉਂਕਿ ਮਰੀਜ਼ ਨੇ ਬਚਣਾ ਤਾਂ ਹੁੰਦਾ ਨਹੀਂ। ਉਸ ਵਿਅਕਤੀ ਨੇ ਇਹ ਗੱਲ ਦੱਸ ਕੇ ਵੀ ਆਪਣੀ ਤਸੱਲੀ ਪ੍ਰਗਟਾਈ ਕਿ ਉਨ੍ਹਾਂ ਨੇ ਕਿਸੇ ਨੇੜਲੇ ਪਿੰਡ ਦੇ ਸਿਆਣੇ ਬਾਬੇ ਕੋਲੋਂ ਮਰੀਜ਼ ਦਾ ਹੱਥਹੌਲਾ ਕਰਵਾ ਲਿਆ ਸੀ। ਮੈਂ ਉਸ ਦੀਆਂ ਮੂਰਖਤਾ ਭਰੀਆਂ




ਗੱਲਾਂ ਸੁਣ ਕੇ ਕਿਹਾ, 'ਭਾਈ ਸਾਹਿਬ! ਮਰੀਜ਼ ਦੇ ਬਚਣ ਜਾਂ ਨਾ ਬਚਣ ਸਬੰਧੀ ਪਹਿਲਾਂ ਹੀ ਫ਼ੈਸਲਾ ਕਰਨ ਵਾਲੇ ਤੁਸੀਂ ਕੌਣ ਹੁੰਦੇ ਹੋ? ਸਾਨੂੰ ਆਪਣੀ ਸਮਰੱਥਾ ਅਨੁਸਾਰ ਪਰਮਾਤਮਾ ਦਾ ਓਟ ਆਸਰਾ ਲੈ ਕੇ ਮਰੀਜ਼ ਦਾ ਸਹੀ ਡਾਕਟਰੀ ਇਲਾਜ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਮਰੀਜ਼ ਦੇ ਬਚਣਾ ਜਾਂ ਨਾ ਬਚਣਾ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਮਰੀਜ਼ ਦੇ ਸਰੀਰ ਅੰਦਰ ਰੋਗ ਕਿੰਨੀ ਕੁ ਮਾਤਰਾ ਵਿਚ ਫੈਲ ਚੁੱਕਾ ਹੈ, ਭਾਵ ਕਿਹੜੀ ਸਟੇਜ 'ਤੇ ਪਹੁੰਚ ਚੁੱਕਾ ਹੈ। ਅਜਿਹੇ ਮੁਸ਼ਕਿਲ ਸਮੇਂ ਮਰੀਜ਼ ਦਾ ਸਮੁੱਚਾ ਮਾਨਸਿਕ, ਪਰਿਵਾਰਕ, ਸਮਾਜਿਕ ਅਤੇ ਆਰਥਿਕ ਮਾਹੌਲ ਵੀ ਆਪਣੀ ਥਾਂ 'ਤੇ ਅਹਿਮ ਭੂਮਿਕਾ ਨਿਭਾਉਂਦਾ ਹੈ।' ਜਦੋਂ ਮੈਂ ਉਸ ਨੂੰ ਆਪਣੀ ਖ਼ੁਦ ਦੀ ਉਦਾਹਰਣ ਦੇ ਕੇ ਸਮਝਾਉਣ ਦਾ ਯਤਨ ਕੀਤਾ ਕਿ ਮੈਂ ਵੀ ਅੱਜ ਤੋਂ ਲਗਭਗ ਦੋ ਦਹਾਕੇ ਪਹਿਲਾਂ ਇਸ ਬਿਮਾਰੀ ਉੱਪਰ ਫ਼ਤਹਿ ਪ੍ਰਾਪਤ ਕਰ ਚੁੱਕਾ ਹਾਂ ਤਾਂ ਉਹ ਕਿੰਨਾ ਚਿਰ ਇਸ ਗੱਲ ਨੂੰ ਮਜ਼ਾਕ ਹੀ ਸਮਝਦਾ ਰਿਹਾ। ਇਸ ਦਾ ਕਾਰਨ ਇਹ ਵੀ ਹੈ ਕਿ ਕੈਂਸਰ ਦੇ ਬਹੁਤੇ ਮਰੀਜ਼ ਇਹ ਦੱਸਣ ਤੋਂ ਗੁਰੇਜ਼ ਕਰਦੇ ਹਨ ਕਿ ਉਨ੍ਹਾਂ ਨੂੰ ਕਦੇ ਕੈਂਸਰ ਹੋਇਆ ਸੀ।

ਇਸੇ ਤਰ੍ਹਾਂ ਇਕ ਹੋਰ ਵਿਅਕਤੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਦੇ ਲੜਕੇ ਦਾ ਵੀ 8 ਸਾਲ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਤੋਂ ਖ਼ੂਨ ਦੇ ਕੈਂਸਰ ਦਾ ਸਫ਼ਲ ਇਲਾਜ ਹੋਇਆ ਸੀ, ਜੋ ਹੁਣ ਬਿਲਕੁਲ ਤੰਦਰੁਸਤ ਹੈ ਅਤੇ ਚੰਡੀਗੜ੍ਹ ਵਿਖੇ ਇਕ ਨਾਮਵਰ ਕੰਪਨੀ ਵਿਚ ਚੰਗੀ ਨੌਕਰੀ ਕਰ ਰਿਹਾ ਹੈ, ਪਰ ਸਮੱਸਿਆ ਇਹ ਹੈ ਕਿ ਕਾਫ਼ੀ ਯਤਨਾਂ ਤੋਂ ਬਾਅਦ ਵੀ ਉਸ ਦਾ ਕਿਤੇ ਵਿਆਹ ਨਹੀਂ ਹੋ ਪਾ ਰਿਹਾ। ਉਸ ਵਿਅਕਤੀ ਦਾ ਕਹਿਣਾ ਸੀ ਕਿ ਉਸ ਨੇ ਕਈ ਚੰਗੇ ਪੜ੍ਹੇ-ਲਿਖੇ ਘਰਾਂ ਵਿਚ ਉਸ ਦਾ ਰਿਸ਼ਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਕਿਤੇ ਗੱਲ ਸਿਰੇ ਨਾ ਚੜ੍ਹ ਸਕੀ, ਕਿਉਂਕਿ ਲੜਕੀ ਵਾਲੇ ਇਸ ਗੱਲ ਤੋਂ ਘਬਰਾ ਰਹੇ ਸਨ ਕਿ ਕਿਤੇ ਉਨ੍ਹਾਂ ਨਾਲ ਰਿਸ਼ਤਾ ਜੋੜ ਕੇ ਉਨ੍ਹਾਂ ਦੀ ਲੜਕੀ ਜਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਹ ਰੋਗ ਹੀ ਨਾ ਲੱਗ ਜਾਵੇ। ਉਸ ਨੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸੁਪ੍ਰਸਿੱਧ ਖਿਡਾਰੀ ਯੁਵਰਾਜ ਸਿੰਘ ਅਤੇ ਹੋਰ ਕਈ ਪ੍ਰਸਿੱਧ ਸ਼ਖ਼ਸੀਅਤਾਂ ਦੀ ਉਦਾਹਰਣ ਦੇ ਕੇ ਵੀ ਬਹੁਤ ਸਮਝਾਇਆ ਕਿ ਉਸ ਦਾ ਵਿਆਹ ਵੀ ਕੈਂਸਰ 'ਤੇ ਜਿੱਤ ਪ੍ਰਾਪਤ ਕਰਨ ਮਗਰੋਂ ਹੀ ਹੋਇਆ ਸੀ ਪਰ ਨਿਰਾਸ਼ਾ ਹੀ ਹੱਥ ਲੱਗੀ। ਇਸ ਤਰ੍ਹਾਂ ਦੇ ਵਾਰਤਾਲਾਪ ਜਿੱਥੇ ਮੈਨੂੰ ਅਕਸਰ ਕਾਫ਼ੀ ਹੈਰਾਨ-ਪ੍ਰੇਸ਼ਾਨ ਕਰਦੇ ਹਨ ਉੱਥੇ ਨਾਲ ਹੀ ਸਾਡੇ ਸਾਹਮਣੇ ਇਹ ਕੌੜੀ ਸੱਚਾਈ ਵੀ ਪੇਸ਼ ਕਰਦੇ ਹਨ ਕਿ ਭਾਵੇਂ ਕੈਂਸਰ ਜਾਗਰੂਕਤਾ ਲਈ ਹਰ ਸਾਲ ਵੱਖ-ਵੱਖ ਦਿਹਾੜੇ ਮਨਾਏ ਜਾਂਦੇ ਹਨ ਪਰ ਇਸ ਪਾਸੇ ਵੱਲ ਹਾਲੇ ਵੀ ਸਾਡੀਆਂ ਸਰਕਾਰਾਂ, ਮੈਡੀਕਲ, ਵਿੱਦਿਅਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ।

ਇਨ੍ਹਾਂ ਭਰਮ ਭੁਲੇਖਿਆਂ ਨੂੰ ਲੋਕ ਮਨਾਂ ਵਿਚੋਂ ਦੂਰ ਕਰਨ ਹਿੱਤ ਮੀਡੀਆ ਦੇ ਵੱਖ-ਵੱਖ ਸਾਧਨ ਆਪਣਾ ਬਣਦਾ ਯੋਗਦਾਨ ਪਾ ਸਕਦੇ ਹਨ। ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਅਤੇ ਇੰਟਰਨੈੱਟ ਰਾਹੀਂ ਕੈਂਸਰ ਦੇ ਕਾਰਨਾਂ ਅਤੇ ਬਚਾਓ ਸਬੰਧੀ ਡਾਕਟਰਾਂ ਅਤੇ ਬੁੱਧੀਜੀਵੀਆਂ ਦੇ ਉਪਯੋਗੀ ਲੇਖ

# ਬੰਦੇ ਅੰਦਰਲਾ ਬੱਚਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕੀ ਸਾਨੂੰ ਪਤਾ ਹੈ ਕਿ ਸਾਡੇ ਅੰਦਰ ਵੀ ਇਕ ਬੱਚਾ ਵੱਸਦਾ ਹੈ? ਉਹ ਬੱਚਾ ਕਿਸ ਹਾਲਤ ਵਿਚ ਹੈ? ਉਸ ਦੀ ਮਾਨਸਿਕ ਅਵਸਥਾ ਕੀ ਹੈ? ਉਹ ਕਿਸ ਤਰ੍ਹਾਂ ਜੀਅ ਰਿਹਾ ਹੈ? ਕੀ ਤੁਸੀਂ ਜਵਾਨ ਹੋਣ ਤੋਂ ਬਾਅਦ ਕਦੇ ਉਸ ਨੂੰ ਮਿਲੇ ਹੋ? ਕੀ ਕਦੇ ਤੁਹਾਨੂੰ ਯਾਦ ਵੀ ਆਇਆ ਕਿ ਉਹ ਬੱਚਾ ਤੁਹਾਡੇ ਅੰਦਰ ਬਚਪਣਾ ਸੰਭਾਲੀ ਬੈਠਾ ਹੈ? ਕੀ ਕਦੇ ਤੁਹਾਡੇ ਮਨ ਵਿਚ ਉਸ ਨੂੰ ਮਿਲਣ ਦੀ ਤਮੰਨਾ ਪੈਦਾ ਹੋਈ? ਕੀ ਤੁਸੀਂ ਕਦੇ ਚਾਹਿਆ ਕਿ ਉਸ ਬੱਚੇ ਵਾਂਗ ਮੁੜ ਤੋਂ ਬਚਪਣੇ ਨੂੰ ਜੀਵਿਆ ਤੇ ਮਾਣਿਆ ਜਾਵੇ?

ਹਰ ਵਿਅਕਤੀ ਦੇ ਅੰਦਰ ਇਕ ਮਾਸੂਮ ਬੱਚਾ ਬੈਠਾ ਹੁੰਦਾ। ਭੋਲਾ-ਭਾਲਾ, ਪਾਕੀਜ਼ ਅਤੇ ਪਾਰਦਰਸ਼ੀ। ਸ਼ੀਸ਼ੇ ਵਾਂਗ ਸਾਫ਼। ਦੁਨਿਆਵੀ ਚੁਸਤ-ਚਲਾਕੀਆਂ ਅਤੇ ਕੂੜ-ਕਪਟ ਤੋਂ ਕੋਰਾ। ਬੋਲਾਂ ਵਿਚ ਸਚਾਈ। ਕਹਿਣੀ ਤੇ ਕਰਨੀ ਵਿਚ ਸਮਾਨਤਾ।

ਕਦੇ ਬੱਚੇ ਨੂੰ ਮਿਲਣ 'ਤੇ ਇਹ ਸੋਚਣਾ ਕਿ ਕੀ ਤੁਸੀਂ ਉਸ ਬੱਚੇ ਦਾ ਹੀ ਇਕ ਰੂਪ ਹੋ ਜਾਂ ਉਸ ਬੱਚੇ ਦੇ ਵਿਪਰੀਤ। ਅਗਰ ਤੁਸੀਂ ਬਦਲੇ ਹੋ ਤਾਂ ਕਿਉਂ? ਕੀ ਇਹ ਬਦਲਾਅ ਬਿਹਤਰੀ ਲਈ ਸੀ? ਕੀ ਇਸ ਤਬਦੀਲੀ ਨੇ ਤੁਹਾਡੀ ਝੋਲੀ ਵਿਚ ਲਾਲਚ, ਧੋਖਾਧੜੀ ਤੇ ਝੂਠ ਤਾਂ ਨਹੀਂ ਪਾਇਆ? ਕਿਧਰੇ ਤੁਸੀਂ ਅੰਦਰਲੇ ਬੱਚੇ ਦੇ ਕਤਲ ਦੇ ਦੋਸ਼ੀ ਤਾਂ ਨਹੀਂ? ਕੀ ਉਸ ਦੀ ਉਹਦੀ ਵੀ ਤੁਸੀਂ ਅੰਦਰ ਦਫ਼ਨਾਈ ਬੈਠੇ ਹੋ? ਕੀ ਬੱਚੇ ਲਾਸ਼ ਦੀ ਬਦਬੂ ਨੇ ਤੁਹਾਨੂੰ ਕਦੇ ਪੀੜਤ ਕੀਤਾ? ਕੀ ਕਤਲ ਦੇ ਦੋਸ਼ ਨੇ ਤੁਹਾਨੂੰ ਰਾਤਾਂ ਨੂੰ ਬੇਚੈਨ ਤਾਂ ਨਹੀਂ ਕੀਤਾ? ਕੀ ਮਨ ਦੀ ਅਵੱਗਿਆ ਕਾਰਨ ਤੁਸੀਂ ਅੰਦਰਲੇ ਬੱਚੇ ਨੂੰ ਕੋਹਿਆ? ਇਉਂ ਲੱਗਦਾ ਕਿ ਉਹ ਜ਼ਾਰੋਜ਼ਾਰ ਰੋਇਆ ਪਰ ਤੁਹਾਡਾ ਮਨ ਜ਼ਰਾ ਵੀ ਵਿਚਲਿਤ ਨਹੀਂ ਹੋਇਆ। ਤਾਂ ਹੀ ਤੁਸੀਂ ਪੱਥਰ ਦਿਲ ਬਣੇ, ਅੱਜ ਕੱਲ੍ਹ ਪੱਥਰ ਨਗਰੀ ਦੇ ਵਾਸੀ ਹੋ। ਜ਼ਰਾ ਸੋਚਣਾ! ਅਹਿਸਾਸ ਵਿਹੂਣੇ ਹੋ, ਤੁਸੀਂ ਪੱਥਰ ਦੀ ਜੂਨ ਹੰਢਾਉਂਦੇ, ਕਿੰਨਾ ਕੁ ਚਿਰ ਆਪਣੇ ਸਾਹਾਂ ਨੂੰ ਸੂਲੀ 'ਤੇ ਟੰਗੀ ਰੱਖੋਗੇ?

ਕੀ ਕਦੇ ਤੁਸੀਂ ਆਪਣੇ ਅੰਦਰਲੇ ਬੱਚੇ ਦੀ ਚੀਖ਼ ਸੁਣੀ? ਕੀ ਉਸ ਦੀ ਵੇਦਨਾ ਵੰਨੀ ਧਿਆਨ ਦਿੱਤਾ? ਕੀ ਕਦੇ ਇਹ ਵੀ ਖ਼ਿਆਲ ਆਇਆ ਕਿ ਆਪਣੇ ਅੰਦਰ ਬੈਠੇ ਉਸ ਨਾਦਾਨ ਨੂੰ ਕਿਉਂ ਅਨਿਆਈ ਮੌਤੇ ਮਾਰਦੇਂ? ਅੰਦਰਲੇ ਬੱਚੇ ਦਾ ਕਤਲ ਕਰਕੇ ਕੀ ਖੱਟਿਆ ਤੇ ਕੀ ਗਵਾਇਆ? ਕਿੰਨੀ ਪੀੜਾ ਦਿੱਤੀ ਅਤੇ ਕਿੰਨਾ ਰੁਆਇਆ?

ਬੰਦੇ ਨੂੰ ਇਹ ਤਾਂ ਯਾਦ ਹੋਣਾ ਚਾਹੀਦਾ ਕਿ ਆਪਣੇ ਅੰਦਰਲਾ ਬੱਚਾ ਤਾਂ ਬੰਦੇ ਦਾ ਮੂਲ ਸਰੂਪ ਹੁੰਦਾ। ਜਿਉਂ ਜਿਉਂ ਬੰਦਾ ਵੱਡਾ ਹੁੰਦਾ ਆਲੇ-ਦੁਆਲੇ ਮੁਲੱਮਿਆਂ ਦੀਆਂ ਕੇਹੀਆਂ ਤਹਿਆਂ ਬਣਾਈ ਜਾਂਦਾ ਕਿ ਅੰਦਰਲੇ ਬੱਚੇ ਦਾ ਸਾਹ ਘੁਟਣ ਲੱਗਦਾ। ਬੰਦਾ ਬਾਹਰੀ ਦੁਨੀਆ ਵਿਚ ਅਜਿਹਾ ਗਵਾਚਦਾ ਕਿ ਉਸ ਨੂੰ ਆਪਣੇ ਅੰਤਰੀਵ ਵਿਚ ਝਾਕਣ ਅਤੇ ਉਸ ਬੱਚੇ ਦੀ ਖ਼ੈਰ-ਸੁੱਖ ਪਤਾ ਕਰਨਾ ਹੀ ਭੁੱਲ ਜਾਂਦਾ।

ਬੰਦਿਆ! ਅੰਦਰਲੇ ਬੱਚੇ ਨੂੰ ਮਿਲੇਂ ਤਾਂ ਤੈਨੂੰ ਪਤਾ ਲੱਗਾ ਕਿ ਤੂੰ ਕਿੰਨਾ ਸੱਚਾ, ਸੁੱਚਾ ਸੈਂ ਅਤੇ ਹੁਣ ਤੂੰ ਕੇਹੀ ਮਲੀਨਤਾ ਦਾ ਆਦੀ ਹੋ ਗਿਆ। ਤੈਨੂੰ ਮਾਨਸਿਕ ਗੰਦਗੀ ਹੀ ਚੰਗੀ ਲੱਗਣ ਲੱਗ ਪਈ। ਕਦੇ ਮਨ ਦੀ ਮੈਲ ਉਤਾਰ ਕੇ ਦੇਖੀਂ, ਤੇਰੇ ਅੰਦਰੋਂ ਤੇਰੇ ਅੰਦਰਲਾ ਬੱਚਾ ਜਾਗ ਪਵੇਗਾ। ਉਸ ਨੂੰ ਪਛਾਣ ਕੇ ਪਤਾ ਲੱਗੇਗਾ ਕਿ ਚੰਦਰਮਾ ਤੇ ਇਕ ਵੀ ਦਾਗ਼ ਬਹੁਤ ਮਾੜਾ ਹੁੰਦਾ। ਤੇਰਾ ਤਾਂ ਦਾਗ਼-ਦਾਗ਼ ਹੋਇਆ ਚਿਹਰਾ ਤਾਂ ਚਾਨਣ ਦੀ ਕਾਤਰ ਲਈ ਤਰਸਦਾ ਏ।

ਦੋਸਤ! ਉਸ ਬੇਆਸਰੇ ਬੱਚੇ ਨੂੰ ਮਿਲ ਕੇ ਹੀ ਪਤਾ ਲੱਗਣਾ ਕਿ ਉਹ ਬੱਚਾ ਨਿਰਵਸਤਰ ਹੁੰਦਿਆਂ ਵੀ ਪਾਕ ਸੀ ਅਤੇ ਤੂੰ ਮਹਿੰਗੇ ਲਿਬਾਸ ਵਿਚ ਵੀ ਨੰਗਾ ਏਂ। ਇਹੀ ਨੰਗੇਜ ਤੇਰੇ ਵਿਚ ਹੀਣ-ਭਾਵਨਾ ਪੈਦਾ ਕਰਦਾ। ਤੂੰ ਨੰਗੇਜ ਨੂੰ ਬੇਸ਼ਰਮੀ ਦੀ ਉਸ ਹੱਦ ਤੀਕ ਲੈ ਗਿਆ ਕਿ ਤੈਨੂੰ ਦੇਖ ਕੇ ਬੱਚੇ ਨੂੰ ਨਮੋਸ਼ੀ ਆਉਂਦੀ ਹੈ। ਲੋੜ ਹੈ ਕਿ ਉਸ ਬੱਚੇ ਵਾਂਗ ਤੂੰ ਬਾਹਰੀ ਨੰਗੇਜ ਨੂੰ ਲੁਕਾਉਣ ਦੀ ਬਜਾਏ ਅੰਦਰੋਂ ਇੰਨਾ ਪਾਕੀਜ਼ ਹੋ ਕਿ ਤੇਰੀ ਮਾਨਸਿਕ ਲਗਾਉਣ ਸਾਹਵੇਂ ਸਰੀਰਕ ਨੰਗੇਜ ਦੇ ਕੋਈ ਅਰਥ ਹੀ ਨਾ ਰਹਿ ਜਾਵੇ।

ਸੱਜਣਾਂ! ਤੂੰ ਇਹ ਜੋ ਆਪਣੇ ਵਰਤਾਰੇ, ਬੋਲਾਂ ਅਤੇ ਸ਼ਬਦਾਂ ਵਿਚ ਕੂੜ-ਕਪਟ ਦਾ ਜਾਲ ਬੁਣ ਰਿਹਾਂ। ਨਿੱਜੀ ਮੁਫ਼ਾਦਾਂ ਦੀ ਪੂਰਤੀ ਕਰਕੇ ਆਪਣੇ ਆਪ ਨੂੰ ਸਭ ਤੋਂ ਜ਼ਿਆਦਾ ਸਿਆਣਾ ਅਤੇ ਚਲਾਕ ਸਮਝਦਾਂ। ਬੱਚੇ ਨੂੰ ਮਿਲ ਕੇ ਪਤਾ ਲੱਗੇਗਾ ਕਿ ਮਸੂਮੀਅਤ ਸਾਹਵੇਂ ਹਾਰ ਜਾਂਦੀਆਂ ਨੇ ਚਲਾਕੀਆਂ। ਨੀਂਦ ਦੀਆਂ ਗੋਲੀਆਂ ਖਾ ਕੇ ਜਾਂ ਨਸ਼ਾ ਕਰਕੇ ਸੌਣ ਵਾਲਿਆ! ਨੀਂਦ ਦੀ ਬੇਕਰਾਰੀ ਅਤੇ ਅਵਾਜ਼ਾਰੀ ਨੇ ਤੇਰੇ ਸੁਖਨ ਨੂੰ ਕਿਵੇਂ ਸਿਉਂਕਿਆ, ਇਸ ਦਾ ਅੰਦਾਜ਼ਾ ਮੌਕਾ ਮਿਲੇ ਤਾਂ ਜ਼ਰੂਰ ਲਾਵੀਂ। ਤੇਰੇ ਅੰਦਰਲਾ ਬੱਚਾ ਅਕਸਰ ਹੀ ਖੇਡਦਾ-ਖੇਡਦਾ ਜਦੋਂ ਮਰਜ਼ੀ ਸੌਂ ਜਾਂਦਾ ਸੀ ਅਤੇ ਸੁਪਨਈ ਨੀਂਦ ਮਾਣਦਾ ਸੀ। ਆਪਣੇ ਮਨ ਵਿਚ ਅੰਦਰਲੇ ਬੱਚੇ ਵਰਗਾ ਬਣਨ ਦੀ ਲੋਚਾ ਪੈਦਾ ਕਰ।


ਐ ਦੁਨੀਆਦਾਰਾ! ਜਾਅਲਸਾਜ਼ੀ ਤੇ ਫ਼ਰੇਬ ਰਾਹੀਂ ਮਹਿਲ ਉਸਾਰਨ ਅਤੇ ਜਾਇਦਾਦਾਂ ਦਾ ਮਾਣ ਕਰਨ ਵਾਲਿਆ ਕਦੇ ਸੋਚਿਆ ਕਿ ਤੇਰੇ ਭਟਕਣ ਨੇ ਤੇਰੇ ਕੋਲ ਕੀ ਖੋਹਿਆ? ਸਰੀਰਕ ਅਤੇ ਮਾਨਸਿਕ ਬਿਮਾਰੀਆਂ ਵਿਚ ਗ੍ਰਸਿਆ ਕਦੇ ਅੰਦਰਲੇ ਆਰੋਗ ਬੱਚੇ ਨੂੰ ਮਿਲਣ ਦਾ ਕੋਈ ਮੌਕਾ ਮਿਲੇ ਤਾਂ ਤੈਨੂੰ ਇਹ ਤਾਂ ਅਹਿਸਾਸ ਹੋਵੇਗਾ ਕਿ ਆਪਣੀ ਅੱਧੀ ਰੋਟੀ ਵੀ ਆਪਣੇ ਹਾਣੀ ਨੂੰ ਦੇਣ ਵਾਲੇ ਅਤੇ ਆਪਣੇ ਖਿਡੌਣੇ ਆਵੀਆਂ ਨਾਲ ਸਾਂਝੇ ਕਰਦਿਆਂ, ਬਹਿਸ਼ਤੀ ਨਜ਼ਾਰਿਆਂ ਨਾਲ ਜਿਹੜੇ ਸੁਖਦ ਪਲਾਂ ਨੂੰ ਉਸ ਨੇ ਰੱਜ ਕੇ ਮਾਣਿਆ ਸੀ, ਤੂੰ ਵੀ ਕਦੇ ਇੰਨੀ ਧਨ ਦੌਲਤ ਨਾਲ ਮਾਣੇ ਨੇ? ਜੇ ਨਹੀਂ ਤਾਂ ਬੱਚੇ ਵਰਗਾ ਬਣਨ 'ਚ ਹਰਜ ਹੀ ਕੀ ਆ?

ਐ ਮਿੱਤਰ। ਤੂੰ ਅੱਜ ਕੱਲ੍ਹ ਵੱਡੇ ਲੋਕਾਂ ਦੇ ਸਾਥ ਵਿਚ ਆਪਣੀ ਹਉਮੈ ਨੂੰ ਪੱਠੇ ਪਾਉਂਦੈ। ਆਪਣੇ ਗਰੂਰ ਨੂੰ ਸਿਰ ਤੇ ਚੱਕ ਕੇ ਕਿਸ ਨੂੰ ਕੀ ਦਿਖਾਉਣਾ ਚਾਹੁੰਦਾ? ਕੀ ਤੈਨੂੰ ਪਤਾ ਹੈ ਕਿ ਤੇਰੇ ਅੰਦਰਲੇ ਬੱਚੇ ਲਈ ਗ਼ਰੀਬ-ਅਮੀਰ ਦਾ ਕੋਈ ਫ਼ਰਕ ਨਹੀਂ ਸੀ। ਬੱਚਿਆਂ ਲਈ ਸਾਰੇ ਬੱਚੇ ਹੀ ਸੋਹਣੇ ਅਤੇ ਪਿਆਰੇ ਹੁੰਦੇ। ਇਹ ਪਿਆਰ ਭਰਿਆ ਭੋਲਾਪਣ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਦੌਲਤ। ਅੰਦਰਲੇ ਬੱਚੇ ਨੂੰ ਹੰਕਾਰ ਜਾਂ ਰੁਤਬਿਆਂ ਦਾ ਕੋਈ ਪਤਾ ਹੀ ਨਹੀਂ ਸੀ। ਇਹ ਤਾਂ ਸਭ ਤੇਰੇ ਹੀ ਮਨ ਦੀ ਉਪਜ ਹੈ।

ਬੀਬਾ ਆਪਣੇ ਨਾਵੇਂ ਡਿਗਰੀਆਂ, ਮਾਨ-ਸਨਮਾਨ ਦੀਆਂ ਪੂਛਾਂ, ਅਹਿਲਕਾਰੀ ਦੇ ਮੁਕਟ ਜਾਂ ਸਰਦਾਰੀਆਂ ਦਾ ਰੋਹਬ ਤਾਂ ਸਭ ਕੁਝ ਤੇਰੇ ਹੀ ਮਨ ਦੀ ਪੈਦਾਇਸ਼। ਬੱਚੇ ਨੂੰ ਤਾਂ ਕੁਝ ਵੀ ਪਤਾ ਨਹੀਂ ਹੁੰਦਾ ਅਤੇ ਨਾ ਪਤਾ ਹੋਣਾ ਚਾਹੀਦਾ। ਇਹੀ ਉਸ ਦੀ ਸਭ ਤੋਂ ਵੱਡੀ ਅਮੀਰਤਾ ਅਤੇ ਮਾਨਵੀ ਗੁਣ ਹਨ। ਦਰਅਸਲ ਬੱਚਾ ਸੱਚਮੁੱਚ ਦਾ ਇਨਸਾਨ ਹੁੰਦਾ। ਜ਼ਰਾ ਦੱਸੀਂ ਤੂੰ ਵੱਡਾ ਹੋ ਕੇ ਕਦੇ ਇਨਸਾਨ ਬਣਿਆਂ? ਸਦਾ ਹੈਵਾਨੀਅਤ ਅੰਦਾਜ਼ ਅਤੇ ਰੁੱਖਾਪਣ ਹਾਵੀ। ਕਦੇ ਬੱਚੇ ਨਾਲ ਪਿਆਰਿਆਂ ਅਤੇ ਤੋਤਲੀਆਂ ਗੱਲਾਂ ਰਾਹੀਂ ਆਲੇ-ਦੁਆਲੇ ਹਾਸਿਆਂ ਦੀਆਂ ਫੁਲਝੜੀਆਂ ਖਿੰਡਾਈਂ। ਤੈਨੂੰ ਪਤਾ ਲੱਗੇਗਾ ਕਿ ਬੱਚੇ ਵਰਗੀ ਜਿਊਣ-ਜਾਚ ਵਿਚੋਂ ਮਨੁੱਖੀ ਜੀਵਨ ਨੂੰ ਕਿਹੜੀਆਂ ਨਿਆਮਤਾਂ ਸੰਗ ਝੋਲੀ ਭਰਨ ਦਾ ਮੌਕਾ ਮਿਲਦਾ।

ਮੀਤ-ਪਿਆਰੇ। ਆਪਣੇ ਅੰਦਰਲੇ ਬੱਚੇ ਨੂੰ ਮਿਲੇਂ ਤਾਂ ਤੈਨੂੰ ਇਹ ਵੀ ਪਤਾ ਲੱਗੇਗਾ ਕਿ ਇਮਾਨਦਾਰੀ, ਦਿਆਨਤਦਾਰੀ ਅਤੇ ਸੱਚੀ-ਸੁੱਚੀ ਜ਼ਿੰਦਗੀ ਨਾਲ ਕਿਹੜੀਆਂ ਰਹਿਮਤਾਂ ਘਰ ਦਾ ਹੁਸਨ-ਏ-ਹਾਸਲ ਬਣਦੀਆਂ? ਇਨ੍ਹਾਂ ਤੋਂ ਮਹਿਰੂਮੀਅਤ ਨੇ ਘਰ ਨੂੰ ਮਕਾਨ, ਕਮਰਿਆਂ ਨੂੰ ਕੈਦ ਖਾਨਾ ਅਤੇ ਚੌਂਕੇ-ਚੁੱਲ੍ਹਿਆਂ ਨੂੰ ਵੈਰਾਨਗੀ ਦਿੱਤੀ। ਇੱਟਾਂ-ਪੱਥਰਾਂ ਦੇ ਮਕਾਨ ਨੂੰ ਘਰ ਬਣਾਉਣ ਦੀ ਮਨ ਵਿਚ ਚਾਹਤ ਹੈ ਤਾਂ ਆਪਣੇ ਅੰਦਰ ਬੈਠੇ ਬੱਚੇ ਨੂੰ ਮਿਲ ਕੇ ਉਸ ਦੀਆਂ ਆਦਤਾਂ ਤੇ ਗੁਣਾਂ ਵਰਗਾ ਹੋਣ ਦਾ ਅਹਿਦ ਕਰੀਂ। ਦੇਖਣਾ ਸੱਭੇ ਦਾਤਾਂ ਤੇਰੀ ਰਹਿਨੁਮਾਈ ਕਬੂਲਣਗੀਆਂ।

ਦੋਸਤਾ! ਤੈਨੂੰ ਆਪਣੇ ਅੰਦਰਲਾ ਬੱਚਾ ਤਾਂ ਹੀ ਯਾਦ ਆਵੇਗਾ ਜੇਕਰ ਤੂੰ ਬੱਚੇ ਵਰਗਾ ਬਣਨਾ ਲੋਚੇਂਗਾ। ਅੰਦਰੋਂ-ਬਾਹਰੋਂ ਇਕ ਸਾਰ, ਸਾਰੇ ਹੀ ਮਿੱਤਰ ਪਿਆਰੇ, ਸਾਰਿਆਂ ਦੀ ਝੋਲੀ ਵਿਚ ਮੋਹ-ਮੁਹੱਬਤ ਦਾ ਨਿਉਂਦਾ ਪਾਉਣ ਵਾਲਾ। ਉਸ ਲਈ ਸਾਰੀਆਂ ਬਜ਼ੁਰਗ ਔਰਤਾਂ ਮਾਵਾਂ। ਹਮ-ਉਮਰ ਦੋਸਤ। ਬਜ਼ੁਰਗ ਮਾਪੇ। ਪਰ ਤੂੰ ਤਾਂ ਉਸ ਬੱਚੇ ਨੂੰ ਚੁੱਪ ਕਰਵਾ ਕੇ ਉਸ ਦੀ ਮਾਨਸਿਕ ਪਾਕੀਜ਼ਗੀ ਤੋਂ ਤ੍ਰਹਿਕਦਾ। ਤੂੰ ਉਸ ਵਰਗਾ ਬਣਨਾ ਹੀ ਨਹੀਂ ਚਾਹੁੰਦਾ ਜਾਂ ਤੇਰੀ ਅਜੋਕੀ ਜੀਵਨ ਸ਼ੈਲੀ ਬੱਚੇ ਵਰਗੀ ਜੀਵਨ-ਜਾਚ ਦੇ ਰਾਸ ਹੀ ਨਹੀਂ ਆਉਣੀ।



ਇਸ ਲਈ ਤੂੰ ਆਪਣੇ ਉਸ ਬੱਚੇ ਨੂੰ ਕਦੇ ਵੀ ਜੱਗ-ਜ਼ਾਹਿਰ ਨਹੀਂ ਕਰਨਾ ਚਾਹੁੰਦਾ ਅਤੇ ਸਦਾ ਲਈ ਉਸ ਤੋਂ ਅਣਜਾਣ ਬਣਿਆ ਰਹਿੰਦਾ।

ਐ ਬੰਦਿਆ! ਸ਼ਾਇਦ ਤੇਰੇ ਲਈ ਉਸ ਬੱਚੇ ਨੂੰ ਅਣਗੌਲਿਆ ਕਰਨਾ ਤੇਰੀ ਮਜਬੂਰੀ, ਕਿਉਂਕਿ ਤੇਰੀ ਸੋਚ, ਸੁਪਨੇ ਅਤੇ ਸੰਭਾਵਨਾਵਾਂ ਸਥਿਰ ਹੋ ਗਈਆਂ। ਤੂੰ ਬੱਚੇ ਵਾਂਗ ਸੁੰਦਰ ਸੁਪਨੇ ਲੈਣ, ਨਵੇਂ ਪ੍ਰਸ਼ਨ ਕਰਨ ਅਤੇ ਉਨ੍ਹਾਂ ਦੇ ਜਵਾਬਾਂ ਬਾਰੇ ਜਗਿਆਸਾ ਪ੍ਰਗਟਾਉਣ ਕਰਨ ਤੋਂ ਅੱਕ ਗਿਆ। ਤੂੰ ਆਪਣੇ-ਆਪ ਨੂੰ ਬਦਲਦੇ ਵਕਤਾਂ ਦੇ ਅਨੁਕੂਲ ਨਹੀਂ ਕਰਨਾ ਚਾਹੁੰਦਾ। ਕੁਝ ਵੀ ਨਵਾਂ ਸਿੱਖਣ ਅਤੇ ਇਸ ਨੂੰ ਖ਼ੁਦ ਤੇ ਲਾਗੂ ਕਰਨ ਵਿਚ ਤੇਰੀ ਕੋਈ ਰੁਚੀ ਨਹੀਂ ਤਾਂ ਹੀ ਤੇਰੀ ਅਣਗਹਿਲੀ ਨੂੰ ਸਮਝਿਆ ਜਾ ਸਕਦਾ।

ਦਰਅਸਲ ਇਹ ਕੇਹਾ ਸੱਚ ਇਹ ਕਿ ਕਿਸੇ ਵੀ ਵਿਅਕਤੀ ਦਾ ਬੰਦਾ ਬਣਨਾ ਬਹੁਤ ਅਸਾਨ ਪਰ ਬੰਦੇ ਲਈ ਬੱਚਾ ਬਣਨਾ ਬਿਖਮ। ਉਸ ਵਾਂਗ ਦਿਲ ਦੇ ਸ਼ੀਸ਼ੇ 'ਤੇ ਝਰੀਟ ਨਾ ਪੈਣ ਦੇਣਾ ਅਤੇ ਬਚਪਨੀ ਬਾਦਸ਼ਾਹੀਆਂ ਨਾਲ ਜੀਵਨੀ ਅਕੀਦਤ ਕਰਨਾ, ਬੱਚੇ ਦਾ ਆਮ ਵਰਤਾਰਾ। ਪਰ ਖ਼ਾਸ ਬਣਿਆ ਬੰਦਾ ਭਲਾ ਆਮ ਕਿਵੇਂ ਬਣ ਸਕਦਾ? ਤਾਂ ਹੀ ਉਹ ਬੱਚੇ ਨੂੰ ਅੰਦਰਲੀ ਦੁਨੀਆ ਤੀਕ ਸੀਮਤ ਰੱਖਣਾ, ਇਸ ਤੋਂ ਦੂਰੀ ਬਣਾਈ ਰੱਖਣ ਵਿਚ ਹੀ ਭਲਾਈ ਸਮਝਦਾ। ਇਹੀ ਉਸ ਦੀ ਸਭ ਤੋਂ ਵੱਡੀ ਭੁੱਲ।

ਆਪਣੇ ਅੰਦਰਲੇ ਬੱਚੇ ਨੂੰ ਮਿਲਿਆ ਕਰੋ। ਉਸ ਵਾਂਗ ਤੋਤਲੀਆਂ ਗੱਲਾਂ ਕਰਿਆ ਕਰੋ। ਬਚਪਨੀ ਪਲਾਂ ਨੂੰ ਮਾਣਨ ਲਈ ਬੱਚੇ ਨਾਲ ਖੇਡਿਆ ਕਰੋ। ਬੱਚੇ ਨਾਲ ਬੱਚਾ ਬਣਿਆ ਬੰਦਾ ਆਪਣੀ ਉਮਰ ਵੀ ਭੁੱਲ ਜਾਂਦਾ। ਇਹ ਉਸ ਲਈ ਸਭ ਤੋਂ ਵੱਡੀ ਨਿਆਮਤ ਹੁੰਦੀ। ਉਹ ਆਪਣੀਆਂ ਜੀਵਨੀ ਦੁਸ਼ਵਾਰੀਆਂ ਤੋਂ ਮੁਕਤ ਹੋਇਆ ਸਿਰਫ਼ ਬਚਪਨ ਦੇ ਰਾਂਗਲੇ ਅਤੇ ਬੇਫ਼ਿਕਰੇ ਪਲਾਂ ਨੂੰ ਹੀ ਆਪਣਾ ਜੀਵਨ ਸਮਝਦਾ, ਸਾਹਾਂ ਦੀ ਆਉਧ ਅਚੇਤ ਰੂਪ ਵਿਚ ਹੀ ਲੰਮੇਰੀ ਕਰ ਦਿੰਦਾ।

ਯਾਦ ਰੱਖਣਾ ਜਿਸ ਦਿਨ ਤੁਹਾਡੇ ਅੰਦਰਲਾ ਬੱਚਾ ਮਰ ਗਿਆ। ਤੁਸੀਂ ਆਪਣੇ ਹੱਥੀਂ ਉਸ ਨੂੰ ਕਬਰਾਂ ਵਿਚ ਦਫ਼ਨਾ ਦਿੱਤਾ ਤਾਂ ਤੁਸੀਂ ਵੀ ਬੰਦਾ ਨਹੀਂ ਰਹਿਣਾ। ਸੰਵੇਦਨਾ ਸੰਗ ਜਿਊਣਾ ਅਤੇ ਜਿਉਂਦੇ ਅਹਿਸਾਸਾਂ ਨੂੰ ਕਰਮ-ਸ਼ੈਲੀ ਵਿਚ ਸੁਰਵੰਤ ਰੱਖਣ ਵਾਲੇ ਹੀ ਦਰਅਸਲ ਬੰਦੇ ਹੁੰਦੇ। ਅੰਦਰਲਾ ਬੱਚੇ ਮਰ ਜਾਵੇ ਤਾਂ ਬੰਦਾ ਮਰਦਾ, ਉਸ ਦੀ ਬੰਦਿਆਈ ਮਰਦੀ, ਬਚਪਨੀ ਭਾਵਨਾਵਾਂ ਰਾਖ਼ ਹੋ ਜਾਂਦੀਆਂ। ਫਿਰ ਬੰਦੇ ਦੇ ਪੁਨਰ ਸੰਜੀਵ ਦੀ ਕੋਈ ਵੀ ਸੰਭਾਵਨਾ ਨਹੀਂ ਰਹਿੰਦੀ।

ਯਾਰਾ! ਆਪਣੇ ਅੰਦਰਲੇ ਬੱਚੇ ਨੂੰ ਹਮੇਸ਼ਾ ਜਿਊਂਦਾ ਰੱਖੀਂ। ਜ਼ਿਆਦਾ ਸਿਆਣਪ, ਸੰਜਮ, ਸਰਫ਼ਾ ਅਤੇ ਸਮਝਦਾਰੀ ਜੀਵਨ ਨੂੰ ਬੇਰੰਗ ਵੀ ਕਰ ਦਿੰਦੀ ਆ। ਬੱਚੇ ਵਰਗੇ ਬੇਤਕੱਲਫ਼ੀ ਬੋਲਾਂ ਵਰਗੀ ਸਚਾਈ, ਉਸ ਦੀਆਂ ਭਾਵਨਾਵਾਂ ਵਰਗੀ ਮਾਨਵੀ ਸੰਵੇਦਨਾ ਬੰਦੇ ਵਿਚ ਜਿਊਂਦੀ ਰਹੇ ਤਾਂ ਬੰਦੇ ਵੀ ਜਿਉਂਦੇ ਜੀਅ ਲਾਸ਼ ਨਹੀਂ ਬਣਦਾ।

ਕਈ ਵਾਰ ਬਾਹਰੋਂ ਕਠੋਰ ਦਿਲ ਅਤੇ ਸਖ਼ਤ ਸੁਭਾ ਵਾਲਾ ਬੰਦਾ ਵੀ ਅੰਦਰੋਂ ਇਕ ਬੱਚੇ ਵਰਗਾ ਹੁੰਦਾ ਕਿਉਂਕਿ ਉਸ ਨੇ ਬਾਹਰੀ ਕੁੜੱਤਣ ਦੇ ਬਾਵਜੂਦ ਵੀ ਆਪਣੇ ਅੰਦਰਲੇ ਬੱਚੇ ਨੂੰ ਸਦਾ ਲਾਡ ਹੀ ਲਡਾਏ ਅਤੇ ਉਸ ਨੂੰ ਜਿਊਂਦਾ ਰੱਖਿਆ।

ਕਦੇ ਸੋਚਿਆ! ਤੁਹਾਡੇ ਅੰਦਰ ਬੈਠਾ ਬੱਚਾ ਤੁਹਾਡੇ ਨਾਲ ਖੇਡਣਾ ਚਾਹੁੰਦਾ। ਹੱਸਣਾ ਤੇ ਹਸਾਉਣਾ ਚਾਹੁੰਦਾ। ਪਿਆਰ ਕਰਨਾ ਅਤੇ ਪਿਆਰ ਮਾਣਨਾ ਚਾਹੁੰਦਾ। ਨਿੱਕੀਆਂ ਸ਼ਰਾਰਤਾਂ ਵਿਚ ਉਲਝਾਉਣਾ ਚਾਹੁੰਦਾ। ਤੁਹਾਡੇ ਨਾਲ ਤੋਤਲੀਆਂ ਗੱਲਾਂ ਕਰਨਾ ਚਾਹੁੰਦਾ। ਪਰੀਆਂ ਦੀਆਂ ਕਹਾਣੀਆਂ ਅਤੇ ਚੰਦਾ ਮਾਮਾ ਦੀਆਂ ਬਾਤਾਂ ਸੁਣਨ ਲਈ ਉਤੇਜਿਤ। ਰਾਜੇ-ਰਾਣੀਆਂ ਦੇ ਕਿੱਸੇ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੁਣਨ ਲਈ ਬੇਤਾਬ। ਕੀ ਤੁਸੀਂ ਕਦੇ ਕੋਈ ਸਮਾਂ ਕੱਢਿਆ ਕਿ ਆਪਣੇ ਅੰਦਰਲੇ ਬੱਚੇ ਦੀਆਂ ਲੋੜਾਂ ਅਤੇ ਤਮੰਨਾ ਦੀ ਪੂਰਤੀ ਵੱਲ ਕੁਝ ਤਵੱਜੋ ਦੇ, ਕੁਝ ਸਮੇਂ ਲਈ ਬੱਚਾ ਹੀ ਬਣਿਆ ਹੋਵੇ।

'ਕੇਰਾਂ ਮੈਂ ਬੱਚੇ ਦੇ ਅੰਗ-ਸੰਗ ਨਿਮਨ ਅਹਿਸਾਸਾਂ ਨੂੰ ਮਾਣਿਆ;

ਮੈਂ ਸੋਫ਼ੇ 'ਤੇ ਅੱਧ-ਲੇਟਿਆਂ ਹਾਂ
ਬੱਚੀ ਮੇਰੇ ਉੱਪਰ ਘੂਕ ਸੁੱਤੀ ਪਈ ਹੈ
ਮੇਰੀ ਛਾਤੀ ਉਸ ਦਾ ਉਦਾਸ ਵਿਛੌਣਾ
ਤੇ ਮੋਢਾ ਸਿਰ ਦਾ ਸਿਰਹਾਣਾ
ਉਸ ਦੀ ਮਲੂਕ ਬਾਂਹਾਂ ਦੀ ਕੁਰੰਗੜੀ
ਮੇਰੇ ਗ਼ਲ ਦੁਆਲੇ ਫੁੱਲਾਂ ਦਾ ਹਾਰ
ਉਸ ਦਾ ਹਰ ਸਾਹ ਬਣ ਰਿਹਾ ਮੇਰੀ ਧੜਕਣ
ਉਸ ਦੇ ਚਿਹਰੇ ਦੀ ਮਸੂਮੀਅਤ
ਮੇਰੀ ਕੁਰੱਖਤਾ ਲਈ ਸਬਕ
ਉਸ ਦੀ ਗੂੜ੍ਹੀ ਨੀਂਦ ਦਾ ਪ੍ਰਤਾਪ
ਮੇਰੀ ਭਟਕਣ ਨੂੰ ਵਿਰਾਮ
ਉਸ ਦੀ ਬਚਪਨੀ ਅਲੋਕਾਰਤਾ
ਮੇਰਾ ਮਖੌਟਾ ਉਤਾਰਦੀ
ਤੇ ਉਸ ਦੀ ਕੋਮਲਤਾ ਦਾ ਜਲੌ
ਮੇਰੇ ਅੰਤਰੀਵ ਦੀ ਰੌਸ਼ਨੀ।

ਬੱਚੀ ਨੂੰ ਸੁੱਤਿਆਂ ਦੇਖ
ਮੇਰਾ ਬਚਪਣਾ ਪਰਤਿਆ
ਜਾਪਿਆ ਮੈਂ ਬਾਪ ਦੀ ਗੋਦ 'ਚ
ਨੀਂਦ ਦੇ ਹਿਲੋਰੇ ਮਾਣ ਰਿਹਾ ਹੋਵਾਂ।
ਬੱਚੀ ਜਾਗ ਪੈਂਦੀ ਹੈ
ਮੇਰਾ ਬਚਪਨੀ ਤਲਿੱਸਮ ਟੁੱਟ ਜਾਂਦਾ ਹੈ
ਤੇ ਮੈਂ ਫਿਰ ਬਜ਼ੁਰਗ ਬਣ ਜਾਂਦਾ ਹਾਂ।

ਸਮਾਜ ਵਿਚ ਵਿਚਰਦਿਆਂ ਉਹ ਹੀ ਵਿਅਕਤੀ ਆਮ ਲੋਕਾਂ ਵਿਚ ਹਰਮਨ ਪਿਆਰਾ ਹੁੰਦਾ ਜੋ ਅੰਦਰਲੇ ਬੱਚੇ ਨੂੰ ਬੇਪਨਾਹ ਮੁਹੱਬਤ ਕਰਦਾ ਅਤੇ ਉਸ ਨੂੰ ਆਪਣੀ ਗਲਵੱਕੜੀ ਦਾ ਨਿੱਘ ਦਿੰਦਾ।

ਮਰਦ-ਔਰਤ ਦੇ ਪਿਆਰ ਵਿਚ ਮਰਦ ਦੇ ਅੰਦਰ ਬੈਠਾ ਉਹ ਬੱਚਾ ਹੀ ਹੁੰਦਾ ਜੋ ਇਸ ਮੁਹੱਬਤ ਦੀ ਸ਼ੁਰੂਆਤ ਕਰਦਾ ਅਤੇ ਪਿਆਰ ਕਹਾਣੀ ਦਾ ਸਿਖਰ ਬਣਦਾ।

ਦਰਅਸਲ ਤੁਹਾਡੀ ਰੂਹ ਦਾ ਹਾਣੀ ਹੀ ਅਜਿਹਾ ਵਿਅਕਤੀ ਹੁੰਦਾ ਜੋ ਤੁਹਾਡੇ ਅੰਦਰਲੇ ਬੱਚੇ ਦੀ ਪਛਾਣ ਕਰਦਾ। ਉਹ ਤੁਹਾਡੇ ਮਨ ਵਿਚ ਅਜਿਹਾ ਅਹਿਸਾਸ ਪੈਦਾ ਕਰਦਾ ਕਿ ਤੁਹਾਡੇ ਅੰਦਰਲੇ ਬੱਚਾ ਖ਼ੁਦ ਬਖ਼ੁਦ ਹੀ ਪ੍ਰਗਟ ਹੋ ਜਾਂਦਾ।

ਬੰਦੇ ਦੇ ਅੰਦਰਲੇ ਬੱਚੇ ਨੂੰ ਹੀ ਇਹ ਸਮਝ ਹੁੰਦੀ ਕਿ ਪ੍ਰੇਸ਼ਾਨੀਆਂ ਭਾਵੇਂ ਕਿੰਨੀਆਂ ਵੀ ਹੋਣ, ਮੁਸਕਰਾਉਣ ਦਾ ਤਾਂ ਕੋਈ ਮੁੱਲ ਨਹੀਂ ਹੁੰਦਾ।

ਮੈਂ ਹਰ ਰੋਜ਼ ਅੰਦਰਲੇ ਬੱਚੇ ਨੂੰ ਮਿਲਦਾਂ
ਹਾਲ-ਚਾਲ ਪੁੱਛਦਾ
ਉਹ ਮੇਰੇ ਨਾਲ ਹੱਸਦਾ ਤੇ ਹਸਾਉਂਦਾ
ਥੱਕੇ ਹਾਰੇ ਨੂੰ ਵੀ ਖਿਡਾਉਂਦਾ
ਚਿੰਤਾਵਾਂ ਅਤੇ ਫ਼ਿਕਰਾਂ ਨੂੰ ਘਟਾਉਂਦਾ
ਪ੍ਰੇਸ਼ਾਨੀਆਂ ਵਿਚ ਮੁਸਕਰਾਉਂਦਾ
ਨਕਾਮੀਆਂ ਦਾ ਦਰਦ ਘਟਾਉਂਦਾ
ਦੀਦਿਆਂ ਵਿਚ ਸੁਪਨਿਆਂ ਦਾ ਜਾਗ ਲਾਉਂਦਾ
ਥੱਕੇ ਕਦਮਾਂ ਦੇ ਨਾਵੇਂ ਜੋਸ਼ ਲਾਉਂਦਾ
ਹਨੇਰੀਆਂ ਰਾਤਾਂ ਵਿਚ ਚਿਰਾਗ਼ ਜਗਾਉਂਦਾ
ਰੋਸਿਆਂ, ਤੇ ਸ਼ਿਕਵਿਆਂ ਦੀ ਥਾਵੇਂ
ਸ਼ੁਕਰਗੁਜ਼ਾਰੀ ਦਾ ਨਾਦ ਗੁੰਜਾਉਂਦਾ
ਮਨ ਦੀ ਤਿੜਕਣ 'ਚ ਢਾਰਸ ਬੰਨ੍ਹਾਉਂਦਾ
ਡਿੱਗੇ ਪਏ ਨੂੰ ਉਠਾਉਂਦਾ
ਸੁੱਤੇ ਪਏ ਨੂੰ ਜਗਾਉਂਦਾ
ਤੇ ਮੈਂ ਜ਼ਿੰਦਗੀ ਦੀ ਜੰਗ ਜਿੱਤ ਲੈਂਦਾ
ਕਿਉਂਕਿ ਬੱਚੇ ਕਦੇ ਵੀ ਹਾਰਦੇ ਨਹੀਂ।

ਆਪਣੇ ਅੰਦਰਲੇ ਬੱਚੇ ਨੂੰ ਮਿਲਿਆਂ ਹੀ ਪਤਾ ਲੱਗਦਾ ਕਿ ਭੁੱਖੇ ਢਿੱਡ ਨੱਚਿਆ ਟੱਪਿਆ ਜਾ ਸਕਦਾ। ਨੰਗੇ ਪਿੰਡੇ ਧੁੱਪ ਵੀ ਸੇਕੀ ਜਾ ਸਕਦੀ ਹੈ ਤੇ ਠੰਢ ਵੀ ਕੁਝ ਨਹੀਂ ਵਿਗਾੜਦੀ। ਮੀਂਹ ਵਿਚ ਭਿੱਜਦਿਆਂ ਛੱਤਰੀ ਦਾ ਚਿੱਤ-ਚੇਤਾ ਹੀ ਨਹੀਂ ਹੁੰਦਾ। ਮਾਪਿਆਂ ਦੀ ਝਿੜਕਾਂ ਵਿਚ ਵੀ ਜੀਵਨ ਬਹੁ-ਰੰਗੀਂ। ਬੇਫ਼ਿਕਰੀ ਦੇ ਆਲਮ ਵਿਚ ਆਪਣਾ ਹੀ ਅਸਮਾਨ ਹੁੰਦਾ। ਸਾਰੀ ਧਰਤੀ ਆਪਣੀ। ਬੱਚੇ ਤਾਂ ਪੌਣ ਨੂੰ ਪੱਲੇ ਨਾਲ ਬੰਨ੍ਹੀਂ ਰੱਖਦੇ ਅਤੇ ਰੱਬ ਨੂੰ ਆਪਣਾ ਸੇਵਾਦਾਰ ਬਣਾ ਲੈਂਦੇ। ਆਪਣੇ ਅੰਦਰਲੇ ਬੱਚੇ ਦੀਆਂ ਸੁੱਖਾਂ ਸੁੱਖਿਆ ਕਰੋ, ਤੁਸੀਂ ਸੁੱਖੀ ਵਸੋਗੇ।

ਬੰਦਿਆ! ਅੰਦਰਲੇ ਬੱਚੇ ਨੂੰ ਹਰਦਮ ਖ਼ੁਸ਼ ਰੱਖਿਆ ਕਰ। ਉਸ ਤੋਂ ਹਰ ਮੋੜ ਤੇ ਕੁਝ ਨਾ ਕੁਝ ਸਿੱਖਿਆ ਕਰ। ਉਸ ਦੀਆਂ ਆਦਤਾਂ, ਤੱਕਣੀ, ਦਰਿਆ-ਦਿਲੀ ਅਤੇ ਖੁੱਲ੍ਹਦਿਲੀ ਨੂੰ ਨਜ਼ਰ-ਅੰਦਾਜ਼ ਨਾ ਕਰਿਆ ਕਰ। ਬੱਚੇ ਵਰਗੀ ਜ਼ਿੰਦਗੀ ਜਿਊਣ ਵਾਲੇ ਦਰਅਸਲ ਜੀਵਨ ਦੇ ਸ਼ਾਹ-ਅਸਵਾਰ।

ਬੰਦਾ ਹੁੰਦਿਆਂ ਵੀ ਬੱਚਾ ਬਣੇ ਰਹਿਣਾ, ਜੀਵਨ ਦੀ ਸਭ ਤੋਂ ਵੱਡੀ ਉਪਲਬਧੀ।

---

ਅਤੇ ਇੰਟਰਵਿਊ ਜਿੱਥੇ ਸਕਾਰਾਤਮਕ ਭੂਮਿਕਾ ਨਿਭਾ ਸਕਦੇ ਹਨ, ਉਥੇ ਇਸ ਬਿਮਾਰੀ 'ਤੇ ਜਿੱਤ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਦੇ ਤਜਰਬੇ ਸਾਂਝੇ ਕਰਕੇ ਵੀ ਸਮਾਜ ਦੀ ਸੋਚ ਵਿਚ ਬਦਲਾਅ ਲਿਆਇਆ ਜਾ ਸਕਦਾ ਹੈ। ਪ੍ਰਸਿੱਧ ਸ਼ਖ਼ਸੀਅਤਾਂ-ਜਿਵੇਂ ਭਾਰਤੀ ਫ਼ਿਲਮ ਅਦਾਕਾਰਾ ਮੁਮਤਾਜ਼, ਲੀਜ਼ਾ ਰੇਅ, ਸੋਨਾਲੀ ਬੇਂਦਰੇ, ਮਹਿਮਾ ਚੌਧਰੀ, ਮਨੀਸ਼ਾ ਕੋਇਰਾਲਾ ਅਤੇ ਹੀਨਾ ਖਾਨ ਤੋਂ ਇਲਾਵਾ ਹਾਲੀਵੁੱਡ ਅਦਾਕਾਰਾ ਐਂਜਲੀਨਾ ਜੌਲੀ, ਸੁਜ਼ੈਨ ਸੋਮਰਜ਼, ਸਿਨਥੀਆ ਨਿਕਸਨ, ਮੈਲੀਸਾ ਐਥਰਿਜ, ਬਾਰਬਰਾ ਮੋਰੀ, ਸ਼ੈਰਿਲ ਕਰੋਅ ਅਤੇ ਪੰਜਾਬ ਵਿਧਾਨ ਸਭਾ ਦੀ ਸਾਬਕਾ ਮੈਂਬਰ ਡਾ. ਨਵਜੋਤ ਕੌਰ ਸਿੱਧੂ ਵਰਗੀਆਂ ਅਨੇਕਾਂ ਕੈਂਸਰ ਜੇਤੂ ਹਸਤੀਆਂ ਨੇ ਪੁਸਤਕਾਂ, ਫ਼ਿਲਮਾਂ, ਇੰਟਰਵਿਊ ਅਤੇ ਡਾਕੂਮੈਂਟਰੀਆਂ ਦੁਆਰਾ ਮੀਡੀਆ ਦਾ ਸਦਉਪਯੋਗ ਕੀਤਾ ਅਤੇ ਕੈਂਸਰ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਦੇਖਭਾਲ ਅਤੇ ਇਲਾਜ ਲਈ ਸਮਾਜ ਸੇਵੀ ਸੰਸਥਾਵਾਂ ਬਣਾ ਕੇ ਇਕ ਮਿਸਾਲ ਕਾਇਮ ਕੀਤੀ। ਇਸ ਲਈ ਕੈਂਸਰ ਸਬੰਧੀ ਗ਼ਲਤਫ਼ਹਿਮੀਆਂ ਦੀ ਰੋਕਥਾਮ ਵਿਚ ਉਸਾਰੂ ਸਰਕਾਰੀ ਯਤਨ ਅਤੇ ਚੰਗੀ ਜੀਵਨਸ਼ੈਲੀ, ਸਮੇਂ-ਸਿਰ ਜਾਂਚ ਅਤੇ ਡਾਕਟਰੀ ਇਲਾਜ, ਸਹੀ ਜਾਣਕਾਰੀ ਅਤੇ ਜਾਗਰੂਕਤਾ ਕਾਫ਼ੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

## ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਪ੍ਰੋ. ਬਲਕਾਰ ਸਿੰਘ ਨਾਲ ਸੰਵਾਦ!

*(ਸਫਾ 13 ਦਾ ਬਾਕੀ)*

ਕਰਾਉਣ ਦਾ ਸੱਦਾ ਆ ਗਿਆ ਸੀ। ਕੀ ਉਨ੍ਹਾਂ ਦੇ ਇਸ ਫੈਸਲੇ ਨੇ ਲੋਕਤੰਤਰੀ ਢੰਗ ਨਾਲ਼ ਚੁਣੀ ਹੋਈ ਅਕਾਲੀ ਸਰਕਾਰ ਨੂੰ 'ਧਰਮ ਸੰਕਟ' 'ਚ ਨਹੀਂ ਪਾਈ ਰੱਖਿਆ ਸੀ? ਕੀ ਕਿਸੇ ਵੱਖਰੇ ਧਾਰਮਿਕ ਫਿਰਕੇ ਦੇ ਧਾਰਮਿਕ ਅਸਥਾਨ ਕਿਸੇ ਲੋਕਤੰਤਰੀ ਦੇਸ਼ ਵਿਚ ਇਵੇਂ ਬੰਦ ਕਰਾਏ ਜਾ ਸਕਦੇ ਸਨ/ਹਨ? ਬਾਅਦ ਵਿੱਚ ਬੱਬਰਾਂ ਵਲੋਂ ਨਿਰੰਕਾਰੀ ਮੁੱਖੀ ਸਮੇਤ ਸੈਂਕੜੇ ਨਿਰੰਕਾਰੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਸੀ। ਕੀ ਇਸ ਤਰ੍ਹਾਂ ਕਿਸੇ ਫਿਰਕੇ ਦੇ ਸ਼ਰਧਾਲੂਆਂ ਦੇ ਕਤਲ ਕਰਕੇ ਉਹ ਫਿਰਕਾ ਖਤਮ ਕੀਤਾ ਜਾ ਸਕਦਾ ਹੈ? ਅਜਿਹੀ ਭੜਕਾਹਟ ਦੇ ਬਾਵਜੂਦ ਵੀ ਅਪਰੈਲ, 1978 ਦੀ ਘਟਨਾ ਤੋਂ ਬਾਅਦ ਕਦੇ ਨਿਰੰਕਾਰੀਆਂ ਨੇ ਸਿੱਖਾਂ ਖਿਲਾਫ ਕੋਈ ਹਿੰਸਕ ਜਾਂ ਗੈਰ-ਹਿੰਸਕ ਪ੍ਰਤੀਕਰਮ ਦਿੱਤਾ ਸੀ? ਫਿਰ ਅਗਲਾ ਸਵਾਲ ਹੈ ਕਿ ਕੀ ਇਸ ਸਾਰੇ ਖੂਨ-ਖਰਾਬੇ ਤੋਂ ਬਾਅਦ ਪੰਜਾਬ ਵਿਚੋਂ ਨਿਰੰਕਾਰੀ ਭਵਨ ਬੰਦ ਹੋ ਗਏ ਸਨ ਜਾਂ ਨਿਰੰਕਾਰੀ ਫਿਰਕਾ ਖਤਮ ਹੋ ਗਿਆ ਹੈ?

ਕੀ ਇਨ੍ਹਾਂ ਦੋਨਾਂ ਕੇਸਾਂ ਵਿਚ ਸਿੱਖ ਪੰਥ ਦੇ ਵਡੇਰੇ ਹਿੱਤਾਂ ਲਈ ਕੋਈ ਰਸਤਾ ਨਹੀਂ ਸੀ ਕੱਢਿਆ ਜਾ ਸਕਦਾ? ਕੀ ਮੌਜੂਦਾ ਬਹੁ-ਗਿਣਤੀ ਵੋਟ ਪ੍ਰਣਾਲੀ ਰਾਜਤੰਤਰ ਵਿਚ ਸੱਤਾ ਹਾਸਿਲ ਕਰਨ ਲਈ ਕਿਸੇ ਭਾਈਚਾਰੇ ਦੇ ਲੱਖਾਂ ਸ਼ਰਧਾਲੂਆਂ ਨੂੰ ਵਿਸ਼ਾਲ ਸਿੱਖ ਪੰਥ ਵਿਚੋਂ ਸਦੀਵੀ ਤੌਰ 'ਤੇ ਛੇਕ ਦੇਣ ਤੋਂ ਉਰ੍ਹਾਂ ਕੋਈ ਹੋਰ ਰਾਹ ਨਹੀਂ ਸੀ ਹੋ ਸਕਦਾ? ਕੀ ਇਹ ਦੇਸ਼-ਵਿਦੇਸ਼ ਵਿਚ ਵਸਦੇ ਸਮੁੱਚੇ ਸਿੱਖ ਭਾਈਚਾਰੇ ਦੇ ਹਿੱਤ 'ਚ ਨਹੀਂ ਰਹਿਣਾ ਸੀ? ***(ਚੱਲਦਾ)***

# ਡੱਡੂ ਦੀ ਟਰ ਟਰ

**ਸ਼ਬਦ ਝਰੋਖਾ**




ਬਲਜੀਤ ਬਾਸੀ
ਫੋਨ: 734-259-9353

ਚਿਰਕਾਲ ਤੋਂ ਭਾਰਤ ਦੀਆਂ ਪੌਰਾਣਿਕ ਲਿਖਤਾਂ ਵਿਚ ਡੱਡੂ ਬਾਰੇ ਇੱਕ ਕਥਾ ਚਲਦੀ ਰਹੀ ਹੈ। ਇੱਕ ਵਾਰੀ ਇਕ ਡੱਡੂ ਸਮੁੰਦਰ 'ਚੋਂ ਨਿਕਲ ਕੇ ਕਿਨਾਰੇ 'ਤੇ ਆਇਆ ਤਾਂ ਉਹ ਮੌਜ ਮੌਜ ਵਿਚ ਹੋਰ ਅੱਗੇ ਵਧਦਾ ਇਕ ਖੂਹ 'ਤੇ ਪਹੁੰਚਿਆ ਤਾਂ ਅਚਾਨਕ ਇਸ ਵਿਚ ਡਿਗ ਪਿਆ। ਖੂਹ ਦੇ ਪੇਤਲੇ ਪਾਣੀਆਂ ਵਿਚ ਉਸ ਨੂੰ ਇੱਕ ਹੋਰ ਹਮਜਾਤੀ ਭਾਈਵੰਦ ਮਿਲਿਆ ਤੇ ਉਹ ਆਪਸ ਵਿਚ ਗੱਲਾਂ-ਬਾਤਾਂ ਵਿਚ ਰੁੱਝ ਗਏ। ਖੂਹ ਵਾਲੇ ਡੱਡੂ ਦੇ ਪੁੱਛਣ 'ਤੇ ਕਿ ਉਹ ਕਿਥੋਂ ਆਇਆ ਹੈ, ਸਮੁੰਦਰ ਵਾਲੇ ਨੇ ਦੱਸਿਆ ਕਿ ਉਹ ਸਮੁੰਦਰ 'ਚੋਂ ਆਇਆ ਹੈ ਤੇ ਉਥੇ ਹੀ ਰਹਿੰਦਾ ਹੈ। ਖੂਹ ਵਾਲੇ ਨੇ ਅੱਗੇ ਪੁੱਛਿਆ ਕਿ ਸਮੁੰਦਰ ਕਿੰਨਾ ਕੁ ਵੱਡਾ ਹੈ ਜਿਸ ਦਾ ਜਵਾਬ ਮਿਲਿਆ ਕਿ ਬਹੁਤ ਵੱਡਾ ਹੈ। 'ਮੇਰੇ ਪੱਟ ਜਿੱਡਾ'? ਖੂਹ ਵਾਲੇ ਨੇ ਸਵਾਲ ਕੀਤਾ। ਜਵਾਬ ਮਿਲਿਆ, 'ਉਸ ਤੋਂ ਵੀ ਵੱਡਾ'। 'ਤਾਂ ਫਿਰ ਮੇਰੇ ਦੋਨੋਂ ਪੱਟਾਂ ਜਿੱਡਾ ਹੋਵੇਗਾ?' ਖੂਹ ਵਾਲਾ ਥੋੜ੍ਹਾ ਪਰੇਸ਼ਾਨ ਹੋਇਆ। ਸਮੁੰਦਰ ਵਾਲੇ ਨੇ ਸਹਿਜ ਭਾਅ ਜਵਾਬ ਦਿੱਤਾ, 'ਇਸ ਤੋਂ ਵੀ ਵੱਡਾ'। ਖੂਹ ਵਾਲਾ ਡੱਡੂ ਇਸ ਵਾਰੀ ਪੂਰੇ ਯਕੀਨ ਨਾਲ ਬੋਲਿਆ, 'ਤਾਂ ਫਿਰ ਖੂਹ ਤੋਂ ਤਾਂ ਵੱਡਾ ਨਹੀਂ ਹੋਣ ਲੱਗਾ'? ਸਮੁੰਦਰ ਵਾਲੇ ਦਾ ਹਾਸਾ ਨਿਕਲ ਗਿਆ, 'ਸਮੁੰਦਰ ਬਹੁਤ ਵੱਡਾ ਹੁੰਦਾ ਹੈ, ਮੈਨੂੰ ਤਾਂ ਲਗਦਾ ਇਸ ਦਾ ਕੋਈ ਹੱਦ-ਬੰਨਾ ਹੀ ਨਹੀਂ ਹੁੰਦਾ'। ਇਹ ਸੁਣ ਕੇ ਖੂਹ ਵਾਲਾ ਟੁੱਟ ਪਿਆ, 'ਝੂਠ ਹੈ, ਖੂਹ ਤੋਂ ਵੱਡੀ ਕੋਈ ਚੀਜ਼ ਨਹੀਂ ਹੋ ਸਕਦੀ'। ਸਵਾਮੀ ਵਿਵੇਕਾਨੰਦ ਨੇ ਵੀ ਇਹ ਕਥਾ ਕਿਤੇ ਬਿਆਨ ਕੀਤੀ ਹੈ ਜਿਸ ਦੀ ਸਿੱਖਿਆ ਉਸ ਵਿਅਕਤੀ 'ਤੇ ਢੁਕਾਈ ਜਾਂਦੀ ਹੈ ਜਿਸ ਨੇ ਆਪਣਾ ਅਲਪ ਗਿਆਨ ਸੀਮਤ ਅਨੁਭਵ ਤੋਂ ਹੀ ਗ੍ਰਹਿਣ ਕੀਤਾ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਦੋ-ਤਿੰਨ ਵਾਰੀ ਇਸ ਵੱਲ ਸੰਕੇਤ ਮਿਲਦਾ ਹੈ ਜਿੱਥੇ ਡੱਡੂ ਲਈ ਦਾਦਰ ਸ਼ਬਦ ਵਰਤਿਆ ਗਿਆ ਹੈ। ਭਗਤ ਕਬੀਰ ਫਰਮਾਉਂਦੇ ਹਨ,

ਸੰਧਿਆ ਪ੍ਰਾਤ ਇਸ੍ਨਾਨ ਕਰਾਹੀ
ਜਿਉ ਭਏ ਦਾਦੁਰ ਪਾਨੀ।

ਭਗਤ ਰਵਿਦਾਸ ਹੋਰ ਵੀ ਸਪੱਸ਼ਟ ਹਨ, 'ਕੂਪਿ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ'।

ਡੱਡੂ ਜਾਂ ਦਾਦਰ ਆਦਿ ਜਿਹੇ ਸ਼ਬਦ ਤੋਂ ਕੁਝ ਇਕ ਮੁਹਾਵਰੇ ਬਣੇ ਹਨ: ਖਵਾਜੇ ਦਾ ਗਵਾਹ ਡੱਡੂ, ਡੱਡੂਆਂ ਦੀ ਪਸੇਰੀ। ਕਿਸਾਨਾਂ ਨੂੰ ਬੀਜਣ ਬਾਰੇ ਸਿਖਿਆ ਦੇਣ ਵਾਲੀਆਂ ਲਹਿੰਦੀ ਵਿਚ ਦੋ ਕਹਾਵਤਾਂ ਹਨ। ਪਹਿਲੀ ਹੈ, 'ਮੂੰਗ ਘਣੇ ਤਿਲ ਪਤਲੇ, ਦੇਦਰ ਟੱਪ ਜੁਆਰ, ਹਾਲੀ ਉਹ ਸਰਾਹੀਏ, ਜੋ ਢਾਂਗੇ ਸੇਟੇ ਵਾਰ' ਅਰਥਾਤ ਮੂੰਗੀ ਘਣੀ, ਤਿਲ ਵਿਰਲੇ ਅਤੇ ਜੁਆਰ ਡੱਡੂ ਦੀ ਛਲਾਂਗ ਜਿੰਨੀ ਦੂਰੀ 'ਤੇ ਬੀਜਣੇ ਚਾਹੀਦੇ ਹਨ। ਦੂਜਾ ਹੈ, 'ਦਾਦ ਟਪੂਸੀ ਕੰਗਣੀ, ਕਰੋ ਕਰੋ ਕਪਾਹ, ਲੇਫ਼ ਦੀ ਬੁੱਕਲ ਮਾਰ ਕੇ, ਮੱਕੀ ਵਿਚ ਦੀ ਜਾਹ' ਮਤਲਬ ਕੰਗਣੀ ਡੱਡੂ ਦੀ ਟਪੂਸੀ ਜਿੰਨੀ ਦੂਰੀ ਤੇ, ਕਪਾਹ ਕਦਮ ਜਿੰਨੀ ਦੂਰੀ ਤੇ ਅਤੇ ਮੱਕੀ ਏਨੀ ਦੂਰੀ ਤੇ ਬੀਜਣੀ ਚਾਹੀਦੀ ਹੈ ਜਿੰਨੀ ਵਿਚ ਕਿਸਾਨ ਲੇਫ ਦੀ ਬੁੱਕਲ ਮਾਰ ਕੇ ਲੰਘ ਸਕਦਾ ਹੈ। ਡੱਡੂ ਲਈ ਮੁਖ ਤੌਰ 'ਤੇ ਦੋ ਹੋਰ ਸ਼ਬਦ ਹਨ, ਮੇਂਡਕ ਤੇ ਭੇਕ। ਸੰਸਕ੍ਰਿਤ ਵਿਚ ਸੀਮਿਤ ਗਿਆਨ ਵਾਲੇ ਮਨੁੱਖ ਲਈ ਕੂਪ ਮੰਡੂਕ (ਕੂਪ = ਖੂਹ) ਅਤੇ ਕੁੰਭ ਮੰਡੂਕ (ਕੁੰਭ = ਘੜਾ) ਸਮਾਸੀ ਸ਼ਬਦ ਚੱਲਦੇ ਹਨ ਜਿਨ੍ਹਾਂ ਲਈ ਪੰਜਾਬੀ ਵਿਚ ਕ੍ਰਮਵਾਰ 'ਖੂਹ ਦਾ ਡੱਡੂ' ਅਤੇ 'ਘੜੇ ਦਾ ਡੱਡੂ' ਮੁਹਾਵਰੇ ਪ੍ਰਸਿੱਧ ਹਨ। ਹੋਰ ਦੇਸ਼ਾਂ ਵਿਚ ਵੀ ਅਜਿਹੀ ਕਹਾਣੀ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਇਹ ਮੁਢਲੇ ਤੌਰ 'ਤੇ ਚੀਨ ਤੋਂ ਆਈ ਹੈ। ਮਲਾਇਆ ਵਿਚ ਖੂਹ ਦਾ ਡੱਡੂ 'ਖੋਪੇ ਦਾ ਡੱਡੂ' ਬਣ ਗਿਆ ਹੈ।



ਤੁਸੀਂ ਇੱਕ ਡੱਡੂ ਦੇ ਸਮੁੰਦਰ ਤੋਂ ਖੂਹ ਵੱਲ ਵਧਣ ਦੀ ਵਿਥਿਆ ਸੁਣੀ। ਵਾਸਤਵ ਵਿਚ ਡੱਡੂ ਪ੍ਰਜਾਤੀ ਦੇ ਵਿਕਾਸ ਦੀ ਕਹਾਣੀ ਵੀ ਸਮੁੰਦਰ ਤੋਂ ਹੀ ਸ਼ੁਰੂ ਹੁੰਦੀ ਹੈ। ਡੱਡੂ ਇੱਕ ਜਲਥਲੀ ਜੀਵ ਹੈ, ਮਾਅਨੇ ਇਹ ਪਾਣੀ ਵਿਚ ਵੀ ਰਹਿ ਸਕਦਾ ਹੈ ਤੇ ਜ਼ਮੀਨ 'ਤੇ ਵੀ। ਇਸ ਦੇ ਪੂਰਵਜ ਇੱਕ ਪ੍ਰਕਾਰ ਦੀ ਮੱਛੀ ਤੋਂ ਵਿਕਸਿਤ ਹੋਏ ਜੋ ਸਮੁੰਦਰ ਦੇ ਪੇਤਲੇ ਪਾਣੀਆਂ ਵਿਚ ਰਹਿੰਦੀ ਸੀ ਅਤੇ ਇਸਦੇ ਖੰਬੜੇ ਤਾਕਤਵਰ ਪੱਠਿਆਂ ਵਾਲੇ ਲੱਤਾਂ ਜਿਹੇ ਸਨ। ਜਦ ਇਹ ਮੱਛੀ ਕਰੋੜਾਂ ਸਾਲ ਪਹਿਲਾਂ ਸਮੁੰਦਰ ਵਿਚੋਂ ਨਿਕਲ ਕੇ ਪਾਣੀ ਦੇ ਕਿਨਾਰੇ ਆਈ ਤੇ ਫਿਰ ਅੱਗੇ ਵਧਦੀ ਗਈ ਤਾਂ ਇਹ ਨਾਲ ਦੀ ਨਾਲ ਮੱਛੀ ਵਾਲੇ ਖੰਬੜੇ ਤੇ ਹੋਰ ਅੰਗ ਛੰਡਦੀ ਗਈ ਤੇ ਇਸ ਦੇ ਥਾਂ ਧਰਤੀ 'ਤੇ ਚੱਲਣ ਵਾਲੇ ਅੰਗ ਜਿਵੇਂ ਲੱਤਾਂ ਆਦਿ ਵਿਕਸਿਤ ਕਰਦੀ ਗਈ। ਲੱਖਾਂ ਸਾਲਾਂ ਵਿਚ ਇਸ ਨੇ ਆਪਣੀ ਸਮਰੱਥਾ ਨੂੰ ਧਰਤੀ ਦੇ ਅਨੁਕੂਲ ਢਾਲ ਲਿਆ। ਇਸ ਤਰ੍ਹਾਂ ਵਿਕਸਿਤ ਇਹ ਜੀਵ ਜਲ ਅਤੇ ਥਲ ਦੋਨਾਂ ਵਿਚ ਰਹਿਣਾ ਗਿੱਝ ਗਿਆ ਇਸ ਲਈ ਇਸ ਨੂੰ ਵਿਗਿਆਨਕ ਭਾਸ਼ਾ ਵਿਚ ਜਲਥਲੀ ਜੀਵ ਕਿਹਾ ਜਾਂਦਾ ਹੈ। ਵੱਖ-ਵੱਖ ਪਰਿਵੇਸ਼ਾਂ ਵਿਚ ਰਹਿਣ ਕਾਰਨ ਕ੍ਰਮ-ਵਿਕਾਸ ਹੁੰਦਿਆਂ ਹਰ ਜੀਵ ਦੀ ਬਣਾਵਟ, ਡੀਲ-ਡੌਲ, ਰੰਗ-ਢੰਗ ਤੇ ਹੋਰ ਕਈ ਕੁਝ ਉਘੜਦਿਆਂ ਕਈ-ਕਈ ਵੰਨਗੀਆਂ ਬਣ ਜਾਂਦੀਆਂ ਹਨ। ਡੱਡੂ ਦੀਆਂ ਸੈਂਕੜੇ ਕਿਸਮਾਂ ਹਨ, ਦਰਜਨਾਂ ਰੰਗ ਹਨ ਤੇ ਦਰਜਨਾਂ ਆਕਾਰ ਹਨ। ਹਰ ਪ੍ਰਜਾਤੀ ਦੀ ਆਪਣੀ ਨਿਵੇਕਲੀ ਆਵਾਜ਼ ਹੈ। ਮੁੱਖ ਤੌਰ 'ਤੇ ਡੱਡੂ ਦੀਆਂ ਦੋ ਕਿਸਮਾਂ ਦੱਸੀਆਂ ਜਾਂਦੀਆਂ ਹਨ: ਇੱਕ ਚੀਕਣੀ ਖਲੜੀ ਵਾਲਾ ਤੇ ਦੂਸਰਾ ਚਿੱਬ ਖੜਿੱਬੀ ਮੁਹਕੇਦਾਰ ਖਲੜੀ ਵਾਲਾ। ਚੀਕਣੀ ਖਲੜੀ ਵਾਲੇ ਨੂੰ ਅੰਗਰੇਜ਼ੀ ਵਿਚ ਫਰੌਗ ਤੇ ਖੁਰਦਰੀ ਵਾਲੇ ਨੂੰ ਟੋਡ ਕਿਹਾ ਜਾਂਦਾ ਹੈ। ਪਰ ਆਮ ਬੋਲਚਾਲ ਵਿਚ ਇਨ੍ਹਾਂ ਵਿਚ ਬਹੁਤਾ ਫਰਕ ਨਹੀਂ ਪਾਇਆ ਜਾਂਦਾ ਇਸ ਲਈ ਇੱਕ ਦੂਜੇ ਦੇ ਬਦਲ ਵਜੋਂ ਵਰਤ ਲਿਆ ਜਾਂਦਾ ਹੈ। ਅਸੀਂ ਸਭ ਲਈ ਪੰਜਾਬੀ ਡੱਡੂ ਨਾਲ ਹੀ ਕੰਮ ਚਲਾਉਂਦੇ ਹਾਂ, ਸਾਡਾ ਮਕਸਦ ਵੀ ਮੁੱਖ ਤੌਰ 'ਤੇ ਡੱਡੂ ਸ਼ਬਦ 'ਤੇ ਹੀ ਚਰਚਾ ਕਰਨਾ ਹੈ। ਜਿਵੇਂ ਪਹਿਲਾਂ ਦੱਸਿਆ ਹੈ, ਡੱਡੂ ਦੇ ਹੋਰ ਨਾਂ ਭੇਕ, ਮੇਂਡਕ, ਦਾਦਰ ਆਦਿ ਵੀ ਹਨ ਪਰ ਇਹ ਕਿਸੇ ਪ੍ਰਜਾਤੀ ਭੇਦ ਕਰਕੇ ਨਹੀਂ ਹਨ। ਹਾਂ, ਪੰਜਾਬੀ ਵਿਚ ਮਾਦਾ ਮੱਛੀ ਲਈ ਡੱਡ ਜਾਂ ਡਿੱਡ ਸ਼ਬਦ ਜ਼ਰੂਰ ਚਲਦਾ ਹੈ ਜੋ ਆਕਾਰ ਵਿਚ ਛੋਟੀਆਂ ਸਮਝੀਆਂ ਜਾਂਦੀਆਂ ਹਨ। ਪਰ ਮੇਰੇ ਅਧਿਐਨ ਅਨੁਸਾਰ ਕੁਦਰਤੀ ਜਾਂ ਕਹਿ ਲਵੋ ਕ੍ਰਮ-ਵਿਕਾਸ ਸਦਕਾ ਮਾਦਾ ਡੱਡੂ ਨਰ ਡੱਡੂ ਨਾਲੋਂ ਵੱਡੀ ਹੁੰਦੀ ਹੈ ਕਿਉਂਕਿ ਇਹ ਸੰਤਾਨ ਉਤਪਤੀ ਲਈ ਆਪਣੇ ਵੱਡੇ ਸਰੀਰ ਕਰਕੇ ਨਰ ਡੱਡੂ ਨੂੰ ਵਧੇਰੇ ਖਿੱਚ ਸਕਦੀ ਹੈ। ਐਨ ਇਸ ਤਰ੍ਹਾਂ ਜਿਵੇਂ ਭਰਵੇਂ ਜਿਸਮ ਵਾਲੀਆਂ ਮੁਟਿਆਰਾਂ ਮਰਦਾਂ ਨੂੰ ਵਧੇਰੇ ਖਿੱਚ ਪਾਉਂਦੀਆਂ ਹਨ। ਡੱਡ ਜਾਂ ਡਿੱਡ ਸ਼ਬਦ ਡੱਡੂ ਦੀ ਪਹਿਲੀ ਅਵਸਥਾ ਲਈ ਢੁਕਦੇ ਹਨ ਕਿਉਂਕਿ ਉਦੋਂ ਇਹ ਛੋਟੇ ਹੁੰਦੇ ਹਨ ਅਤੇ ਪੂਛ ਵੀ ਲੱਗੀ ਹੁੰਦੀ ਹੈ। ਹੌਲੀ-ਹੌਲੀ ਇਸ ਦੀ ਪੂਛ ਅੰਦਰ ਧਸਦੀ-ਧਸਦੀ ਅਲੋਪ ਹੀ ਹੋ ਜਾਂਦੀ ਹੈ ਤੇ ਬਾਲਗ ਉਮਰ ਤੱਕ ਡੱਡੂ ਇਕ ਲੰਡਾ ਜਿਹਾ ਜੀਵ ਬਣ ਜਾਂਦਾ ਹੈ। ਸੋ ਅਖੌਤੀ ਡਿੱਡ/ਡੱਡ ਨਰ ਵੀ ਹੋ ਸਕਦੇ ਹਨ ਤੇ ਮਦੀਨ ਵੀ। ਛੋਟੇ ਬੱਚੇ ਨੂੰ ਵੀ ਲਾਡ ਨਾਲ ਡੱਡ ਜਾਂ ਡੱਡਾ ਕਹਿ ਦਿੱਤਾ ਜਾਂਦਾ ਹੈ।

ਡੱਡੂ ਦੇ ਦੋ-ਤਿੰਨ ਗੁਣ ਬੜੇ ਉਘੜਵੇਂ ਹਨ, ਇਸ ਦੀ ਉਛਲ ਕੁੱਦ, ਇਸ ਦੀ ਨਿਰਾਲੀ ਆਵਾਜ਼ ਅਤੇ ਇਸ ਦਾ ਲੰਡਾਪਣ। ਬਰਸਾਤ ਵਿਚ ਜਦ ਕਈ ਤਰ੍ਹਾਂ ਦੇ ਡੱਡੂ ਛੱਪੜਾਂ ਆਦਿ ਵਿਚ ਪ੍ਰਗਟ ਹੋ ਜਾਂਦੇ ਸਨ ਤਾਂ ਬੱਚਿਆਂ ਨੂੰ ਇਨ੍ਹਾਂ ਦੀਆਂ ਆਵਾਜ਼ਾਂ ਦੇ ਅਰਥਾਂ ਬਾਰੇ ਇੱਕ ਦਿਲਚਸਪ ਗੱਲ ਸੁਣਾਈ ਜਾਂਦੀ ਸੀ। ਇੱਕ ਕਿਨਾਰੇ 'ਤੇ ਬੈਠਾ ਮੋਟਾ ਡੱਡੂ ਆਪਣੀ ਮਰਦਾਨੀ ਆਵਾਜ਼ ਵਿਚ ਕਹਿੰਦਾ ਹੈ, 'ਬਿਆਹ ਜਾਣਾ, ਬਿਆਹ ਜਾਣਾ'। ਦੂਜਾ, ਜੋ ਉਸ ਦੀ ਪਤਨੀ ਹੈ, ਬਰੀਕ ਆਵਾਜ਼ ਵਿਚ ਪੁੱਛਦਾ ਹੈ, 'ਕਿੰਨ, ਕਿੰਨ, ਕਿੰਨ ਕਿੰਨ'? ਪਹਿਲਾ, ਉਸ ਦਾ ਘਰਵਾਲਾ, 'ਤੂੰ ਤਾਂ ਮੈਂ, ਤੂੰ ਤਾਂ ਮੈਂ''। ਖਿਝਿਆ ਹੋਇਆ ਘਰ ਦਾ ਬਜ਼ੁਰਗ ਬੁੱਢਿਆਂ ਵਾਲੀ ਆਵਾਜ਼ ਕਢਦਾ ਪੁੱਛਦਾ ਹੈ, 'ਘਰ ਕੌਣ ਰਹੂ?, ਘਰ ਕੌਣ ਰਹੂ'? ਪਹਿਲਾ ਜਵਾਬ ਦਿੰਦਾ ਹੈ, 'ਤੁਮ ਤੁਮ ਤੁਮ ਤੁਮ'। ਇਹ ਬਚਗਾਨਾ ਜਿਹੀ ਗੱਲ ਮੈਂ ਐਵੇਂ ਨਹੀਂ ਸੁਣਾਈ। ਡੱਡੂ ਦੀ ਭਾਰੀ ਭਰਕਮ' ਗੁੜੈਂ ਗੁੜੈਂ'' ਜਿਹੀ ਆਵਾਜ਼ ਕਾਰਨ ਸੰਸਕ੍ਰਿਤ ਵਿਚ 'ਦਰਦੁਰ' (ਡੱਡੂ) ਦਾ ਇਕ ਅਰਥ ਢੋਲ ਹੈ। ਇਸ ਦੀ ਇਕਸਾਰ ਸੁਰੀਲੀ ਆਵਾਜ਼ ਤੋਂ ਇੱਕ ਹੋਰ ਅਰਥ ਬੰਸਰੀ ਮਿਲਦਾ ਹੈ। ਪਲੈਟਸ ਅਨੁਸਾਰ ਡੱਡੂ ਦੀ ਇੱਕ ਟੱਕ ਆਵਾਜ਼ ਤੋਂ ਹੀ ਸੰਗੀਤ ਦੀ ਇੱਕ ਵਿਧਾ ਦਾ ਨਾਂ 'ਦਾਦਰਾ' ਪਿਆ ਦੱਸਿਆ ਜਾਂਦਾ ਹੈ। ਇਸ ਦੀ ਉਛਲ ਕੂੱਦ ਤੋਂ ਬੱਦਲ ਤੇ ਇਸ ਦੀ ਮੋਟੀ ਠੁੱਲੀ ਸ਼ਕਲ ਤੋਂ ਇੱਕ ਪਰਬਤ ਦਾ ਨਾਂ ਪਿਆ ਹੈ।

ਪੰਜਾਬੀ ਸ਼ਬਦ ਡੱਡੂ ਮੁਢਲੇ ਤੌਰ 'ਤੇ ਸੰਸਕ੍ਰਿਤ 'ਦਰਦੁਰ' ਸ਼ਬਦ ਤੋਂ ਹੀ ਵਿਉਤਪਤ ਹੋਇਆ ਮੰਨਿਆ ਜਾਂਦਾ ਹੈ। ਕੁਝ ਨਿਰੁਕਤਕਾਰਾਂ ਨੇ ਇਸ ਨੂੰ ਭਾਰੋਪੀ ਸ਼ਬਦ ਮੰਨਦਿਆਂ ਇਸ ਨੂੰ ਧੁਨੀ ਅਨੁਕ੍ਰਮਣਕ ਕਿਹਾ ਹੈ ਅਰਥਾਤ ਡੱਡੂ ਦੀ ਆਵਾਜ਼ ਤੋਂ ਇਸ ਸ਼ਬਦ ਦੀ ਉਤਪਤੀ ਹੋਈ। ਲਿਥੂਏਨੀਅਨ ਅਤੇ ਵੈਲਿਸ਼ ਭਾਸ਼ਾ ਵਿਚ ਇਸ ਦੇ ਸਜਾਤੀ ਸ਼ਬਦ ਮਿਲਦੇ ਹਨ। ਦੇਖਿਆ ਜਾਵੇ ਤਾਂ ਡੱਡੂ ਦੀ ਆਵਾਜ਼ ਨੂੰ ਅਸੀਂ ਆਮ ਤੌਰ ਤੇ 'ਟਰ ਟਰ ਕਰਨਾ' ਕਹਿੰਦੇ ਹਾਂ। ਪਾਲੀ ਅਤੇ ਪ੍ਰਾਕ੍ਰਿਤ ਵਿਚ ਇਸ ਦਾ ਰੂਪ ਹੈ, ਦੱਦੁਰ। ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਕੁਝ ਇਸ ਪ੍ਰਕਾਰ ਹਨ, ਖੋਵਾਰ: ਦੋਦੋਰ = ਕਿਰਲੀ, ਗਿਰਗਿਟ, ਆਸਾਮੀ ਦਾਦੁਰ = ਡੱਡੂ, ਮੈਥਿਲੀ, ਹਿੰਦੀ: ਦਾਦਰ = ਡੱਡੂ; ਸਿੰਧੀ: ਡੇਡਰੂ = ਡੱਡੂ; ਲਹਿੰਦੀ: ਦੇਦਰ, ਡੇਡਰ = ਡੱਡੂ। ਨੋਟ ਕਰੋ, ਪੰਜਾਬੀ ਦੀਆਂ ਕੁਝ ਉਪਭਾਸ਼ਾਵਾਂ ਵਿਚ ਇਹ ਸ਼ਬਦ ਦ ਧੁਨੀ ਨਾਲ ਵੀ ਬੋਲਿਆ ਜਾਂਦਾ ਹੈ। ਗੌਰਤਲਬ ਹੈ ਕਿ ਕੁਝ ਭਾਸ਼ਾਵਾਂ ਵਿਚ ਡੱਡੂ ਜਾਂ ਇਸ ਨਾਲ ਮਿਲਦੇ-ਜੁਲਦੇ ਸ਼ਬਦਾਂ ਦਾ ਅਰਥ 'ਡੌਲਾ' ਵੀ ਹੈ। ਅਸਲ ਵਿਚ ਬਾਂਹ ਦਾ ਉਪਰਲਾ ਹਿੱਸਾ ਯਾਨੀ ਡੌਲਾ, ਮੁਕਾਬਲਤਨ ਮੋਟਾ, ਪੀਡਾ ਅਤੇ ਖਾਸ ਤੌਰ 'ਤੇ ਕਮਾਏ ਹੋਏ ਪੱਠਿਆਂ ਵਾਲਾ ਹੁੰਦਾ ਹੈ। ਇਸ ਲਈ ਡੌਲੇ ਲਈ ਅਜਿਹੀ ਬਣਾਵਟ ਵਾਲੇ ਜਾਨਵਰਾਂ ਦੇ ਨਾਂ ਪਾਏ ਜਾਂਦੇ ਹਨ। ਪੰਜਾਬੀ ਵਿਚ ਕਹਿ ਦਿੰਦੇ ਹਨ, ਉਸ ਦੇ ਡੌਲਿਆਂ ਵਿਚ ਡੱਡੂ ਪੈਂਦੇ ਹਨ। ਇਸ ਨੂੰ ਮਛਲੀਆਂ ਵੀ ਕਹਿੰਦੇ ਹਨ। ਦੂਜੇ ਪਾਸੇ ਇੱਕ ਤਰ੍ਹਾਂ ਦੀ ਮੱਛੀ ਦਾ ਨਾਂ ਵੀ ਡੌਲਾ ਹੈ।

### ਟੋਡੀ ਬੱਚਾ

ਅੰਗਰੇਜ਼ੀ ਵਿਚ ਡੱਡੂ ਲਈ ਇੱਕ ਸ਼ਬਦ ਟੋਡ (toad) ਵੀ ਹੈ। ਇਸ ਤੋਂ ਬਣੇ ਇਕ ਸ਼ਬਦ ਟੋਡ-ਈਟਰ (toad eater) ਦਾ ਸ਼ਾਬਦਿਕ ਅਰਥ ਤਾਂ ਬਣਿਆ ਡੱਡੂ-ਖਾਣਾ/ ਡੱਡੂਖੋਰ ਪਰ ਇਹ ਹੋਰ ਅਰਥਾਂ ਵਿਚ ਵਰਤਿਆ ਜਾਂਦਾ ਹੈ। ਕੋਈ ਦੋ ਸੌ ਸਾਲ ਪੁਰਾਣੀ ਗੱਲ ਹੈ। ਉਸ ਵੇਲੇ ਕੋਈ ਨੀਮ-ਹਕੀਮ ਆਪਣਾ ਕੋਈ ਮੁਰੀਦ, ਜਮੂਰਾ ਜਾਂ ਕਹਿ ਲਵੋ ਨੌਕਰ ਰੱਖਿਆ ਕਰਦਾ ਸੀ ਜੋ ਇਕੱਠੇ ਹੋਏ ਮਜਮੇ ਵਿਚਕਾਰ ਜ਼ਹਿਰੀਲਾ ਡੱਡੂ ਖਾਣ ਦਾ ਢੋਂਗ ਰਚ ਲੈਂਦਾ ਸੀ। ਨੀਮ ਹਕੀਮ ਜ਼ਾਹਿਰਾ ਤੌਰ 'ਤੇ ਉਸ ਦਾ ਇਲਾਜ ਕਰ ਦਿੰਦਾ ਸੀ ਕਿਉਂਕਿ ਉਹ ਡੱਡੂ ਜਾਂ ਤਾਂ ਵਾਸਤਵ ਵਿਚ ਖਾਧਾ ਨਹੀਂ ਸੀ ਹੁੰਦਾ ਜਾਂ ਜ਼ਹਿਰੀਲਾ ਨਹੀਂ ਸੀ ਹੁੰਦਾ। ਸੋ ਮੁਢਲੇ ਤੌਰ 'ਤੇ ਤਾਂ ਇਹ ਜਮੂਰਾ ਹੀ ਟੋਡਈਟਰ ਹੋਇਆ। ਹੌਲੀ-ਹੌਲੀ ਅੰਗਰੇਜ਼ੀ ਟੋਡਈਟਰ ਸ਼ਬਦ ਸੁੰਗੜ ਕੇ ਟੋਡੀ (toady) ਬਣ ਗਿਆ ਜਿਸ ਦਾ ਲਾਖਣਿਕ ਪ੍ਰਯੋਗ ਹੋਇਆ ਅਜਿਹਾ ਵਿਅਕਤੀ ਜੋ ਕਿਸੇ ਤੋਂ ਫਾਇਦਾ ਲੈਣ ਲਈ ਕੋਈ ਵੀ ਘਟੀਆ ਕੰਮ ਕਰ ਸਕਦਾ ਹੋਵੇ, ਚਾਪਲੂਸ, ਚਮਚਾ, ਖੁਸ਼ਾਮਦੀ, ਲੈਕੀ, ਟਊਟ, ਜੁੱਤੀ-ਚੱਟ, ਝੋਲੀ ਚੁੱਕ। ਅੰਗਰੇਜ਼ੀ ਵਿਚ ਇਸ ਸ਼ਬਦ ਦੀ ਖੁਸ਼ਾਮਦ ਕਰਨ ਦੇ ਅਰਥਾਂ ਵਿਚ ਕਿਰਿਆ ਵਜੋਂ ਵੀ ਵਰਤੋਂ ਹੁੰਦੀ ਹੈ। ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਇਹ ਸ਼ਬਦ ਅਜਿਹੇ ਪੁਲਸ ਜਾਂ ਹੋਰ ਵੱਡੇ ਦੇਸੀ ਜਾਂ ਗੋਰੇ ਅਫਸਰਾਂ ਲਈ ਵਰਤਿਆ ਜਾਣ ਲੱਗਾ ਜੋ ਦੇਸ਼-ਭਗਤਾਂ ਨੂੰ ਸਰਕਾਰੇ-ਦਰਬਾਰੇ ਫਸਾ ਕੇ ਸਜ਼ਾ ਦੇਣ ਦਾ ਕੰਮ ਕਰਦੇ ਸਨ। ਭਾਰਤੀਆਂ ਨੇ ਟੋਡੀ ਤੋਂ ਵੀ ਅੱਗੇ ਜਾ ਕੇ ਅਜਿਹਾ ਪਾਪ ਕਰਨ ਵਾਲੇ ਲਈ 'ਟੋਡੀ ਬੱਚਾ' ਕਹਿਣਾ ਸ਼ੁਰੂ ਕਰ ਦਿੱਤਾ। ਖਾਸ ਤੌਰ 'ਤੇ ਕਿਸੇ ਜਲਸੇ ਜਾਂ ਜਲੂਸ ਵਿਚ ਕ੍ਰੋਧ ਵਿਚ ਆਏ ਲੋਕ 'ਟੋਡੀ ਬੱਚਾ, ਹਾਇ ਹਾਇ' ਦੇ ਨਾਹਰੇ ਲਾਇਆ ਕਰਦੇ ਸਨ। ਸ਼ਹੀਦ ਫਿਲਮ ਵਿਚ ਇਹ ਸ਼ਬਦ ਖੂਬ ਸੁਣਨ ਨੂੰ ਮਿਲਦਾ ਹੈ।

# ਆਮ ਬੰਦੇ ਤੇ ਲੇਖਕ ਵਿਚਲਾ ਫਰਕ

ਨਿਰੰਜਣ ਬੋਹਾ
ਫੋਨ: 89682-82700

ਜੇ ਕਿਸੇ ਲੇਖਕ ਦੇ ਜੀਵਨ ਵਿਚ ਕੋਈ ਮਨੋ-ਸਮਾਜਿਕ ਸਮੱਸਿਆ ਆਉਂਦੀ ਹੈ, ਜਾਂ ਉਹ ਕਿਸੇ ਅੰਤਰ-ਦਵੰਦ ਵਿਚੋਂ ਲੰਘਦਾ ਹੈ ਤਾਂ ਲਾਜ਼ਮੀ ਤੌਰ 'ਤੇ ਇਸਦਾ ਅਸਰ ਉਸ ਦੀਆਂ ਲਿਖਤਾਂ 'ਤੇ ਵੀ ਪੈਂਦਾ ਹੈ। ਲੇਖਕ ਦੀਆਂ ਮਨੋ-ਸੰਵੇਦਨਾਵਾਂ, ਸਮੱਸਿਆਵਾਂ ਜਾਂ ਦੁੱਖ-ਸੁੱਖ ਨਿੱਜੀ ਹੋ ਕੇ ਵੀ ਸਮੂਹਿਕ ਹੁੰਦੇ ਹਨ। ਲੇਖਕ ਵਧੇਰੇ ਕਰਕੇ ਆਪਣੇ ਦੁੱਖਾਂ-ਸੁੱਖਾਂ, ਦਰਪੇਸ਼ ਸਮੱਸਿਆਵਾਂ ਤੇ ਇਨ੍ਹਾਂ ਤੋਂ ਪ੍ਰਾਪਤ ਅਨੁਭਵਾਂ ਨੂੰ ਹੀ ਆਪਣੀਆਂ ਕਹਾਣੀਆਂ-ਕਵਿਤਾਵਾਂ ਰਾਹੀਂ ਦੁਹਰਾਉਂਦਾ ਹੈ, ਕੋਈ ਗਲਪਕਾਰ ਆਪਣੀ ਲਿਖਤ ਦੇ ਕਿਸੇ ਨਾ ਕਿਸੇ ਪਾਤਰ ਵਿਚ ਆਪ ਵੀ ਜ਼ਰੂਰ ਮੌਜੂਦ ਰਹਿੰਦਾ ਹੈ।

ਗੱਲ ਸਾਰੀ ਬੰਦੇ ਅੰਦਰ ਪੈਦਾ ਹੋਣ ਵਾਲੇ ਭਾਵਨਾਤਮਕ ਹੜ੍ਹ ਦੀ ਹੈ। ਇਹ ਹੜ੍ਹ ਪਿਆਰ ਭਾਵਨਾਵਾਂ ਦਾ ਵੀ ਹੋ ਸਕਦੈ, ਗੁੱਸੇ ਤੇ ਈਰਖਾ ਦਾ ਵੀ। ਆਮ ਬੰਦਾ ਕਿਸੇ ਵੀ ਕਿਸਮ ਦੀਆਂ ਭਾਵਨਾਵਾਂ ਦੀ ਬਹੁਤਾਤ ਹੋਣ 'ਤੇ ਉਨ੍ਹਾਂ ਦਾ ਨਿਕਾਸ ਆਮ ਤੇ ਪ੍ਰਚਲਤ ਵਿਧੀਆਂ ਅਨੁਸਾਰ ਹੀ ਕਰਦੈ। ਪਿਆਰ ਭਾਵਨਾਵਾਂ ਦੀ ਬਹੁਤਾਤ ਹੋਈ ਤਾਂ ਉਹ ਖੁਸ਼ੀ ਨਾਲ ਉਡੂੰ-ਉਡੂੰ ਕਰਦਾ, ਮਿੱਠਾ ਬੋਲਦਾ ਤੇ ਹਰੇਕ ਨੂੰ ਜੱਫੀ ਵਿਚ ਲੈਂਦਾ ਦਿਸਦਾ ਹੈ, ਪਰ ਆਪਣੇ ਅੰਦਰ ਗੁੱਸੇ ਜਾਂ ਨਫਰਤ ਵਾਲੀਆਂ ਭਾਵਨਾਵਾਂ ਦਾ ਹੜ੍ਹ ਆਉਣ 'ਤੇ ਉਹ ਆਪਣੇ ਅੰਦਰਲੀ ਭੜਾਸ ਦੀ ਨਿਕਾਸੀ ਗੁੱਸੇ, ਰੋਣ, ਉਦਾਸੀ ਜਾਂ ਲੜਨ-ਝਗੜਨ ਦੇ ਰੂਪ ਵਿਚ ਕਰਨ ਲਗਦਾ ਹੈ। ਦੋਵਾਂ ਤਰ੍ਹਾਂ ਦੀਆਂ ਭਾਵਨਾਵਾਂ ਵਿਚਲੀ ਉਤੇਜਨਾ ਦੇ ਚਲਦਿਆਂ ਵੀ ਉਤੇਜਿਤ ਨਾ ਹੋ ਕੇ ਇਨ੍ਹਾਂ ਦਾ ਕਥਾਰਸਿਜ਼ ਕਾਗਜ਼ ਦੇ ਪੰਨਿਆਂ 'ਤੇ ਕਰਨ ਦਾ ਹੁਨਰ ਹੀ ਆਮ ਬੰਦੇ ਨੂੰ ਲੇਖਕ ਕਹਾਉਣ ਦਾ ਹੱਕ ਦਿੰਦੈ। ਬਸ ਇਹੀ ਸੂਖਮ ਜਿਹਾ ਫਰਕ ਐ ਆਮ ਬੰਦੇ ਤੇ ਲੇਖਕ ਵਿਚ। ਲੇਖਕ ਅੰਦਰ ਭਾਵਨਾਵਾਂ ਆਮ ਬੰਦੇ ਵਾਲੀਆਂ ਹੀ ਹੁੰਦੀਆਂ ਹਨ ਪਰ ਉਨ੍ਹਾਂ ਦੀ ਨਿਕਾਸੀ ਦਾ ਢੰਗ ਥੋੜ੍ਹਾ ਵੱਖਰਾ ਹੁੰਦੈ। ਲੇਖਕ ਵੱਲੋਂ ਆਪਣੇ ਅੰਦਰਲੀਆਂ ਭਾਵਨਾਵਾਂ ਦੀ ਕੀਤੀ ਨਿਕਾਸੀ ਲਿਖਤਾਂ ਬਣ ਜਾਂਦੀ ਹੈ ਤੇ ਆਮ ਬੰਦੇ ਵੱਲੋਂ ਕੀਤੀ ਨਿਕਾਸੀ ਆਮ ਗੱਲਾਂ।

ਦੁੱਖਾਂ ਦਾ ਦਰਿਆ ਪਾਰ ਕੀਤੇ ਬਗੈਰ ਕਿਸੇ ਲੇਖਕ ਦੀਆਂ ਲਿਖਤਾਂ ਵਿਚ ਗਹਿਰਾਈ ਨਹੀਂ ਆ ਸਕਦੀ ਤੇ ਇਹ ਗਹਿਰਾਈ ਹੀ ਉਸ ਨੂੰ ਲੋਕਾਈ ਦੇ ਦੁੱਖਾਂ-ਦਰਦਾਂ ਨੂੰ ਆਪਣਾ ਦੁੱਖ-ਦਰਦ ਸਮਝ ਕੇ ਲਿਖਤਾਂ ਵਿਚ ਢਾਲਣ ਦੇ ਸਮਰੱਥ ਬਣਾਉਂਦੀ ਹੈ। ਤਣਾਓ ਲੇਖਕ ਦੀ ਲਿਖਤ ਦੀ ਉਮਰ ਵਧਾਉਂਦੈ। ਤਣਾਓ-ਰਹਿਤ ਲਿਖਤ ਛੇਤੀ ਪਾਠਕਾਂ ਦੇ ਚੇਤਿਆਂ 'ਚੋਂ ਮਨਫੀ ਹੋ ਜਾਂਦੀ ਹੈ। ਇਸ ਲਈ ਜਿਹੜਾ ਲੇਖਕ ਆਪ ਕਦੇ ਤਣਾਓ ਤੇ ਅੰਤਰ-ਦਵੰਦ ਦੀਆਂ ਸਿਖਰਲੀਆਂ ਅਵਸਥਾਵਾਂ 'ਚੋਂ ਨਹੀਂ ਲੰਘਿਆ ਹੁੰਦਾ, ਉਹ ਦੂਜਿਆਂ ਦੇ ਜੀਵਨ ਵਿਚਲੇ ਤਣਾਓ ਦੀ ਸ਼ਿੱਦਤ-ਬਿਆਨੀ ਵੀ ਨਹੀਂ ਕਰ ਸਕਦਾ। ਜ਼ਰੂਰੀ ਨਹੀਂ ਕਿ ਲੇਖਕ ਹਰ ਲਿਖਤ ਲਿਖਦਿਆਂ ਖੁਦ ਵੀ ਤਣਾਅ ਦੀ ਸਥਿਤੀ ਵਿਚ ਹੋਵੇ, ਪਰ ਇਹ ਜ਼ਰੂਰੀ ਹੈ ਕਿ ਉਹ ਆਪਣੇ ਜੀਵਨ-ਕਾਲ ਵਿਚ ਤਣਾਓ ਵਿਚੋਂ ਲੰਘਿਆ ਜ਼ਰੂਰ ਹੋਵੇ। ਹੀਰ-ਰਾਂਝੇ ਦੇ ਪਿਆਰ ਕਿੱਸੇ ਵਿਚਲਾ ਸਿਖਰਲਾ ਤਣਾਓ ਇਸ ਪਿਆਰ-ਗਾਥਾ ਨੂੰ ਅਮਰ ਬਣਾਉਂਦੈ। ਜੇ ਵਾਰਸ ਸ਼ਾਹ ਨੇ ਭਾਗਭਰੀ ਨਾਲ ਕੀਤੇ ਇਸ਼ਕ ਦਾ ਤਣਾਓ ਨਾ ਭੋਗਿਆ ਹੁੰਦਾ, ਤਾਂ ਕਿੱਥੇ ਹੀਰ ਵਰਗਾ ਅਮਰ ਕਿੱਸਾ ਲਿਖਿਆ ਜਾਣਾ ਸੀ। ਤਣਾਓ ਆਮ ਬੰਦੇ ਨੂੰ ਨਿਰਾਸ਼ ਕਰਦੈ, ਪਰ ਲੇਖਕ ਨੂੰ ਸਿਰਜਕ ਬਣਾਉਂਦੈ।

ਜਦੋਂ ਕੋਈ ਲੇਖਕ ਆਪਣੀ ਕਿਸੇ ਕਿਤਾਬ ਵਿਚ ਇਹ ਲਿਖਦੈ ਕਿ ਇਸ ਪੁਸਤਕ ਵਿਚਲੇ ਸਾਰੇ ਪਾਤਰ ਤੇ ਘਟਨਾਵਾਂ ਕਲਪਿਤ ਨੇ, ਤਾਂ ਅਜਿਹਾ ਸਿਰਫ ਕਾਨੂੰਨੀ ਮੁਕੱਦਮਿਆਂ ਤੋਂ ਬਚਣ ਲਈ ਹੀ ਕਰ ਰਿਹਾ ਹੁੰਦਾ ਹੈ। ਜੇ ਇਹ ਪਾਤਰ ਸੱਚਮੁੱਚ ਹੀ ਕਲਪਿਤ ਹੋਣ ਤਾਂ ਫਿਰ ਲੇਖਕ ਨੂੰ ਸਫਾਈਆਂ ਦੇਣ ਦੀ ਕੀ ਲੋੜ ਹੈ? ਮੇਰਾ ਦਾਅਵਾ ਹੈ ਕਿ ਕਿਸੇ ਵੀ ਨਾਵਲ ਜਾਂ ਕਹਾਣੀ ਦੇ ਨਾ ਤਾਂ ਪਾਤਰ ਕਲਪਿਤ ਹੁੰਦੇ ਹਨ ਤੇ ਨਾ ਹੀ ਘਟਨਾਵਾਂ। ਲੇਖਕ ਆਪ ਵੀ ਰਚਨਾ ਦਾ ਪਾਤਰ ਹੁੰਦਾ ਹੈ। ਉਸਦੇ ਸਮਾਜਿਕ ਚੁਗਿਰਦੇ ਦੇ ਲੋਕ ਵੀ ਉਸ ਦੀਆਂ ਲਿਖਤਾਂ ਦੇ ਪਾਤਰ ਬਣਦੇ ਹਨ। ਆਮ ਬੰਦੇ ਅੰਦਰ ਵੀ ਬਹੁਤ ਸਾਰੀਆਂ ਕਹਾਣੀਆਂ ਤੇ ਨਾਵਲ ਹੁੰਦੇ ਹਨ ਪਰ ਉਹ ਲਿਖਤ ਵਿਚ ਅਜਿਹਾ ਕਲਾਤਮਕ ਓਹਲਾ ਨਹੀਂ ਰੱਖ ਸਕਦਾ ਕਿ ਉਸਦੇ ਅਸਲ ਪਾਤਰ ਪਛਾਣੇ ਹੀ ਨਾ ਜਾਣ। ਕਈ ਲੇਖਕ ਵੀ ਆਪਣੀਆਂ ਲਿਖਤਾਂ ਵਿਚ ਪਾਤਰਾਂ ਦੀ ਪਛਾਣ ਲੁਕਾ ਕੇ ਨਹੀਂ ਸੀ ਰੱਖ ਸਕਦੇ, ਇਸ ਲਈ ਇਹ ਪਛਾਣ ਜੱਗ ਜ਼ਾਹਰ ਹੋ ਜਾਣ 'ਤੇ ਉਨ੍ਹਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ, ਤੇ ਉਲਾਂਭੇ ਵੀ ਲੈਣੇ ਪੈਂਦੇ ਨੇ ਪਰ ਨਿਰੰਤਰ ਅਭਿਆਸ ਨਾਲ ਉਹ ਆਪਣੇ ਪਾਤਰਾਂ ਦੀ ਅਸਲ ਪਛਾਣ ਛੁਪਾਉਣ ਵਿਚ ਮਾਹਿਰ ਹੋ ਜਾਂਦੇ ਹਨ।

ਲੇਖਕ ਬਣਨ ਦਾ ਅਧਿਕਾਰ ਰਾਖਵਾਂ, ਪਿਤਾ-ਪੁਰਖੀ ਨਹੀਂ ਹੁੰਦਾ, ਕੋਈ ਵੀ ਸੰਵੇਦਨਸ਼ੀਲ ਆਮ ਬੰਦਾ ਲੇਖਕ ਬਣਨ ਦੀ ਦ੍ਰਿੜ ਇੱਛਾ-ਸ਼ਕਤੀ ਤੇ ਨਿਰੰਤਰ ਅਭਿਆਸ ਨਾਲ ਆਪਣੀ ਇੱਛਾ ਪੂਰੀ ਕਰ ਸਕਦਾ ਹੈ। ਲੇਖਕ ਬਣਨ ਲਈ ਨਾ ਤਾਂ ਵੱਡੀਆਂ ਡਿਗਰੀਆਂ ਦੀ ਲੋੜ ਹੈ ਤੇ ਹੀ ਵੱਡੇ ਰੁਤਬੇ ਦੀ, ਜੇ ਲੋੜ ਹੈ ਤਾਂ ਲੇਖਕ ਵਜੋਂ ਆਪਣੀ ਹੋਂਦ ਸਥਾਪਿਤ ਕਰਨ ਦੀ ਇੱਛਾ-ਸ਼ਕਤੀ ਤੇ ਨਿਰੰਤਰ ਅਭਿਆਸ ਦੀ। ਚੰਗੇ ਪਾਠਕ ਬਣਨ ਦੀ ਤੇ ਆਪਣੇ ਸਮੇਂ ਦੀ ਠੀਕ ਵਿਉਂਤਬੰਦੀ ਕਰਨ ਦੀ। ਹਰ ਲੇਖਕ ਸਿਖਾਂਦਰੂ, ਨਵੇਂ ਲੇਖਕ, ਚਰਚਿਤ ਲੇਖਕ ਦੇ ਵੱਖਰੇ-ਵੱਖਰੇ ਪੜਾਅ ਕਰਕੇ ਹੀ ਸਥਾਪਿਤ ਲੇਖਕ ਕਹਾਉਣ ਦੇ ਮੁਕਾਮ ਤੱਕ ਪਹੁੰਚਦੈ, ਇਸ ਲਈ ਲੇਖਕ ਬਣੇ ਰਹਿਣ ਲਈ ਨਿਰੰਤਰ ਸਬਰ ਦੀ ਵੀ ਲੋੜ ਹੁੰਦੀ ਹੈ। ਕਾਲਜ ਪੜ੍ਹਦਿਆਂ ਹਰ ਮੁੰਡਾ-ਕੁੜੀ ਆਪਣੀਆਂ ਕਾਪੀਆਂ 'ਤੇ ਸ਼ੇਅਰ ਲਿਖ-ਲਿਖ ਕੇ ਲੇਖਕ ਬਣਨ ਦਾ ਮੁੱਢਲਾ ਅਭਿਆਸ ਕਰਦੇ ਨੇ, ਪਰ ਲੇਖਕ ਬਣੇ ਰਹਿਣ ਲਈ ਮਿਹਨਤ ਤੇ ਨਿਰੰਤਰ ਅਭਿਆਸ ਕਰਨ ਵਾਲਾ ਵਿਦਿਆਰਥੀ ਹਜ਼ਾਰਾਂ ਵਿਚ ਮਸਾਂ ਇਕ ਹੀ ਨਿਕਲਦੈ। ਲੇਖਕ ਬਣਨਾ ਕੋਈ ਔਖਾ ਕੰਮ ਨਹੀਂ, ਪਰ ਲੇਖਕ ਵਜੋਂ ਸਮਾਜ ਵਿਚ ਆਪਣੀ ਪਛਾਣ ਬਣਾਉਣਾ ਐਡਾ ਸੌਖਾ ਵੀ ਨਹੀਂ ਹੈ। ਪੰਜਾਬੀ ਭਾਸ਼ਾ ਦੇ ਸਾਹਿਤ ਵਿਚ ਆਪਣੀ ਪਛਾਣ ਬਣਾਉਣ ਲਈ ਲੇਖਕਾਂ ਨੂੰ ਕਈ ਵਾਰ ਘਰ ਫੂਕ ਕੇ ਵੀ ਤਮਾਸ਼ਾ ਵੇਖਣਾ ਪੈਂਦਾ ਹੈ। ਇਸ ਲਈ ਸਾਹਿਤ ਦੇ ਖੇਤਰ ਵਿਚ ਵਿਚ ਆਉਣਾ ਹੈ ਤਾਂ ਪੱਕੇ ਪੈਰੀਂ ਆਓ...ਤੁਹਾਡਾ ਸੁਆਗਤ ਹੈ।

# ਇਹ ਸਭ ਵਿਗੜੇ ਹੋਏ ਮੁੰਡੇ ਕੁੜੀਆਂ ਸਨ

## ਮਿਰਜ਼ਾ ਸਾਹਿਬਾਂ-1

***ਸ. ਕਰਮ ਸਿੰਘ ਹਿਸਟੋਰੀਅਨ ਦਾ ਇਨ੍ਹਾਂ ਆਸ਼ਕਾਂ ਬਾਰੇ ਆਮ ਰਵਾਇਤ ਤੋਂ ਹਟ ਕੇ ਵੱਖਰਾ ਨਜ਼ਰੀਆ ਹੈ। ਪਾਠਕਾਂ ਦੀ ਦਿਲਚਸਪੀ ਲਈ ਉਨ੍ਹਾਂ ਦੀ ਇਕ ਪੁਰਾਣੀ ਲਿਖਤ ਪੇਸ਼ ਹੈ।***

ਕਰਮ ਸਿੰਘ ਹਿਸਟੋਰੀਅਨ

### ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

ਸਾਡਾ ਇਹ ਸੁਭਾਵ ਹੈ ਕਿ ਅਸੀਂ ਬੁਰਾਈ ਵਲ ਛੇਤੀ ਝੁਕ ਪੈਂਦੇ ਹਾਂ ਤੇ ਚੰਗਿਆਈ ਸਾਨੂੰ ਅਲੂਣੀ ਸਿਲ ਜਾਪਦੀ ਹੈ। ਸੰਸਾਰ ਵਿਚ ਚੰਗੇ ਮੁੰਡੇ-ਕੁੜੀਆਂ ਵੀ ਹੋਏ ਹਨ, ਪਰ ਲੋਕਾਂ ਨੇ ਉਨ੍ਹਾਂ ਦੇ ਨਾਮ ਯਾਦ ਨਹੀਂ ਰੱਖੇ। ਜਿਹੜੇ ਗੰਦੇ ਕੁੜੀਆਂ-ਮੁੰਡੇ ਹੋਏ ਹਨ, ਉਹ ਲੋਕਾਂ ਨੂੰ ਅੱਜ ਤੀਕ ਯਾਦ ਹਨ ਅਤੇ ਕਵੀਆਂ ਨੇ ਲੋਕਾਂ ਦੀ ਇਸ ਮੰਦ-ਵਾਸ਼ਨਾ ਨੂੰ ਪੂਰਾ ਕਰਨ ਲਈ ਗੰਦਿਆਂ ਦੀਆਂ ਮੰਦਿਆਈਆਂ ਉੱਤੇ ਐਸੀ ਪੋਚਾ-ਪਾਚੀ ਕੀਤੀ ਹੈ ਕਿ ਉਨ੍ਹਾਂ ਨੂੰ ਪ੍ਰੇਮ ਦੇ ਪੁਤਲੇ ਬਣਾ ਕੇ ਉਨ੍ਹਾਂ ਨੂੰ ਪੂਜਣ ਦੀ ਥਾਂ ਬਣਾ ਦਿੱਤੀ ਹੈ।

ਸਿੱਧੀ ਮੋਟੀ ਬੋਲੀ ਵਿਚ ਹੀਰ ਤੇ ਰਾਂਝਾ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ, ਇਹ ਸਭ ਵਿਗੜੇ ਹੋਏ ਮੁੰਡੇ ਕੁੜੀਆਂ ਸਨ, ਜਿਨ੍ਹਾਂ ਆਪਣੇ ਮਾਪਿਆਂ ਤੇ ਕੌਮ ਦੀ ਇੱਜ਼ਤ ਦਾ ਖ਼ਿਆਲ ਨਾ ਕਰਕੇ ਉਹ ਕੰਮ ਕੀਤੇ, ਜਿਨ੍ਹਾਂ ਨੂੰ ਲੋਕੀਂ ਚੰਗਾ ਨਹੀਂ ਸਮਝਦੇ ਸਨ। ਪਰ ਹੌਲੀ-ਹੌਲੀ ਲੋਕਾਂ ਨੇ ਉਨ੍ਹਾਂ ਦੇ ਔਗੁਣਾਂ ਨੂੰ ਗੁਣ ਬਣਾ ਦਿੱਤਾ ਤੇ ਲੋਕ ਇਨ੍ਹਾਂ ਮੁੰਡੇ-ਕੁੜੀਆਂ ਨੂੰ ਪ੍ਰੇਮ ਦੇ ਆਦਰਸ਼ ਸਮਝਣ ਲੱਗ ਪਏ। ਪ੍ਰੇਮ ਆਪਣਿਆਂ ਨਾਲ ਹੁੰਦਾ ਹੈ, ਬਿਗਾਨਿਆਂ ਨਾਲ ਪ੍ਰੇਮ ਦੇ ਕੀ ਅਰਥ?

ਇਸ ਸੰਸਾਰ ਵਿਚ ਐਸੀਆਂ ਗੱਲਾਂ ਰੋਜ਼ ਹੁੰਦੀਆਂ ਹਨ ਪਰ ਜੋ ਗੱਲ ਲੋਕਾਂ ਦੇ ਮੂੰਹ ਚੜ੍ਹ ਗਈ ਤੇ ਕਵੀਆਂ ਦੇ ਕਾਬੂ ਆ ਗਈ, ਉਹ ਅਸਲੋਂ ਬੇ-ਅਸਲ ਹੋ ਕੇ ਕੁਝ ਦੀ ਕੁਝ ਹੋ ਜਾਂਦੀ ਹੈ। ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਦੀਆਂ ਗੱਲਾਂ ਅਜੇ ਕੱਲ੍ਹ ਦੀਆਂ ਗੱਲਾਂ ਹਨ। ਇਨ੍ਹਾਂ ਨੂੰ ਹੋਇਆਂ ਅਜੇ ਦੋ ਸੌ ਸਾਲ ਵੀ ਨਹੀਂ ਹੋਏ, ਪਰ ਲੋਕਾਂ ਨੇ ਖੰਭਾਂ ਦੀਆਂ ਡਾਰਾਂ ਬਣਾ ਦਿੱਤੀਆਂ ਹਨ।

ਗੁਜਰਾਤ ਦੇ ਵਸਨੀਕ ਗਣੇਸ਼ ਦਾਸ ਜੀ ਹੋਏ ਹਨ ਜਿਨ੍ਹਾਂ ਨੇ 'ਚਹਾਰ ਬਾਗ ਪੰਜਾਬ' ਨਾਮੇ ਇਕ ਤਵਾਰੀਖ ਲਿਖੀ ਸੀ। ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਤੋਂ ਕੇਵਲ ਸੱਤਰ ਅੱਸੀ ਸਾਲ ਪਿੱਛੋਂ ਹੀ ਗਣੇਸ਼ ਦਾਸ ਜੀ ਹੋਏ ਹਨ। ਭਾਵੇਂ ਇਨ੍ਹਾਂ ਦੇ ਸਮੇਂ ਵੀ ਲੋਕਾਂ ਨੇ ਅਸਲ ਗੱਲ ਨੂੰ ਵਧਾ-ਘਟਾ ਛੱਡਿਆ ਸੀ ਪਰ ਤਦ ਵੀ ਇਨ੍ਹਾਂ ਦੀ ਲਿਖਤ ਬਹੁਤ ਕੁਝ ਸੱਚ ਦੇ ਲਾਗੇ-ਚਾਗੇ ਹੈ। ਮੈਂ ਇਨ੍ਹਾਂ ਦੇ ਆਧਾਰ 'ਤੇ ਹੀ ਸੰਖੇਪ ਜਿਹੇ ਹਾਲ ਲਿਖਦਾਂ ਹਾਂ:

ਸੋਹਣੀ ਮਹੀਂਵਾਲ ਦੀ ਘਟਨਾ ਸੰਮਤ 1789 (1732 ਈਸਵੀ) ਵਿਚ ਹੋਈ ਹੈ ਜਿਸ ਸਾਲ ਕਿ ਭਾਈ ਤਾਰਾ ਸਿੰਘ ਜੀ ਵਾਂਈਏ ਸ਼ਹੀਦ ਹੋਏ ਹਨ। ਇਸ ਤੋਂ ਕੁਝ ਸਾਲ ਮਗਰੋਂ ਮਿਰਜ਼ਾ-ਸਾਹਿਬਾਂ ਦੀ ਘਟਨਾ ਹੋਈ ਹੈ। ਇਹ ਉਹ ਸਮਾਂ ਸੀ, ਜਦ ਕਿ ਦਿੱਲੀ ਦੇ ਤਖ਼ਤ ਉੱਤੇ ਮੁਹੰਮਦ ਸ਼ਾਹ ਸੀ ਅਤੇ ਲਾਹੌਰ ਦਾ ਸੂਬਾ ਖ਼ਾਨ ਬਹਾਦਰ ਸੀ, ਜੋ ਸਿੱਖਾਂ ਨੂੰ ਥਾਂ-ਥਾਂ ਮਾਰਦਾ ਤੇ ਕਤਲ ਕਰੀ ਜਾਂਦਾ ਸੀ ਅਤੇ ਸਿੱਖ ਪੰਜਾਬ ਨੂੰ ਛੱਡ ਕੇ ਪ੍ਰਦੇਸਾਂ ਵਿਚ ਦਿਨ ਬਤੀਤ ਕਰ ਰਹੇ ਸਨ।

ਸਿਆਲ ਤੇ ਖਰਲ ਦੋ ਪ੍ਰਸਿੱਧ ਗੋਤਾਂ ਹਨ, ਜੋ ਮੁਗਲਾਂ ਦੇ ਸਮੇਂ ਸੁਤੰਤਰ ਜੀਵਨ ਬਤੀਤ ਕਰਦੇ ਅਤੇ ਆਪਣੇ ਕਬੀਲਿਆਂ ਨਾਲ ਖੁੱਲ੍ਹ-ਖੁਲਾਸੇ ਰਿਹਾ ਕਰਦੇ ਸਨ। ਇਨ੍ਹਾਂ ਦੀ ਰਹਿਤ-ਬਹਿਤ ਅੱਜ ਤੀਕ ਖੁਲਾਸੀ ਹੈ। ਸ਼ਾਦੀਆਂ ਵੱਡੀਆਂ ਉਮਰਾਂ ਵਿਚ ਹੁੰਦੀਆਂ ਸਨ ਅਤੇ ਅਠਾਰ੍ਹਾਂ-ਵੀਹ ਵਰ੍ਹੇ ਦੇ ਕੁਆਰੇ ਮੁੰਡੇ ਕੁੜੀਆਂ ਇੱਕਠੇ ਖੇਡਦੇ-ਮੱਲਦੇ ਤੇ ਖੁੱਲ੍ਹੇ-ਖੁਲਾਸੇ ਰਿਹਾ ਕਰਦੇ ਸਨ।

ਖੀਵੇ ਸਿਆਲ ਨੇ ਇੱਕ ਪਿੰਡ ਵਸਾਇਆ ਸੀ ਜੋ ਹੌਲੀ-ਹੌਲੀ ਚੰਗਾ ਤਕੜਾ ਪਿੰਡ ਹੋ ਗਿਆ। ਇਸ ਨੂੰ ਲੋਕੀਂ ਸਿਆਲਾਂ ਦਾ ਖੀਵਾ ਆਖਦੇ ਹਨ। ਸਮੇਂ ਦੇ ਰਿਵਾਜ ਅਨੁਸਾਰ ਇਥੇ ਇਕ ਮਸੀਤ ਵੀ ਸੀ, ਜਿਸ ਵਿਚ ਪਿੰਡ ਦੇ ਮੁੰਡੇ ਕੁੜੀਆਂ ਇੱਕਠੇ ਪੜ੍ਹਿਆ ਕਰਦੇ ਸਨ। ਇਸ ਖੀਵੇ ਦੇ ਦੋ ਪੁੱਤਰ, ਖਾਨ ਸੁਮੀਰ ਅਤੇ ਖਾਨ ਅਮੀਰ ਸਨ ਅਤੇ ਬੀਬੀ ਸੀ ਜਿਸ ਦਾ ਨਾਮ ਸਾਹਿਬਾਂ ਸੀ। ਸਮੇਂ ਦੇ ਰਿਵਾਜ ਅਨੁਸਾਰ ਇਹ ਸਾਹਿਬਾਂ ਵੀ ਆਪਣੇ ਪਿੰਡ ਦੀ ਮਸੀਤ ਵਿਚ ਪੜ੍ਹਨ ਜਾਇਆ ਕਰਦੀ ਸੀ।


ਰਾਵੀ ਦਰਿਆ ਦੇ ਕੰਢੇ ਫਰੀਦਾਬਾਦ ਇਕ ਪ੍ਰਸਿੱਧ ਕਸਬਾ ਹੈ। ਇਹ ਪੁਰਾਣੀ ਬਸਤੀ ਹੈ। ਜਿਸ ਸਮੇਂ ਪਹਿਲਾਂ-ਪਹਿਲ ਬੰਦਾ ਬਹਾਦਰ ਦੜਕਿਆ ਅਤੇ ਖ਼ਾਲਸੇ ਨੇ ਵਜ਼ੀਰ ਖਾਂ ਨੂੰ ਮਾਰ ਕੇ ਸਰਹੰਦ ਨੂੰ ਸੋਧਿਆ ਤੇ ਸਾਹਿਬਜ਼ਾਦਿਆਂ ਦੇ ਬਦਲੇ ਲਏ, ਉਸ ਸਮੇਂ ਲਾਹੌਰ ਦਾ ਹਾਕਮ ਅਸਲਮ ਖਾਂ ਸੀ ਅਤੇ ਫਰੀਦਾਬਾਦ ਦਾ ਚੌਧਰੀ ਨਜੀਬ ਖਾਂ ਖਰਲ ਇਸ ਪਾਸ ਨੌਕਰ ਸੀ। ਪਹਿਲਾਂ ਤਾਂ ਅਸਲਮ ਖਾਂ ਡਰ ਦਾ ਮਾਰਿਆ ਲਾਹੌਰ ਦੜ ਵੱਟੀ ਪਿਆ ਰਿਹਾ ਪਰ ਜਦ ਬਹਾਦਰ ਸ਼ਾਹ ਪਾਤਸ਼ਾਹ ਫੌਜਾਂ ਲੈ ਕੇ ਪੰਜਾਬ ਵੱਲ ਵਧਿਆ ਤਾਂ ਲਾਹੌਰ ਦੇ ਮੁਸਲਮਾਨਾਂ ਨੂੰ ਵੀ ਸੁਰਤ ਆ ਗਈ ਅਤੇ ਉਨ੍ਹਾਂ ਨੇ ਖ਼ਾਲਸੇ ਨਾਲ ਲੜਾਈ ਕਰਨ ਲਈ ਹੈਦਰੀ ਝੰਡਾ ਕੱਢਿਆ। ਉਸ ਸਮੇਂ ਅਸਲਮ ਖਾਂ ਨੇ ਪੰਜ ਸੌ ਪਿਆਦਾ ਦੇ ਕੇ ਇਸੇ ਨਜੀਬ ਖਾਂ ਖਰਲ ਨੂੰ ਗਾਜ਼ੀਆਂ ਨਾਲ ਤੋਰਿਆ ਸੀ।

ਇਸ ਸਮੇਂ ਤੋਂ ਦੋ ਚਾਰ ਸਾਲ ਮਗਰੋਂ ਨਜੀਬ ਖਾਂ ਦੇ ਘਰ ਪੁੱਤਰ ਹੋਇਆ, ਜਿਸ ਦਾ ਨਾਮ ਮਿਰਜ਼ਾ ਰੱਖਿਆ ਗਿਆ। ਜਦ ਇਹ ਕੁਝ ਵੱਡਾ ਹੋਇਆ ਤਾਂ ਇਸ ਦੀ ਮਾਸੀ ਇਸ ਨੂੰ ਪੜ੍ਹਾਉਣ ਲਈ ਆਪਣੇ ਪਿੰਡ ਖੀਵੇ (ਸਿਆਲਾਂ ਦੇ) ਲੈ ਗਈ। ਇਹ ਉਸੇ ਮਸੀਤ ਵਿਚ ਪੜ੍ਹਨ ਲੱਗ ਗਿਆ ਜਿਥੇ ਪਿੰਡ ਦੇ ਚੌਧਰੀ ਦੀ ਬੀਬੀ ਸਾਹਿਬਾਂ ਪੜ੍ਹਿਆ ਕਰਦੀ ਸੀ।

ਦੋਵੇਂ ਹੀ ਹੁੰਦਲ-ਹੇੜ ਤੇ ਸੋਹਣੇ ਸਨ। ਇੱਕਠੇ ਪੜ੍ਹਦੇ, ਇੱਕਠੇ ਹੀ ਖੇਡਦੇ। ਸਮਾਂ ਹੀ ਐਸਾ ਸੀ, ਪੁੰਨ-ਪਾਪ ਦਾ ਕੋਈ ਖ਼ਿਆਲ ਨਹੀਂ ਸੀ, ਦੋਹਾਂ ਵਿਚ ਪਿਆਰ ਸੀ ਅਤੇ ਦੋਵੇਂ ਇਕ ਦੂਜੇ ਦੇ ਘਰ ਆਉਂਦੇ ਜਾਂਦੇ ਸਨ।

ਜਦ ਮਿਰਜ਼ਾ ਕੁਝ ਵੱਡਾ ਹੋ ਗਿਆ ਤਾਂ ਇਸ ਦੇ ਮਾਪਿਆਂ ਨੇ ਇਸ ਨੂੰ ਫਰੀਦਾਬਾਦ ਸਦਵਾ ਲਿਆ। ਹੌਲੀ-ਹੌਲੀ ਇਹ ਜਵਾਨ ਹੋ ਗਿਆ ਅਤੇ ਸਮੇਂ ਦੇ ਰਿਵਾਜ ਅਨੁਸਾਰ ਘੋੜੇ ਦੀ ਸਵਾਰੀ ਤੇ ਤੀਰ ਚਲਾਉਣ ਦਾ ਹੁਨਰ ਚੰਗੀ ਤਰ੍ਹਾਂ ਸਿੱਖ ਗਿਆ। ਉਹ ਸਮੇਂ ਮਾਰਾਂ-ਧਾੜਾਂ ਦੇ ਸਨ ਅਤੇ ਹਰ ਇਕ ਗੱਭਰੂ ਸਵਾਰੀ ਤੇ ਤੀਰ ਚਲਾਉਣ ਦਾ ਚੰਗਾ ਜਾਣੂ ਹੋਇਆ ਕਰਦਾ ਸੀ। ਭਾਵੇਂ ਮੁਗਲਾਂ ਦੀਆਂ ਫੌਜਾਂ ਵਿਚ ਤੋੜੇਦਾਰ ਬੰਦੂਕਾਂ ਦਾ ਰਿਵਾਜ ਸੀ, ਪਰ ਪਿੰਡਾਂ ਵਿਚ ਬੰਦੂਕ ਨੂੰ ਕੋਈ ਨਹੀਂ ਜਾਣਦਾ ਸੀ। ਇਨ੍ਹਾਂ ਦਾ ਵੱਡਾ ਹਥਿਆਰ ਤੀਰ ਕਮਾਨ ਸੀ ਅਤੇ ਇਸ ਤੋਂ ਉਪਰ ਸਨ ਸੇਲਾ, ਭਾਲਾ ਅਤੇ ਤਲਵਾਰ।

ਹੁਣ ਮਿਰਜ਼ਾ ਭਰਵਾਂ ਜਵਾਨ ਸੀ। ਇਕ ਦਿਨ ਮੰਗਤਾ ਜੋ ਪਿੰਡੋ-ਪਿੰਡ ਮੰਗਦਾ ਫਿਰਦਾ ਸੀ, ਫਰੀਦਾਬਾਦ ਪੁੱਜਾ। ਇਹ ਆਪਣੇ ਆਪ ਨੂੰ ਪੀਰ ਅਖਵਾਉਂਦਾ ਸੀ। ਸਮੇਂ ਦੇ ਰਿਵਾਜ਼ ਅਨੁਸਾਰ ਪਿੰਡ ਦੇ ਆਦਮੀ ਤਕੀਏ ਵਿਚ ਇੱਕਠੇ ਹੋਏ ਅਤੇ ਇਸ



ਨਵੇਂ ਆਏ ਸੈਲਾਨੀ ਦੀਆਂ ਗੱਲਾਂ ਸੁਣਨ ਲੱਗੇ। ਇਸ ਨੇ ਸਾਹਿਬਾਂ ਦੀ ਜੁਆਨੀ ਤੇ ਹੁਸਨ ਦੀ ਬੜੀ ਉਪਮਾ ਕੀਤੀ ਅਤੇ ਮੰਗਦਾ-ਖਾਂਦਾ ਅੱਗੇ ਨੂੰ ਚਲਿਆ ਗਿਆ।

ਮਿਰਜ਼ੇ ਨੂੰ ਆਪਣੀ ਬਾਲੀ ਉਮਰ ਦੀਆਂ ਗੱਲਾਂ ਚੇਤੇ ਆ ਗਈਆਂ। ਉਹ ਆਪਣੀ ਘੋੜੀ ਉੱਤੇ ਸਵਾਰ ਹੋਇਆ ਅਤੇ ਰਵਾਂ ਰਵੀਂ ਪਿੰਡ ਆਪਣੀ ਮਾਸੀ ਪਾਸ ਚਲਿਆ ਗਿਆ। ਮਾਸੀ ਨੂੰ ਆਪਣੇ ਦਿਲ ਦੀ ਸਾਰੀ ਗੱਲ ਦੱਸੀ, ਜਿਸ ਨੇ ਸਾਰੀਆਂ ਗੱਲਾਂ ਸਾਹਿਬਾਂ ਦੇ ਕੰਨੀਂ ਪਾਈਆਂ। ਉਸ ਨੂੰ ਵੀ ਆਪਣੀ ਛੋਟੀ ਉਮਰ ਦੀਆਂ ਗੱਲਾਂ ਚੇਤੇ ਆ ਗਈਆਂ ਤੇ ਮਿਰਜ਼ੇ ਨੂੰ ਵੇਖ ਕੇ ਉਹ ਵੀ ਪਿਆਰ ਕਰਨ ਲੱਗ ਗਈ।

ਭਾਵੇਂ ਕੋਈ ਪੜਦਾ ਤਾਂ ਨਹੀਂ ਸੀ, ਪਰ ਤਦ ਵੀ ਇਕ ਜਵਾਨ ਕੁੜੀ ਦਾ ਇਕ ਓਪਰੇ ਜਵਾਨ ਮੁੰਡੇ ਨੂੰ ਹਨੇਰੇ-ਸਵੇਰੇ ਇਕਾਂਤ ਵਿਚ ਮਿਲਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਕ ਦਿਨ ਮਿਰਜ਼ੇ ਦੀ ਮਾਸੀ ਨੇ ਸਾਹਿਬਾਂ ਦੀ ਮਾਂ ਨੂੰ ਜਾ ਕੇ ਆਖਿਆ ਕਿ ਕੁੜੀ ਬੀਮਾਰ ਜੇਹੀ ਰਹਿੰਦੀ ਹੈ, ਜੇਕਰ ਤੂੰ ਇਸ ਨੂੰ ਮੇਰੇ ਸਪੁਰਦ ਕਰ ਦੇਵੇਂ ਤਾਂ ਮੈਂ ਇਸ ਦਾ ਦਵਾ-ਦਾਰੂ ਕਰਾਂ, ਜ਼ਰੂਰ ਰਾਜ਼ੀ ਹੋ ਜਾਊ। ਸਾਹਿਬਾਂ ਦੀ ਮਾਂ ਨੇ ਕਿਹਾ, 'ਕੀ ਡਰ ਹੈ, ਤੁਹਾਡੀ ਹੀ ਧੀ ਹੈ। ਆਪਣੇ ਘਰ ਲੈ ਜਾਓ ਤੇ ਦਵਾ-ਦਾਰੂ ਕਰੋ।'

ਇਸ ਤਰ੍ਹਾਂ ਮਿਰਜ਼ਾ ਤੇ ਸਾਹਿਬਾਂ ਇੱਕਠੇ ਹੋ ਗਏ ਅਤੇ ਆਪੋ ਵਿਚ ਇਨ੍ਹਾਂ ਦਾ ਪਿਆਰ ਵਧ ਗਿਆ, ਪਰ ਮਾਲੂਮ ਹੁੰਦਾ ਹੈ ਕਿ ਮਿਰਜ਼ਾ ਹੁਣ ਆਪਣੀ ਮਾਸੀ ਦੇ ਘਰ ਚੋਰਾਂ ਵਾਂਗ ਲੁਕ ਕੇ ਰਹਿੰਦਾ ਸੀ, ਨਸ਼ੰਗ ਹੋ ਕੇ ਨਹੀਂ ਰਹਿੰਦਾ ਸੀ।

ਇਕ ਦਿਨ ਸਾਹਿਬਾਂ ਦੇ ਕਿਸੇ ਨਜ਼ਦੀਕੀ ਨੇ ਇਨ੍ਹਾਂ ਦੋਹਾਂ ਨੂੰ ਪਿਆਰ ਕਰਦੇ ਵੇਖ ਲਿਆ। ਉਸ ਨੇ ਮਿਰਜ਼ੇ ਦੀ ਮਾਸੀ ਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਸਾਹਿਬਾਂ ਨੂੰ ਫੜ ਕੇ ਉਸ ਦੀ ਮਾਂ ਪਾਸ ਲੈ ਗਿਆ।

ਸਾਹਿਬਾਂ ਖੇਖਨ-ਹੱਥੀ ਰੋਣ ਲੱਗ ਪਈ ਤੇ ਕਹਿਣ ਲੱਗੀ ਕਿ ਇਸ ਸ਼ਰੀਕ ਨੇ ਮੈਨੂੰ ਝੂਠੀ ਊਜ ਲਾਈ ਹੈ, ਭਲਾ ਮੈਂ ਕਿਥੇ ਤੇ ਮਿਰਜ਼ਾ ਕਿਥੇ? ਭਾਲ ਕੀਤੀ ਤਾਂ ਮਿਰਜ਼ੇ ਦਾ ਕੁਝ ਥਹੁ ਨਾ ਲੱਗਾ, ਕਿਉਂ ਜੁ ਮਿਰਜ਼ਾ ਡਰਦਾ ਮਾਰਾ ਉਦੋਂ ਹੀ ਫਰੀਦਾਬਾਦ ਨੂੰ ਨੱਸ ਗਿਆ ਸੀ।

ਮਾਪਿਆਂ ਨੇ ਸੋਚਿਆ ਕਿ ਸਾਹਿਬਾਂ ਜਵਾਨ ਹੈ। ਇਸ ਦਾ ਕਿਤੇ ਨਿਕਾਹ ਕਰ ਦੇਣਾ ਚਾਹੀਦਾ ਹੈ। ਤਾਹਰ ਖਾਂ ਇੱਕ ਸਰਦਾਰ ਸੀ, ਇਸ ਦੀ ਮੰਗਣੀ ਕੀਤੀ ਗਈ ਤੇ ਨਿਕਾਹ ਦਾ ਦਿਨ ਵੀ ਮਿਥ ਦਿੱਤਾ। ਸਾਹਿਬਾਂ ਨੇ ਮਿਰਜ਼ੇ ਪਾਸ ਸੁਨੇਹਾ ਘਲਵਾਇਆ ਕਿ 'ਫਲਾਣੇ ਦਿਨ ਮੇਰਾ ਨਿਕਾਹ ਹੈ, ਜੇ ਹੋ ਸਕਦਾ ਹੈ ਤਾਂ ਮੈਨੂੰ ਆ ਕੇ ਲੈ ਜਾਵੇ।'

ਮਿਰਜ਼ਾ ਫਰੀਦਾਬਾਦੋਂ ਤੁਰਿਆ ਤੇ ਖੀਵੇ ਆ ਕੇ ਜਨੇਤੀਆਂ ਨਾਲ ਰਲ ਗਿਆ। ਥਾਂ ਥਾਂ ਦੇ ਆਦਮੀ, ਕਿਸੇ ਨੂੰ ਕੀ ਪਤਾ ਕਿ ਕੌਣ ਕਿਥੋਂ ਦਾ ਹੈ? ਮਿਰਜ਼ੇ ਨੇ ਸਾਹਿਬਾਂ ਪਾਸ ਸੁਨੇਹਾ ਭਿਜਵਾ ਦਿੱਤਾ ਕਿ ਉਹ ਲੈਣ ਆ ਗਿਆ ਹੈ। ਬੇਸ਼ਰਮ ਸਾਹਿਬਾਂ ਘਰੋਂ ਨਿਕਲੀ ਅਤੇ ਮਿਰਜ਼ੇ ਨੂੰ ਆ ਮਿਲੀ। ਪਿੰਡ ਵਿਚ ਤਾਂ ਚੁਤਰਫੀਂ ਜਨੇਤ ਦਾ ਰਾਮ-ਰੌਲਾ ਪਿਆ ਹੋਇਆ ਸੀ, ਮਿਰਜ਼ੇ ਨੇ ਸਾਹਿਬਾਂ ਨੂੰ ਆਪਣੇ ਪਿੱਛੇ ਘੋੜੇ ਉੱਤੇ ਸੁੱਟਿਆ ਅਤੇ ਫਰੀਦਾਬਾਦ ਨੂੰ ਵਗ ਤੁਰਿਆ। ਜਦ ਸਿਆਲਾਂ ਦੀ ਹੱਦ ਟੱਪ ਕੇ ਖਰਲਾਂ ਦੀ ਹੱਦ ਅੰਦਰ ਅੱਪੜ ਪਿਆ ਤਾਂ ਬੇ-ਫ਼ਿਕਰ ਹੋ ਕੇ ਖੜੋ ਗਿਆ ਅਤੇ ਚਾਹਿਆ ਕਿ ਥੋੜੀ ਜਿਹੀ ਅੱਖ ਲਾ ਕੇ ਫੇਰ ਪਿੰਡ ਨੂੰ ਤੁਰਾਂਗੇ।

ਹੁਣ ਖੀਵੇ ਵੱਲ ਦੀ ਸੁਣੋ। ਜਦ ਨਿਕਾਹ ਦਾ ਸਮਾਂ ਆਇਆ ਤਾਂ ਸਾਹਿਬਾਂ ਦਾ ਕਿਤੇ ਪਤਾ ਨਹੀਂ ਸੀ। ਭਰਾ ਸਮਝ ਗਏ ਕਿ ਇਹ ਮਿਰਜ਼ੇ ਦਾ ਕਾਰਾ ਹੈ। ਸਾਹਿਬਾਂ ਦੇ ਦੋਵੇ ਭਰਾ ਤੇ ਹੋਰ ਰਿਸ਼ਤੇਦਾਰ ਘੋੜੀਆਂ ਪੀੜ ਕੇ ਪਿੱਛੇ ਨੱਠੇ ਅਤੇ ਚਾਹਿਆ ਕਿ ਮਿਰਜ਼ੇ ਨੂੰ ਪਿੰਡ ਪੁੱਜਣ ਤੋਂ ਪਹਿਲਾਂ ਹੀ ਫੜ ਲਈਏ।

ਮਿਰਜ਼ਾ ਤਾਂ ਉਨੀਂਦੇ ਦਾ ਮਾਰਿਆ ਸੁੱਤਾ ਪਿਆ ਸੀ ਅਤੇ ਸਾਹਿਬਾਂ ਉਸ ਦੇ ਪਾਸ ਰਾਖੀ ਲਈ ਜਾਗਦੀ ਬੈਠੀ ਸੀ। ਇਸ ਨੇ ਮਿਰਜ਼ੇ ਦਾ ਤੀਰਾਂ ਦਾ ਭੱਥਾ ਤੇ ਉਸ ਦੀ ਕਮਾਨ ਰੁੱਖ ਨਾਲ ਲਟਕਾ ਦਿੱਤੇ ਸਨ, ਜਿਸ ਹੇਠ ਮਿਰਜ਼ਾ ਸੁੱਤਾ ਹੋਇਆ ਸੀ। ਜਦ ਸਾਹਿਬਾਂ ਨੇ ਦੂਰੋਂ ਘੋੜਿਆਂ ਦੇ ਹਿਣਕਣ ਤੇ ਟਾਪਾਂ ਨੂੰ ਸੁਣਿਆਂ ਤਾਂ ਮਿਰਜ਼ੇ ਨੂੰ ਜਗਾਇਆ। ਕਾਇਰ ਛੇਤੀ ਨਾਲ ਘੋੜੇ ਉੱਤੇ ਸਵਾਰ ਹੋਇਆ ਤੇ ਸਾਹਿਬਾਂ ਨੂੰ ਆਪਣੇ ਪਿੱਛੇ ਸੁੱਟ ਕੇ ਨੱਠਾ, ਪਰ ਅਫੜਾ-ਤਫੜੀ ਵਿਚ ਆਪਣੇ ਤੀਰ ਦਾ ਭੱਥਾ ਤੇ ਕਮਾਨ ਲਾਹੁਣੀ ਭੁੱਲ ਗਿਆ। ਵੈਰੀ ਮਗਰੇ ਮਗਰ ਖੋਜ ਨੱਪੀ ਆ ਰਹੇ ਸਨ। ਉਹ ਸਮਝ ਗਏ ਕਿ ਮਿਰਜ਼ਾ ਹੁਣੇ ਹੀ ਇਥੋਂ ਨੱਸਿਆ ਹੈ। ਉਹ ਰਤਾ ਤਿੱਖੇ ਹੋਏ ਤੇ ਮਿਰਜ਼ੇ ਨੂੰ ਜਾ ਮਿਲੇ। ਮਿਰਜ਼ੇ ਨੇ ਹਿਰਖ ਕੀਤਾ ਕਿ ਉਸ ਦੇ ਤੀਰ ਕਮਾਨ ਉਸ ਪਾਸ ਨਹੀਂ ਹਨ। ਲਾਚਾਰ ਤਲਵਾਰ ਧੂਹ ਕੇ ਲੜਿਆ ਪਰ ਵੈਰੀਆਂ ਹੱਥੋਂ ਮਾਰਿਆ ਗਿਆ।

ਗਿਰਦ-ਨਵਾਹੀ ਦੇ ਮੁਸਲਮਾਨਾਂ ਨੇ ਮਿਰਜ਼ੇ ਦੀ ਲੋਥ ਨੂੰ ਉਥੇ ਹੀ ਦੱਬ ਦਿੱਤਾ। ਜਿਥੇ ਫਰੀਦਾਬਾਦ ਦੇ ਰਾਹ ਉੱਤੇ ਉਸ ਦੀ ਕਬਰ ਜ਼ਿਆਰਤ ਦੀ ਥਾਂ ਬਣ ਗਈ। ਗਣੇਸ਼ ਦਾਸ ਲਿਖਦਾ ਹੈ ਕਿ ਖੀਵਾ ਪਿੰਡ ਕਦੇ ਦਾ ਉੱਜੜ ਚੁੱਕਾ ਹੈ ਅਤੇ ਜਿਸ ਮਸੀਤ ਵਿਚ ਮਿਰਜ਼ਾ ਤੇ ਸਾਹਿਬਾਂ ਪੜ੍ਹਿਆ ਕਰਦੇ ਸਨ, ਉਸ ਦੀ ਕੰਧ ਅਜੇ ਤੀਕ ਖੜ੍ਹੀ ਹੈ।

ਮੇਰੀ ਜਾਚੇ ਇਹ ਘਟਨਾ ਉਸ ਸਮੇਂ ਦੇ ਏੜ-ਗੇੜ ਹੋਈ ਹੈ ਜਦ ਕਿ ਨਾਦਰ ਸ਼ਾਹ ਇਸ ਦੇਸ਼ ਵਿਚ ਆਇਆ ਸੀ। ਇਸ ਗੱਲ ਤੋਂ ਸਿਆਲਾਂ ਤੇ ਖਰਲਾਂ ਦਾ ਆਪੋ ਵਿਚ ਇਤਨਾ ਵੈਰ ਵਧ ਗਿਆ ਕਿ ਹੁਣ ਤੀਕ ਉਨ੍ਹਾਂ ਦੇ ਮਨ ਆਪੋ ਵਿਚ ਸਾਫ਼ ਨਹੀਂ ਹੋਏ ਪਰ ਲੋਕੀਂ ਮਿਰਜ਼ੇ ਨੂੰ ਸੂਰਮਾ ਕਹਿੰਦੇ ਹਨ ਤੇ ਉਸ ਦੀ ਬਹਾਦਰੀ ਦੇ ਦਿਨੇ ਰਾਤ ਗੀਤ ਗਾਉਂਦੇ ਹਨ। ਜੇ ਸੱਚ ਮੁਚ ਮਿਰਜ਼ਾ ਸੂਰਮਾ ਹੁੰਦਾ ਤਾਂ ਐਸਾ ਨੀਚ ਕੰਮ ਕਦੇ ਨਾ ਕਰਦਾ ਅਤੇ ਜੇ ਕਾਇਰ ਨਾ ਹੁੰਦਾ ਤਾਂ ਉਸੇ ਰੁੱਖ ਹੇਠ ਖਲੋ ਕੇ ਲੜਦਾ, ਜਿਸ ਹੇਠ ਸੁੱਤਾ ਸੀ। ਵੈਰੀ ਨੂੰ ਨੇੜੇ ਆਇਆ ਵੇਖ ਕੇ ਨੱਸ ਨਾ ਉੱਠਦਾ ਤੇ ਅਫੜਾ-ਤਫੜੀ ਵਿਚ ਆਪਣੇ ਤੀਰ-ਕਮਾਨ ਨਾ ਭੁੱਲ ਜਾਂਦਾ।

ਅਜਿਹਾ ਮਾਲੂਮ ਹੁੰਦਾ ਹੈ ਕਿ ਨਿੱਕੇ ਹੁੰਦੇ ਮਿਰਜ਼ੇ ਦੀ ਮਾਂ ਮਰ ਚੁੱਕੀ ਹੋਵੇਗੀ ਤੇ ਇਸੇ ਤਰ੍ਹਾਂ ਨਿੱਕੀ ਹੁੰਦੀ ਸਾਹਿਬਾਂ ਦਾ ਪਿਤਾ ਵੀ ਮਰ ਚੁੱਕਾ ਹੋਵੇਗਾ। ਸਾਹਿਬਾਂ ਆਪਣੇ ਦੋਹਾਂ ਭਰਾਵਾਂ ਤੋਂ ਛੋਟੀ ਤੇ ਮਾਂ ਦੀ ਲਡਿੱਕੀ ਹੋਵੇਗੀ, ਜੋ ਸਮੇਂ ਦੇ ਰਿਵਾਜ ਅਨੁਸਾਰ ਉਸ ਦੇ ਖੁੱਲ-ਖੁਲਾਸੇ ਸੁਭਾਅ ਤੋਂ ਬੁਰਾ ਨਹੀਂ ਮਨਾਉਂਦੀ ਹੋਵੇਗੀ। ਮਾਵਾਂ ਆਪਣੀਆਂ ਧੀਆਂ ਦੇ ਮਾਮਲੇ ਵਿਚ ਸਦਾ ਕਮਜ਼ੋਰ ਹੋਇਆ ਕਰਦੀਆਂ ਹਨ। ਜੇ ਖੀਵਾ ਜੀਉਂਦਾ ਹੁੰਦਾ ਤਾਂ ਸਾਹਿਬਾਂ ਸ਼ਾਇਦ ਇਤਨਾ ਹੌਸਲਾ ਹੀ ਨਾ ਕਰਦੀ।

---

# ਤਰਕਸ਼ੀਲਤਾ!!!

### ਦਿਲਚਸਪ ਕਿੱਸੇ



***ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***

ਵਰਿਆਮ ਸਿੰਘ ਸੰਧੂ
ਫੋਨ: 647-535-1539
ਵਟਸਐਪ-98726-02296

ਕੁਝ ਸਾਲ ਪਹਿਲਾਂ ਟੋਰਾਂਟੋ ਦੀ ਤਰਕਸ਼ੀਲ ਸੋਸਾਇਟੀ ਨੇ ਆਪਣੇ ਸਾਲਾਨਾ ਮੇਲੇ 'ਤੇ ਨਾਟਕ ਖੇਡਣ ਲਈ ਇੰਡੀਆ ਤੋਂ ਅਜਮੇਰ ਔਲਖ ਤੇ ਉਹਦੀ ਪਤਨੀ ਨੂੰ ਬੁਲਾਇਆ। ਔਲਖ ਨੇ ਡੇਢ ਦੋ ਮਹੀਨੇ ਪਹਿਲਾਂ ਆ ਕੇ ਨਾਟਕ ਲਈ ਢੁਕਵੇਂ ਐਕਟਰਾਂ ਦੀ ਭਾਲ ਕੀਤੀ। ਉਨ੍ਹਾਂ ਨੂੰ ਟਰੇਨਿੰਗ ਦਿੱਤੀ ਰੀਹਰਸਲਾਂ ਕਰਵਾਈਆਂ। ਔਲਖ ਨਾਲ ਮੇਰੀ ਜਜ਼ਬਾਤੀ ਤੇ ਵਿਚਾਰਾਂ ਦੀ ਸਾਂਝ ਹੈ। ਅਸੀਂ ਇੱਕਠੇ ਹੀ ਨਾਟਕ ਤੇ ਕਹਾਣੀ ਦੇ ਖੇਤਰ ਵਿਚ ਉਦੈ ਹੋਏ। ਮੇਰੀ ਕਹਾਣੀ ਭੱਜੀਆਂ ਬਾਹੀਂ 'ਤੇ ਨਾਟਕ ਤਿਆਰ ਕਰ ਕੇ ਔਲਖ ਨੇ ਸਾਰੇ ਹਿੰਦੁਸਤਾਨ ਵਿਚ ਦੋ ਸੌ ਤੋਂ ਵੱਧ ਸ਼ੋਅ ਕੀਤੇ। ਇੰਜ ਹੀ ਆਪਣਾ ਆਪਣਾ ਹਿੱਸਾ ਦੇ ਡੇਢ ਸੌ ਤੋਂ ਵੱਧ ਸ਼ੋਅ ਕੀਤੇ।

ਤਰਕਸ਼ੀਲ ਸੋਸਾਇਟੀ ਵਾਲੇ ਪ੍ਰੋਗਰਾਮ 'ਤੇ ਮੈਂ ਬੀਮਾਰ ਹੋਣ ਕਰ ਕੇ ਚਾਹੁੰਦਿਆਂ ਹੋਇਆਂ ਵੀ ਪਹੁੰਚ ਨਾ ਸਕਿਆ ਤਾਂ ਅਗਲੇ ਅਗਲੇਰੇ ਦਿਨ ਮੇਰਾ ਬੀਮਾਰ ਹੋਣਾ ਸੁਣ ਕੇ ਔਲਖ ਮੈਨੂੰ ਘਰ ਮਿਲਣ ਆਇਆ। ਮੈਂ ਹੋਏ ਨਾਟਕ ਬਾਰੇ ਜਾਨਣਾ ਚਾਹਿਆ ਤਾਂ ਪਰੇਸ਼ਾਨ ਤੇ ਉਦਾਸ ਹੋਏ ਔਲਖ ਨੇ ਦੱਸਿਆ ਕਿ ਸੁਸਾਇਟੀ ਵਾਲੇ ਪਹਿਲਾਂ ਹੋਰ ਪ੍ਰੋਗਰਾਮ ਕਰਦੇ ਰਹੇ। ਕਦੀ ਗਾਉਣ-ਵਜਾਉਣ ਦਾ; ਕਦੀ ਜਾਦੂ-ਟੂਣਿਆਂ ਬਾਰੇ। ਜਦੋਂ ਨਾਟਕ ਖੇਡਿਆ ਜਾਣ ਲੱਗਾ ਤਾਂ ਅਜੇ ਅੱਧਾ ਕੁ ਨਾਟਕ ਹੋਇਆ ਸੀ ਕਿ ਹਾਲ ਦੀ ਬੁਕਿੰਗ ਦਾ ਟਾਈਮ ਖ਼ਤਮ ਹੋ ਗਿਆ ਤੇ ਹਾਲ ਵਾਲਿਆਂ ਦੇ ਕਹਿਣ 'ਤੇ ਨਾਟਕ ਨੂੰ ਵਿਚਾਲੇ ਹੀ ਬੰਦ ਕਰ ਦੇਣ ਲਈ ਮਜਬੂਰ ਹੋਣਾ ਪਿਆ। ਇਹੋ ਹੀ ਕਾਰਨ ਸੀ ਔਲਖ ਦੀ ਉਦਾਸੀ ਦਾ। ਉਹਦੀ ਦੋ ਮਹੀਨੇ ਤੋਂ ਕੀਤੀ ਮਿਹਨਤ ਰੁਲ ਗਈ ਸੀ। ਮੈਂ ਔਲਖ ਦਾ ਦਿਲ ਧਰਾਉਣ ਤੇ ਖ਼ੁਸ਼ ਕਰਨ ਲਈ ਨਜ਼ਾਮਦੀਨ ਦਾ ਇਕ ਲਤੀਫ਼ਾ ਸੁਣਾਇਆ:

-ਇਕ ਵਾਰ ਕੋਈ ਰਾਹਗੀਰ ਕਿਸੇ ਪਿੰਡ ਵਿਚੋਂ ਲੰਘ ਰਿਹਾ ਸੀ। ਭੁੱਖ ਲੱਗੀ ਹੋਈ ਸੀ। ਪੈਂਡਾ ਲੰਮਾ ਸੀ। ਉਸਨੇ ਕਿਸੇ ਘਰ ਦਾ ਦਰਵਾਜ਼ਾ ਖੜਕਾਇਆ। ਉਨ੍ਹੀਂ ਦਿਨੀਂ ਕੋਈ ਵੀ ਰਾਹਗੀਰ ਰੋਟੀ-ਪਾਣੀ ਛਕਣ ਲਈ ਕਿਸੇ ਵੀ ਘਰ ਦਾ ਦਰਵਾਜ਼ਾ ਖੜਕਾ ਸਕਦਾ ਸੀ। ਕਿਸੇ ਮਾਈ ਨੇ ਦਰਵਾਜ਼ਾ ਖੋਲ੍ਹਿਆ। ਰਾਹੀ ਦੇ ਕਹਿਣ 'ਤੇ ਆਦਰ ਨਾਲ ਮੰਜੇ 'ਤੇ ਬਠਾਇਆ। ਰੋਟੀ ਪਾ ਕੇ ਦਿੱਤੀ। ਥਾਲੀ ਵਿਚ ਰੱਖੀ ਰੋਟੀ ਮੁੱਕਣ ਲੱਗੀ ਤਾਂ ਮਾਈ ਨੇ ਹੋਰ ਫ਼ੁਲਕਾ ਲੈਣ ਲਈ ਪੁੱਛਿਆ। ਰਾਹੀ ਕਹਿੰਦਾ, 'ਚਲੋ ਰਹਿਣ ਦਿਓ।' ਮਾਈ ਕਹਿੰਦੀ, 'ਰਹਿਣ ਦਿਓ ਦਾ ਕੀ ਮਤਲਬ? ਜੇ ਰੱਜ ਗਿਐਂ ਤਾਂ ਰਹਿਣ ਦਿੰਦੀ ਆਂ। ਜੇ ਭੁੱਖ ਐ ਤਾਂ ਲੈ ਲੈ।' ਉਹਨੇ ਫੁਲਕਾ ਰਖਾ ਲਿਆ। ਮਾਈ ਨੇ ਹੋਰ ਫੁਲਕੇ ਬਾਰੇ ਪੁੱਛਿਆ ਤਾਂ ਕਹਿੰਦਾ, 'ਨਹੀਂ, ਹੁਣ ਨੀ ਲੋੜ। ਰੱਜ ਗਿਆਂ।' ਮਾਈ ਕਹਿੰਦੀ, 'ਲੈ ਲੈ ਲੈ ਲੈ। ਅਜੇ ਤੂੰ ਪੈਂਡਾ ਕਰਨਾ ਏਂ।' ਉਹਨੇ ਹੋਰ ਫੁਲਕਾ ਲੈ ਲਿਆ। ਫਿਰ ਵੀ ਉਹਨੇ ਦੋ-ਚਾਰ ਵਾਰ ਇੰਜ ਹੀ ਨਾਂਹ ਕੀਤੀ ਪਰ ਮਾਈ ਦੇ ਕਹਿਣ 'ਤੇ ਫ਼ੁਲਕਾ ਲੈ ਲੈਂਦਾ ਰਿਹਾ। ਜਦੋਂ ਜਾਣ ਲੱਗਾ ਤਾਂ ਮਾਈ ਨੇ ਪੁੱਛਿਆ, 'ਦੱਸ ਤਾਂ ਸਹੀ ਕੰਮ ਕੀ ਕਰਦਾ ਹੁੰਦੈ?'

ਕਹਿੰਦਾ, 'ਮਾਤਾ! ਮੈਂ ਪਟਵਾਰੀ ਆਂ। ਜੇ ਕਿਤੇ ਆਪਣੀ ਜ਼ਮੀਨ ਦਾ ਹਿਸਾਬ-ਕਿਤਾਬ ਜਾਂ ਗਿਣਤੀ-ਮਿਣਤੀ ਕਰਾਉਣੀ ਹੋਈ ਤਾਂ ਮੈਨੂੰ ਹੁਕਮ ਕਰੀਂ।'


ਮਾਤਾ ਕਹਿੰਦੀ, 'ਨਖ਼ਾਫ਼ਣਿਆਂ ਤੂੰ ਸਵਾਹ ਦਾ ਪਟਵਾਰੀ ਏਂ। ਤੈਥੋਂ ਤਾਂ ਆਪਣੇ ਢਿੱਡ ਦੀ ਗਿਣਤੀ-ਮਿਣਤੀ ਨਹੀਂ ਹੁੰਦੀ। ਜ਼ਮੀਨਾਂ ਖ਼ੇਹ ਤੇ ਸਵਾਹ ਮਿਣਦਾ ਹੋਏਂਗਾ!'

ਲਤੀਫ਼ਾ ਸੁਣਾ ਕੇ ਮੈਂ ਔਲਖ ਨੂੰ ਕਿਹਾ, 'ਔਲਖ ਸਾਹਿਬ! ਫਿਰ ਤਾਂ ਉਸ ਪਟਵਾਰੀ ਵਰਗੀ ਹੀ ਹੋਈ ਇਹ ਤਰਕਸ਼ੀਲ ਸੋਸਾਇਟੀ। ਜਿਹੜੀ ਸੋਸਾਇਟੀ ਆਪਣੇ ਪ੍ਰੋਗਰਾਮ ਦੇ ਸਮੇਂ ਦੀ ਤਰਕਸ਼ੀਲ ਵੰਡ ਨਹੀਂ ਕਰ ਸਕਦੀ। ਉਹ ਜ਼ਿੰਦਗੀ ਦੇ ਹੋਰ ਮਸਲਿਆਂ ਬਾਰੇ ਕਿਹੋ ਜਿਹਾ ਤਰਕਸ਼ੀਲ ਰਵੱਈਆ ਰੱਖਦੀ ਹੋਊ?'

ਔਲਖ ਖਿੜ ਖਿੜਾ ਕੇ ਹੱਸਿਆ। ਉਹਦੀ ਉਦਾਸੀ ਧੁਪ ਗਈ ਸੀ। ਔਲਖ ਦਾ ਨਾਟਕ ਕਰਨ ਲਈ ਸੁਸਾਇਟੀ ਨੂੰ ਦੋਬਾਰਾ ਪ੍ਰੋਗਰਾਮ ਕਰਨਾ ਪਿਆ।

# ਵਿਰਾਸਤੀ ਯਾਦਗਾਰਾਂ ਦਾ ਦਸਤਾਵੇਜ਼ੀ ਕੈਲੰਡਰ


KHALSA COLLEGE, AMRITSAR
132 years old monument



THE PARTITION MUSEUM, AMRITSAR
75 year old heritage monument

ਸੰਸਾਰ ਪ੍ਰਸਿੱਧ ਪੰਜਾਬੀ ਫ਼ੋਟੋਗ੍ਰਾਫ਼ਰ ਹਰਪ੍ਰੀਤ ਸਿੰਘ ਸੰਧੂ ਨੇ ਪੰਜਾਬ ਦੀਆਂ ਵਿਰਾਸਤੀ ਯਾਦਗਾਰਾਂ ਨੂੰ ਆਪਣੇ ਕੈਮਰੇ ਵਿਚ ਕੈਦ ਕਰਕੇ ਅਦਭੁੱਤ ਖ਼ੂਬਸੂਰਤੀ ਨਾਲ ਭਰਪੂਰ ਇਕ ਦਸਤਾਵੇਜ਼ੀ ਕੈਲੰਡਰ ਜਾਰੀ ਕੀਤਾ ਹੈ। ਇਹ ਕਲੰਡਰ ਸਾਲ ਦੇ 12 ਮਹੀਨਿਆਂ ਨੂੰ 12 ਗੌਰਵਮਈ ਇਤਿਹਾਸਿਕ ਸਮਾਰਕਾਂ ਨੂੰ ਸਮਰਪਿਤ ਕਰਕੇ ਵਡਮੁੱਲੀ ਜਾਣਕਾਰੀ ਨਾਲ ਸ਼ਿੰਗਾਰਿਆ ਹੋਇਆ ਹੈ। ਇਹ ਸਿਰਫ਼ ਤਿੱਥਾਂ-ਤਿਉਹਾਰਾਂ ਦਾ ਵੇਰਵਾ ਜਾਂ ਵਿਸਥਾਰ ਹੀ ਨਹੀਂ ਹੈ, ਇਸ ਦੀ ਖ਼ੂਬਸੂਰਤੀ ਵਿਚੋਂ ਪੰਜਾਬ ਦਾ ਵਡਮੁੱਲਾ ਇਤਿਹਾਸ ਝਲਕਦਾ ਸਾਕਾਰ ਦਿਸਦਾ ਹੈ। 'ਪੰਜਾਬ ਦੀ ਵਿਰਾਸਤ ਦੇ ਇਤਿਹਾਸਿਕ ਨਿਸ਼ਾਨ ਚਿੰਨ੍ਹ' ਦੇ ਨਾਮਕਰਣ ਨਾਲ ਅਲੰਕ੍ਰਿਤ ਕੀਤਾ ਗਿਆ ਇਹ ਕੈਲੰਡਰ, ਪੰਜਾਬ ਦੀ ਧਰਤੀ ਉੱਤੇ ਪੰਜਾਬ ਦੇ ਪੁਰਖਿਆਂ ਵਲੋਂ ਸੈਂਕੜੇ ਸਾਲ ਪਹਿਲਾਂ ਉਸਾਰੀਆਂ ਗਈਆਂ ਦਿਲਕਸ਼ ਇਮਾਰਤਾਂ ਦੇ ਗੌਰਵ ਨੂੰ ਦ੍ਰਿਸ਼ਟਮਾਨ ਕਰਦਾ ਹੈ। ਇਨ੍ਹਾਂ ਇਮਾਰਤਾਂ ਅਤੇ ਸਮਾਰਕਾਂ ਦੀ ਗੌਰਵਸ਼ਾਲੀ ਝਲਕ ਵੇਖਣ ਵਾਲੇ ਦੀਆਂ ਅੱਖਾਂ ਨੂੰ ਤਾਜ਼ਗੀ ਪ੍ਰਦਾਨ ਕਰਦੀ ਹੋਈ, ਵਿਰਸੇ ਦੇ ਮੋਹ ਨੂੰ ਮਨਾਂ ਵਿਚ ਵਸਾਉਂਦੀ ਹੋਈ, ਵਰਤਮਾਨ ਲਈ ਸਕੂਨ ਅਤੇ ਭਵਿੱਖ ਲਈ ਪ੍ਰੇਰਨਾ ਪੈਦਾ ਕਰਦੀ ਹੈ।



ਡਾ. ਲਖਵਿੰਦਰ ਸਿੰਘ ਜੌਹਲ

ਵਿਸ਼ਵ ਭਰ ਦੇ ਸੈਲਾਨੀਆਂ ਵਿਚ ਪੰਜਾਬ ਦੀ ਮਨਮੋਹਕ ਧਰਤੀ ਨੂੰ ਵੇਖਣ ਅਤੇ ਇੱਥੇ ਆ ਕੇ ਵਸਣ ਦੀ ਖਿੱਚ ਸਦੀਆਂ ਪੁਰਾਣੀ ਹੈ। ਵਰਤਮਾਨ ਵਿਚ ਕੀਤੇ ਜਾ ਰਹੇ ਅਜਿਹੇ ਯਤਨ ਸੈਰ ਸਪਾਟੇ ਦੀ ਦ੍ਰਿਸ਼ਟੀ ਤੋਂ ਪੰਜਾਬ ਲਈ ਬੇਹੱਦ ਮਹੱਤਵਪੂਰਨ ਸਾਬਤ ਹੋ ਸਕਦੇ ਹਨ। ਕੈਲੰਡਰ ਵਿਚ ਛਾਪੀਆਂ ਗਈਆਂ ਇਤਿਹਾਸਿਕ ਇਮਾਰਤਾਂ ਦੀਆਂ ਤਸਵੀਰਾਂ ਵਿਚ 1640 ਈਸਵੀ ਵਿਚ ਬਣਾਈ ਗਈ ਜ਼ਿਲ੍ਹਾ ਜਲੰਧਰ ਦੇ ਨਕੋਦਰ ਕਸਬੇ ਵਿਚ ਸਥਿਤ ਦੱਖਣੀ ਸਰਾਏ, 200 ਸਾਲ ਪਹਿਲਾਂ ਬਣੀ ਜ਼ਿਲ੍ਹਾ ਲੁਧਿਆਣਾ ਦੇ ਰਾਏਕੋਟ ਵਿਚਲੀ ਬਸੀਆਂ ਕੋਠੀ ਜਿਥੇ ਕਦੇ ਮਹਾਰਾਜਾ ਦਲੀਪ ਸਿੰਘ ਨੂੰ ਰੱਖਿਆ ਗਿਆ ਸੀ, ਲਗਭਗ ਡੇਢ ਸਦੀ ਪੁਰਾਣੀ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਦੀ ਖ਼ੂਬਸੂਰਤ ਇਮਾਰਤ, ਲਗਭਗ 15 ਸਦੀਆਂ ਪਹਿਲਾਂ ਬਣਿਆ ਬਠਿੰਡੇ ਦਾ ਕਿਲ੍ਹਾ ਮੁਬਾਰਕ, 250 ਸਾਲ ਪਹਿਲਾਂ ਦਾ ਬਣਿਆ ਹੋਇਆ ਪਟਿਆਲੇ ਦਾ ਕਿਲ੍ਹਾ, ਲਗਭਗ 400 ਸਾਲ ਪਹਿਲਾਂ ਦੀ ਬਣੀ ਹੋਈ ਨੂਰ ਮਹਿਲ ਦੀ ਸਰਾਂ, ਲਗਭਗ 200 ਸਾਲ ਪਹਿਲਾਂ ਦਾ ਮਹਾਰਾਜਾ ਰਣਜੀਤ ਸਿੰਘ ਦਾ ਬਣਾਇਆ ਹੋਇਆ ਪੁਲ ਕੰਜਰੀ, ਸਵਾ ਸੌ ਸਾਲ ਪਹਿਲਾਂ ਦੀ ਫ਼ਿਰੋਜ਼ਪੁਰ ਨੇੜੇ ਬਣੀ ਹੋਈ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦਗਾਰ, 300 ਸਾਲ ਪਹਿਲਾਂ ਦੇ ਜ਼ਿਲ੍ਹਾ ਜਲੰਧਰ ਦੇ ਨਕੋਦਰ ਸ਼ਹਿਰ ਵਿਚ ਬਣੇ ਹੋਏ ਮੁਹੰਮਦ ਮੋਮਨ ਤੇ ਹਾਜੀ ਜਮਾਲ ਦੇ ਮਕਬਰੇ, ਲਗਭਗ 200 ਸਾਲ ਤੋਂ ਫਿਲੌਰ ਵਿਚ ਸਥਿਤ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ, ਪੌਣੀ ਸਦੀ ਪੁਰਾਣੀ ਇਮਾਰਤ ਵਿਚ ਬਣਿਆ ਪਾਰਟੀਸ਼ਨ ਮਿਊਜ਼ੀਅਮ ਅੰਮ੍ਰਿਤਸਰ, ਇਕ ਸਦੀ ਪੁਰਾਣੀ ਕਪੂਰਥਲਾ ਦੀ ਮੋਰਿਸ਼ ਮਸਜਿਦ, ਡਾਕਟਰ ਮਹਿੰਦਰ ਸਿੰਘ ਰੰਧਾਵਾ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਲਗਭਗ ਅੱਧੀ ਸਦੀ ਪਹਿਲਾਂ ਦਾ ਬਣਾਇਆ ਗਿਆ ਅਜਾਇਬ ਘਰ, ਖਟਕੜ ਕਲਾਂ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਲਗਭਗ ਸਵਾ ਸਦੀ ਪੁਰਾਣਾ ਸ਼ਹੀਦ ਭਗਤ ਸਿੰਘ ਦਾ ਜੱਦੀ ਘਰ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀਆਂ ਯਾਦਗਾਰੀ ਤਸਵੀਰਾਂ ਸ਼ਾਮਿਲ ਹਨ। ਇਸ ਕੈਲੰਡਰ ਦੇ ਕਲਾਤਮਿਕ ਪੰਨਿਆਂ ਉੱਤੇ ਟਹਿਕਦੀਆਂ ਹੋਈਆਂ ਇਹ ਦਿਲਕਸ਼ ਤਸਵੀਰਾਂ ਮਨੁੱਖੀ ਦ੍ਰਿਸ਼ਟੀ ਨੂੰ ਇਤਿਹਾਸ ਦੀ ਦਿਬ ਦ੍ਰਿਸ਼ਟੀ ਤੱਕ ਵਿਸਤਾਰ ਦਿੰਦੀਆਂ ਹਨ। ਇਸ ਸਚਿੱਤਰ ਕੈਲੰਡਰ ਵਿਚ ਸਾਬਕਾ ਵਾਈਸ ਚਾਂਸਲਰ ਪਦਮ ਭੂਸ਼ਣ ਡਾਕਟਰ ਸਰਦਾਰਾ ਸਿੰਘ ਜੌਹਲ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾਕਟਰ ਸਤਵੀਰ ਸਿੰਘ ਗੋਸਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਕਰਮਜੀਤ ਸਿੰਘ, ਖ਼ਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ ਆਦਿ ਵਿਦਵਾਨਾਂ ਦੇ ਇਸ ਕਲੰਡਰ ਬਾਰੇ ਵਿਚਾਰ ਵੀ ਵਿਦਮਾਨ ਹਨ।



THE BATHINDA FORT-QUILA MUBARAK, BATHINDA
The oldest surviving fort in India dating back from 1100 to 1200 AD



AJA RANJIT SINGH FORT, PHILLAUR, JALA
200 year old heritage monument

ਪੰਜਾਬ ਦੇ ਮਾਣਯੋਗ ਗਵਰਨਰ ਸ੍ਰੀ ਗੁਲਾਬ ਚੰਦ ਕਟਾਰੀਆ ਵਲੋਂ ਲੋਕ-ਅਰਪਣ ਕੀਤਾ ਗਿਆ ਇਹ ਕੈਲੰਡਰ ਪੰਜਾਬ ਦੀ ਵਿਰਾਸਤੀ ਧਰੋਹਰ ਨੂੰ ਸੰਭਾਲਣ ਦਾ ਇਕ ਸੁਚੱਜਾ ਯਤਨ ਹੈ। ਇਹ ਕਲੰਡਰ ਨਵੀਂ ਪੀੜ੍ਹੀ ਨੂੰ ਪੰਜਾਬ ਦੀ ਇਤਿਹਾਸਿਕ ਯਾਤਰਾ ਉੱਤੇ ਲਿਜਾਣ ਲਈ ਇਕ ਮਾਰਗ ਦਰਸ਼ਕ ਦੀ ਭੂਮਿਕਾ ਨਿਭਾ ਸਕਦਾ ਹੈ, ਕਿਉਂਕਿ ਇਹ ਇਮਾਰਤਾਂ ਸਿਰਫ਼ ਇੱਟਾਂ-ਪੱਥਰਾਂ ਦੀ ਜੜਤ ਮਾਤਰ ਨਹੀਂ ਹਨ , ਇਨ੍ਹਾਂ ਦੇ ਕਣ-ਕਣ ਵਿਚ ਪੰਜਾਬ ਦੇ ਇਤਿਹਾਸ ਦੀਆਂ ਸੁੱਤੀਆਂ ਸਦੀਆਂ ਦਾ ਗੌਰਵ ਅਜੇ ਵੀ ਜਾਗਦਾ ਹੈ। ਇਹ ਸਾਰੀਆਂ ਇਮਾਰਤਾਂ ਉਹ ਇਮਾਰਤਾਂ ਹਨ, ਜਿਨ੍ਹਾਂ ਦੇ ਰੂਬਰੂ ਹੁੰਦਿਆਂ ਹੀ, ਇਨ੍ਹਾਂ ਦੇ ਕਣ-ਕਣ ਵਿਚ ਵਿਦਮਾਨ ਵਿਰਾਸਤੀ ਗੌਰਵ ਦੀ ਗੂੰਜ ਵਰਤਮਾਨ ਨਾਲ ਟਕਰਾ ਕੇ ਸਾਡੀਆਂ ਭਾਵਨਾਵਾਂ ਨੂੰ ਭਵਿੱਖ-ਮੁਖੀ ਜਜ਼ਬਿਆਂ ਨਾਲ ਭਰਪੂਰ ਕਰ ਦਿੰਦੀ ਹੈ। ਪੰਜਾਬ ਦੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ, ਪੰਜਾਬ ਇਨਫੋਟੈਕ ਦੇ ਸਾਬਕਾ ਚੇਅਰਮੈਨ, ਉੱਘੇ ਵਾਤਾਵਰਨ ਪ੍ਰੇਮੀ ਅਤੇ ਲੇਖਕ ਹਰਪ੍ਰੀਤ ਸਿੰਘ ਸੰਧੂ ਦਾ ਇਹ ਵਡਮੁੱਲਾ ਕਲਾਤਮਿਕ ਕਾਰਜ ਪੰਜਾਬੀਆਂ ਦੀ ਨਵੀਂ ਪੀੜ੍ਹੀ ਲਈ ਇਕ ਪ੍ਰੇਰਨਾ ਸਰੋਤ ਬਣ ਸਕਦਾ ਹੈ, ਅਤੇ ਪੰਜਾਬ ਵਿਚ ਸੈਰ ਸਪਾਟੇ ਦੇ ਸੱਭਿਆਚਾਰ ਨੂੰ ਹੋਰ ਪ੍ਰਫੁੱਲਿਤ ਕਰਨ ਵਿਚ ਸਹਾਈ ਹੁੰਦਾ ਹੋਇਆ, ਸੈਲਾਨੀਆਂ ਨੂੰ ਪੰਜਾਬ ਆਉਣ ਲਈ ਪ੍ਰੇਰਿਤ ਕਰ ਸਕਦਾ ਹੈ।

-20 ਪ੍ਰੋਫ਼ੈਸਰ ਕਲੋਨੀ, ਵਡਾਲਾ ਚੌਕ
ਜਲੰਧਰ-144001
ਮੋਬਾਈਲ : 9417194812

## ਕਲਾ ਪਰਿਕਰਮਾ


PUL KANJARI, AMRITSAR
200 year old heritage monument build by Maharaja Ranjit Singh


DAKHNI SARAI, NAKODAR, JALANDHAR
400 year old monument built in year 1640

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਫਰਵਰੀ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-677



*ਵਿਚ ਗ.ਲੀ ਦੇ 'ਕੱਠੇ ਹੋ ਕੇ, ਕੁੱਤਿਆਂ ਮਜਲਿਸ ਲਾਈ,
ਭੌਂਕਣ ਬਾਝੋਂ ਕੰਮ ਨਾ ਕੋਈ, ਨਾ ਹੋਵੇ ਸਾਡੀ ਸੁਣਵਾਈ।
ਕਿਸ ਦੇ ਅੱਗੇ ਰੋਣਾ ਰੋਈਏ, ਸਾਡੀ ਭੁੱਖ ਨਾ.ਲ ਲੜਾਈ,
ਨੇੜੇ ਹੋ ਕੇ ਡਾਢਿਆ ਸੁਣ ਤੂੰ, ਜਾਨ ਨਿਕਲਣ ਤੇ ਆਈ।*

## ਕੈਪਸ਼ਨ ਮੁਕਾਬਲਾ-675



ਕੂੜਾ ਢੋਅ ਇੱਥੇ ਕੂੜਾ ਹੋਵੇ।
ਦੇਸ਼ ਮੇਰੇ ਦਾ ਬਚਪਨ ਰੋਵੇ।
ਜੋ ਖਾਵੇ ਸੋ ਰੂੜੀਓਂ ਖਾਵੇ।
ਰੱਜ ਕਦੇ ਨਾ ਢਿੱਡ ਨੂੰ ਆਵੇ।
ਸੜਕ ਕਿਨਾਰੇ ਸੌਂਵੇ ਰਾਤੀਂ।
ਸਰਦੀ ਗਰਮੀ ਤੇ ਬਰਸਾਤੀਂ।
ਮੁੱਢੋਂ ਹੀ ਇਸ ਮਿਲੀ ਗਰੀਬੀ।
ਕੁੱਖੋਂ ਲਿਆਇਆ ਬਦਨਸੀਬੀ।
ਸੁਰਸਵਤੀ ਕਦੇ ਨਾ ਸੁਪਨੇ ਆਈ।
ਲੱਛਮੀ ਵੀ ਸਦਾ ਰਹੀ ਪਰਾਈ।
'ਨਾਕਾਮ' ਤੱਕ ਹੋ ਗਿਆ ਉਦਾਸ।
ਵਤਨ ਛੱਡ, ਕਰ ਗਿਆ ਪਰਵਾਸ।
***-ਗੁਰਬਖਸ਼ ਸਿੰਘ 'ਨਾਕਾਮ'***
***+1 864-318-5500***

---

ਭੁੱਖਣ ਭਾਣੇ ਅਸੀਂ ਨਿਆਣੇ
ਕੂੜਾ-ਕਬਾੜ ਚੁਗਦੇ ਮਰਜਾਣੇ।
ਤਾਂਬੜ ਹੋ ਗਏ ਸਰੀਰ ਸੁੱਕ ਕੇ
ਕੌਣ ਸਾਡੇ ਦਿਲਾਂ ਦੀਆਂ ਜਾਣੇ।
ਸੋਚ ਵ ਸਾਡੀ ਠਿੰਘਣੀ ਬਣ ਗਈ
ਹੋ ਜਾਂਦੇ ਕਮਲੇ
ਜੀਹਦੇ ਮੁੱਕ ਜਾਣ ਦਾਣੇ।
ਗਲ ਵਿਚ ਤਖਤੀਆਂ ਪਾ ਦਿੰਦੇ 'ਮੈਂ ਚੋਰ ਹਾਂ'
ਦੁਨੀਆ ਦੇ ਤਰਸਹੀਣ ਜਰਵਾਣੇ।
***-ਅਮਰਜੀਤ ਸਿੰਘ ਤੂਰ***

---

ਕਾਸ਼ ਇਹ ਬਦਸੂਰਤ ਮੂਰਤ
ਇਕ ਰੋਬੋਟ ਹੀ ਹੁੰਦਾ
ਕਿਸੇ ਕਰਮਾਮਾਰੀ ਮਾਂ ਦਾ ਜਾਇਆ
ਬੋਟ ਨਾ ਹੁੰਦਾ
ਚੰਗਾ ਹੁੰਦਾ ਇਕ ਹੱਥ ਕੰਪਿਊਟਰ
ਪਿੱਠ 'ਤੇ ਬਸਤਾ ਹੁੰਦਾ
ਸੰਭਵ ਸੀ ਜੇ ਸਿਸਟਮ ਦੇ ਮਨ
ਕਿਤੇ ਖੋਟ ਨਾ ਹੁੰਦਾ।
***-ਡਾ. ਬਲਵਿੰਦਰ ਸਿੰਘ ਸੋਹਲ***
***ਫੋਨ: 224-508-3579***

---

ਇੱਕ ਪਾਸੇ ਤਾਂ ਉਹ ਲੋਕ ਨੇ
ਵਿਹਲੇ ਬਹਿ ਜੋ ਐਸ਼ ਉਡਾਵਣ।
ਲੋਟੂ ਦੇ ਨਾ.ਲ ਰ.ਲ ਕੇ ਹਾਕਮ
ਗੋਗੜਾਂ ਖ਼ੂਬ ਵਧਾਈ ਜਾਵਣ।
ਦੂਜੇ ਪਾਸੇ ਭੁੱਖੇ ਢਿੱਡ 'ਚੋਂ
ਨੰਗੇ ਪਿੰਜਰ ਬਾਹਰ ਨੂੰ ਆਵਣ।
ਸਾਹ ਨੂੰ ਚਲਦਾ ਰੱਖਣ ਖਾਤਰ
ਗੰਦ-ਮੰਦ 'ਚੋਂ ਲੱਭ ਲੱਭ ਖਾਵਣ।
***-ਜਗਮੀਤ ਸਿੰਘ ਪੰਧੇਰ***
***ਫੋਨ: +91-98783-37222***

---

ਦੋ ਮੇਰੇ ਹੱਥ ਦੋਨਾਂ ਹੱਥ ਬੋਰੀਆਂ
ਲੋਕੀਂ ਆਖਣ ਇਹ ਕਰਦਾ ਹੋਊ ਚੋਰੀਆਂ
ਚੋਰਾਂ ਦੇ ਤਾਂ ਚਿੱਟੇ ਕੱਪੜੇ
ਓਥੇ ਹੱਥ ਨਾ ਕੋਈ ਅੱਪੜੇ।
ਨਿੱਕਰ ਵਿਚ ਮੈਂ ਸ਼ਰਮ ਲੁਕੋਵਾਂ
ਲੀਡਰ ਸੋਚੇ ਇਹ ਕਿਵੇਂ ਖੋਵਾਂ।
ਰੱਬਾ ਕੇਹੀ ਕਾਣੀ ਵੰਡ
ਕੋਈ ਹੈ ਰਾਜਾ ਕੋਈ ਹੈ ਭੰਡ।
***-ਮਲਕੀਤ ਸਿੰਘ ਧਾਲੀਵਾਲ***

---

ਮਜ਼ਦੂਰ ਦਾ ਪਸੀਨਾ ਤਾਂ
ਉਹੀ ਭਾਂਪਦੇ ਜਿਸ ਹੰਢਾਇਆ ਪਿੰਡੇ
ਗਰੀਬੀ ਦਰ ਗਰੀਬੀ
ਮਜ਼ਦੂਰੀ ਦਰ ਮਜ਼ਦੂਰੀ
ਗਲ ਪਿਆ ਢੋਲ ਤਾਂ
ਵਜਾਉਣਾ ਹੀ ਪੈਂਦਾ
ਮਜ਼ਦੂਰੀ ਖਾਲਾ ਜੀ ਦਾ ਵਾੜਾ ਨਹੀਂ
ਵਾਹਣ ਹੈ ਕਰ ਦਿੰਦੀ
ਜੀ ਹਜ਼ੂਰ ਸ਼ੁਕਰੀਆ
ਝੁਕ ਝੁਕ ਸਲਾਮ
ਮਾਲਕ ਮੂਹਰੇ ਹਰ ਹਰਵਾ ਵਰਤਣਾ
ਇਕ ਗੁਲਾਮ ਜਿਹੀ ਅਵਸਥਾ
ਪੈਦਾ ਕਰ ਦਿੰਦਾ
ਹਰ ਖੇਤਰ 'ਚ ਢਿੱਡ
ਉਸ ਦਾ ਕੱਟਿਆ ਜਾਂਦਾ
ਇਹ ਹੈ ਦੁਨੀਆ ਭਰ ਦੀ ਵਿਵਸਥਾ
ਕਿਸੇ ਇਕ ਮੁਲਕ ਦਾ ਨਹੀਂ ਵਰਤਾਰਾ
ਲੋਟੂ ਜਮਾਤ ਅਤੇ ਲੁੱਟੀ ਜਾਂਦੀ ਜਮਾਤ।
***-ਦਰਸ਼ਨ ਪਾਲ ਦੋਸਾਂਝ***

# ਦਿਮਾਗ-ਕੰਪਿਊਟਰ ਸੰਪਰਕ: ਭਵਿੱਖ ਦੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ

ਵਿਗਿਆਨ ਅਤੇ ਇਸ ਦੀਆਂ ਖੋਜਾਂ ਨੇ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਬਿਹਤਰ ਬਣਾ ਦਿੱਤਾ ਹੈ। ਖਾਸ ਕਰਕੇ ਮੈਡੀਕਲ ਵਿਗਿਆਨ ਦੇ ਖੇਤਰ ਵਿਚ ਤਕਨਾਲੌਜੀ ਦੀ ਮੱਦਦ ਨਾਲ ਕਈ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਿਆ ਹੈ। ਵਿਗਿਆਨ ਅਤੇ ਨਵੀਂ ਤਕਨਾਲੌਜੀ ਨੇ ਮਿਲ ਕੇ ਜੋ ਨਵੇਂ ਉਪਕਰਣ ਇਜਾਦ ਕੀਤੇ ਹਨ, ਉਹ ਚਮਤਕਾਰ ਤੋਂ ਘੱਟ ਨਹੀਂ ਹਨ। ਸੰਚਾਰ ਸਾਧਨਾਂ ਤੋਂ ਲੈ ਕੇ ਕੰਪਿਊਟਰ ਦ੍ਰਿਸ਼ਟੀ ਤੱਕ, ਇਹ ਤਕਨਾਲੌਜੀ ਨਿੱਤ ਨਵੀਆਂ ਕਾਢਾਂ ਨਾਲ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਕਾਫੀ ਸੌਖਾ ਅਤੇ ਤੰਦਰੁਸਤ ਬਣਾਉਣ ਵਿਚ ਸਹਾਇਕ ਸਾਬਤ ਹੋ ਰਹੀ ਹੈ।



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਦਿਮਾਗ-ਕੰਪਿਊਟਰ ਸੰਪਰਕ (Brain-Computer Interface or BCI) ਉਸੇ ਤਕਨਾਲੌਜੀ ਦਾ ਹਿੱਸਾ ਹੈ ਜੋ ਦਿਮਾਗ ਅਤੇ ਉਪਕਰਣਾਂ ਦੇ ਵਿਚਕਾਰ ਸਿੱਧੇ ਸੰਚਾਰ ਨੂੰ ਸੰਭਵ ਬਣਾਉਂਦੀ ਹੈ। ਇਹ ਮਨੁੱਖੀ ਦਿਮਾਗ ਦੇ ਬਿਜਲੀ ਸੰਕੇਤਾਂ ਨੂੰ ਪੜ੍ਹ ਕੇ ਉਨ੍ਹਾਂ ਨੂੰ ਕੰਪਿਊਟਰ ਜਾਂ ਹੋਰ ਉਪਕਰਣਾਂ ਨਾਲ ਜੋੜਦੀ ਹੈ। ਇਹ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਤਿਆਰ ਕੀਤੀ ਗਈ ਸੀ, ਜੋ ਸਰੀਰਕ ਰੋਗਾਂ ਕਾਰਨ ਹਿੱਲਣ-ਜੁੱਲਣ ਜਾਂ ਬੋਲਣ ਦੀ ਯੋਗਤਾ ਗਵਾ ਚੁੱਕੇ ਹਨ। ਦਿਮਾਗ ਦੇ ਕੁਦਰਤੀ ਬਿਜਲੀ ਸੰਕੇਤਾਂ ਨੂੰ ਹਾਸਲ ਕਰਨ ਲਈ ਵਿਸ਼ੇਸ਼ ਸੂਚਕ (ਸੈਂਸਰਾਂ) ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੇ ਇਨ੍ਹਾਂ ਸੰਕੇਤਾਂ ਨੂੰ ਕੰਪਿਊਟਰ ਦੇ ਹੁਕਮਾਂ ਵਿਚ ਤਬਦੀਲ ਕਰਦੇ ਹਨ। ਰੋਬੋਟਿਕ ਹੱਥਾਂ, ਵ੍ਹੀਲਚੇਅਰਾਂ, ਅਤੇ ਹੋਰ ਉਪਕਰਣਾਂ ਨੂੰ ਕੰਟਰੋਲ ਕਰਨ ਲਈ ਇਸ ਤਕਨਾਲੌਜੀ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਮਰੀਜ਼ਾਂ ਦੇ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਂਦੀ ਹੈ।

ਇਸ ਤਕਨਾਲੌਜੀ ਦਾ ਇਤਿਹਾਸ ਵੀ ਬਹੁਤ ਰੌਚਕ ਹੈ। 1970 ਦੇ ਦਹਾਕੇ ਵਿਚ ਦਿਮਾਗ ਦੇ ਬਿਜਲੀ ਸੰਕੇਤਾਂ ਦੀ ਖੋਜ ਦੀ ਸ਼ੁਰੂਆਤ ਹੋਈ। 1990 ਦੇ ਦਹਾਕੇ ਵਿਚ, ਬਾਂਦਰਾਂ ਦੇ ਦਿਮਾਗ ਦੇ ਸੰਕੇਤਾਂ ਨਾਲ ਰੋਬੋਟਿਕ ਹੱਥਾਂ ਨੂੰ ਚਲਾਉਣ ਦੇ ਤਜਰਬੇ ਸਫਲ ਹੋਏ। ਇਸ ਤੋਂ ਬਾਅਦ, ਮੈਡੀਕਲ ਖੇਤਰ ਵਿਚ ਇਸ ਤਕਨਾਲੌਜੀ ਦੀ ਵਰਤੋਂ ਸ਼ੁਰੂ ਹੋਈ। ਅੱਜ, ਨੂਰਾਲਿੰਕ ਅਤੇ ਸਿੰਕਰੋਨ ਵਰਗੀਆਂ ਕੰਪਨੀਆਂ ਇਸ ਤਕਨਾਲੌਜੀ ਨੂੰ ਹੋਰ ਵਧੀਆ, ਤੇਜ਼, ਅਤੇ ਵਰਤਣਯੋਗ ਬਣਾਉਣ ਲਈ ਕੰਮ ਕਰ ਰਹੀਆਂ ਹਨ। ਇਸ ਤਕਨਾਲੌਜੀ ਦਾ ਮੰਤਵ ਨਵੀਆਂ ਸੰਭਾਵਨਾਵਾਂ ਦਾ ਦ੍ਰਿਸ਼ਟੀਕੋਣ ਪੇਸ਼ ਕਰਨਾ ਅਤੇ ਜੀਵਨ ਨੂੰ ਹੋਰ ਬਿਹਤਰ ਬਣਾਉਣਾ ਹੈ।

**ਵਰਤੋਂ:** ਦਿਮਾਗ-ਕੰਪਿਊਟਰ ਸੰਪਰਕ ਤਕਨਾਲੌਜੀ ਨੂੰ ਮੈਡੀਕਲ ਅਤੇ ਹੋਰ ਖੇਤਰਾਂ ਵਿਚ ਬਹੁਤ ਤੇਜ਼ੀ ਨਾਲ ਵਰਤਿਆ ਜਾ ਰਿਹਾ ਹੈ। ਇਹ ਤਕਨਾਲੌਜੀ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਵਿਕਸਿਤ ਕੀਤੀ ਗਈ ਹੈ ਜੋ ਸਰੀਰਕ ਅਸਮਰੱਥਾ ਨਾਲ ਜੂਝ ਰਹੇ ਹਨ। ਉਦਾਹਰਣ ਲਈ, ਐਮੀਓਟਰੌਫਿਕ ਲੈਟਰਲ ਸਕਲੈਰੋਸਿਸ (Amyotrophic lateral sclerosis-ALS) ਵਰਗੇ ਰੋਗਾਂ ਨਾਲ ਪੀੜਤ ਮਰੀਜ਼, ਜੋ ਬੋਲਣ ਜਾਂ ਲਿਖਣ ਦੇ ਅਸਮਰੱਥ ਹਨ, ਆਪਣੇ ਦਿਮਾਗੀ ਸੰਕੇਤ ਦੀ ਮਦਦ ਨਾਲ ਕੰਪਿਊਟਰ ਰਾਹੀਂ ਸੰਚਾਰ ਕਰ ਸਕਦੇ ਹਨ। ਇਸ ਤਕਨਾਲੌਜੀ ਨਾਲ, ਮਰੀਜ਼ ਬੀਪਰ (ਇਲੈਕਟ੍ਰੌਨਿਕ ਜੰਤਰ) ਜਾਂ ਹੋਰ ਉਪਕਰਣਾਂ ਦੀ ਮਦਦ ਨਾਲ ਆਪਣੀਆਂ ਸੋਚਾਂ ਨੂੰ ਲਿਖ ਸਕਦੇ ਹਨ ਜਾਂ ਦੱਸ ਸਕਦੇ ਹਨ। ਇਸ ਨੂੰ ਪਾਰਕਿੰਸਨ ਰੋਗ (ਨਿਊਰੋਲੌਜੀਕਲ ਰੋਗ) ਅਤੇ ਮਿਰਗੀ ਵਰਗੀਆਂ ਗੰਭੀਰ ਬਿਮਾਰੀਆਂ ਦੇ ਇਲਾਜ ਵਿਚ ਵੀ ਵਰਤਿਆ ਜਾ ਰਿਹਾ ਹੈ। ਡੀਪ ਬ੍ਰੇਨ ਸਟੀਮੂਲੇਸ਼ਨ (ਡੀ.ਬੀ.ਐੱਸ.) ਤਕਨੀਕ ਇਸਦਾ ਇੱਕ ਮਹੱਤਵਪੂਰਨ ਉਦਾਹਰਣ ਹੈ, ਜਿਸ ਵਿਚ ਦਿਮਾਗ ਦੇ ਅਸਧਾਰਨ ਸੰਕੇਤਾਂ ਨੂੰ ਰੋਕਣ ਲਈ ਇੱਕ ਛੋਟਾ ਉਪਕਰਣ ਇੰਪਲਾਂਟ ਕੀਤਾ ਜਾਂਦਾ ਹੈ।

ਦਿਮਾਗ-ਕੰਪਿਊਟਰ ਸੰਪਰਕ ਸਿਰਫ ਮੈਡੀਕਲ ਖੇਤਰ ਤਕ ਹੀ ਸੀਮਿਤ ਨਹੀਂ ਹੈ। ਇਹ ਗੇਮਿੰਗ, ਵਰਚੁਅਲ ਰਿਯਾਲਟੀ, ਅਤੇ ਸਮਾਰਟ ਹੋਮ ਉਪਕਰਣਾਂ ਵਿਚ ਵੀ ਬਹੁਤ ਸਫਲ ਸਾਬਤ ਹੋ ਰਿਹਾ ਹੈ। ਉਦਾਹਰਣ ਲਈ, ਗੇਮਿੰਗ ਕੰਪਨੀਆਂ ਨੇ ਅਜਿਹੇ ਗੇਮ ਬਣਾਏ ਹਨ ਜਿੱਥੇ ਖਿਡਾਰੀ ਦਿਮਾਗ ਦੇ ਸੰਕੇਤਾਂ ਨਾਲ ਗੇਮ ਦੇ ਕਿਰਦਾਰਾਂ ਨੂੰ ਕੰਟਰੋਲ ਕਰ ਸਕਦੇ ਹਨ। ਸਮਾਰਟ ਹੋਮ ਉਪਕਰਣਾਂ ਵਿਚ, ਇੱਕ ਵਿਅਕਤੀ ਦਿਮਾਗੀ ਸੰਕੇਤਾਂ ਦੁਆਰਾ ਘਰ ਦੀਆਂ ਲਾਈਟਾਂ ਬੰਦ ਜਾਂ ਚਾਲੂ ਕਰ ਸਕਦਾ ਹੈ। ਇਹ ਤਕਨਾਲੌਜੀ ਉਨ੍ਹਾਂ ਲੋਕਾਂ ਲਈ ਵਿਸ਼ੇਸ਼ ਤੌਰ 'ਤੇ ਮਦਦਗਾਰ ਹੈ ਜੋ ਸਰੀਰਕ ਅਸਮਰੱਥਾ ਦਾ ਸਾਹਮਣਾ ਕਰ ਰਹੇ ਹਨ।

**ਚੁਣੌਤੀਆਂ:** ਦਿਮਾਗ-ਕੰਪਿਊਟਰ ਸੰਪਰਕ ਭਵਿੱਖ ਦੀਆਂ ਸੰਭਾਵਨਾਵਾਂ ਦੀ ਬੜੀ ਉਮੀਦ ਜਗਾਉਂਦੀ ਹੈ, ਪਰ ਇਸਨੂੰ ਪੂਰੀ ਤਰ੍ਹਾਂ ਅਪਣਾਉਣ ਅਤੇ ਵਰਤਣ ਲਈ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਭ ਤੋਂ ਪਹਿਲੀ ਅਤੇ ਵੱਡੀ ਚੁਣੌਤੀ ਦਿਮਾਗ ਦੇ ਸੰਕੇਤਾਂ ਦੀ ਸਹੀ ਜਾਂਚ-ਪੜਤਾਲ ਦੀ ਹੈ। ਹਰ ਵਿਅਕਤੀ ਦੇ ਦਿਮਾਗੀ ਸੰਕੇਤ ਵੱਖਰੇ-ਵੱਖਰੇ ਅਤੇ ਬੜੇ ਗੁੰਝਲਦਾਰ ਹੁੰਦੇ ਹਨ, ਜਿਸ ਕਰਕੇ ਜਾਣਕਾਰੀ (ਡੇਟਾ) ਨੂੰ ਸਹੀ ਤਰੀਕੇ ਨਾਲ ਸਮਝਣਾ ਅਤੇ ਉਸਨੂੰ ਕੰਪਿਊਟਰ ਦੇ ਹੁਕਮਾਂ ਵਿਚ ਤਬਦੀਲ ਕਰਨਾ ਮੁਸ਼ਕਲ ਹੁੰਦਾ ਹੈ।

ਦੂਜੀ ਵੱਡੀ ਚੁਣੌਤੀ ਬੀਸੀਆਈ ਦੇ ਉਪਕਰਣਾਂ ਅਤੇ ਇਸ ਨੂੰ ਚਲਾਉਣ ਵਾਲੇ ਕੰਪਿਊਟਰ ਪ੍ਰੋਗਰਾਮ ਦੀ ਜਟਿਲਤਾ ਹੈ। ਬੀਸੀਆਈ ਪ੍ਰਣਾਲੀ ਲਈ ਵਰਤੇ ਜਾਣ ਵਾਲੇ ਵਿਸ਼ੇਸ਼ ਸੂਚਕ ਅਤੇ ਇੰਪਲਾਂਟ ਬਹੁਤ ਮਹਿੰਗੇ ਅਤੇ ਸੂਖਮ ਹੁੰਦੇ ਹਨ। ਇੰਪਲਾਂਟ ਵਾਲੀ ਵਿਵਸਥਾ (Invasive Systems) ਨੂੰ ਸਰੀਰ ਵਿਚ ਫਿਟ ਕਰਨ ਲਈ ਸਰਜਰੀ ਦੀ ਲੋੜ ਹੁੰਦੀ ਹੈ, ਜੋ ਮਹਿੰਗੀ ਅਤੇ ਸਿਹਤ ਲਈ ਖਤਰਾ ਪੈਦਾ ਕਰ ਸਕਦੀ ਹੈ। ਦੂਜੇ ਪਾਸੇ, ਜੋ ਸਿਸਟਮ ਬਿਨਾਂ ਸਰਜਰੀ ਦੇ ਕੰਮ ਕਰਦੇ ਹਨ (Non-Invasive Systems), ਉਹ ਹਮੇਸ਼ਾ ਸਹੀ ਨਤੀਜੇ ਨਹੀਂ ਦੇ ਸਕਦੇ।



ਤੀਜਾ ਮੁੱਦਾ ਸੁਰੱਖਿਆ ਅਤੇ ਗੁਪਤਤਾ ਦਾ ਹੈ, ਜਿਵੇਂ ਕਿ ਦਿਮਾਗੀ ਸੰਕੇਤਾਂ ਵਿਚ ਵਿਅਕਤੀਗਤ ਜਾਣਕਾਰੀ ਸ਼ਾਮਲ ਹੋ ਸਕਦੀ ਹੈ ਅਤੇ ਜੀਵਨ ਨਾਲ ਜੁੜੀ ਮਹੱਤਵਪੂਰਨ ਜਾਣਕਾਰੀ। ਇਹ ਡੇਟਾ ਗਲਤ ਹੱਥਾਂ ਵਿਚ ਜਾ ਸਕਦਾ ਹੈ ਜਾਂ ਹੈਕ ਹੋ ਸਕਦਾ ਹੈ, ਤਾਂ ਵਿਅਕਤੀ ਦੀ ਜ਼ਿੰਦਗੀ ਅਤੇ ਗੋਪਨੀਯਤਾ ਨੂੰ ਖਤਰਾ ਹੋ ਸਕਦਾ ਹੈ। ਇਸ ਲਈ, ਬੀਸੀਆਈ ਤਕਨਾਲੌਜੀ ਲਈ ਮਜ਼ਬੂਤ ਸੁਰੱਖਿਆ ਮਾਪਦੰਡਾਂ ਅਤੇ ਨੀਤੀਆਂ ਦੀ ਲੋੜ ਹੈ।

ਚੌਥੀ ਚੁਣੌਤੀ ਬੀਸੀਆਈ ਦੀ ਮਹਿੰਗੀ ਲਾਗਤ ਹੈ। ਇਹ ਤਕਨਾਲੌਜੀ ਹੁਣ ਵੀ ਬਹੁਤ ਮਹਿੰਗੀ ਹੈ, ਜਿਸ ਕਰਕੇ ਇਹ ਸਿਰਫ ਵਿਸ਼ੇਸ਼ ਲੋਕਾਂ ਜਾਂ ਮੈਡੀਕਲ ਖੇਤਰਾਂ ਤੱਕ ਸੀਮਿਤ ਹੈ। ਆਮ ਲੋਕਾਂ ਲਈ ਇਸਨੂੰ ਸਸਤਾ ਬਣਾਉਣਾ ਵੱਡੀ ਚੁਣੌਤੀ ਹੈ, ਅਤੇ ਇਸਦੇ ਖੋਜ ਅਤੇ ਵਿਕਾਸ ਵਿਚ ਵੱਡੀ ਮਿਹਨਤ ਅਤੇ ਵਿੱਤੀ ਸਮਰਥਨ ਦੀ ਲੋੜ ਹੁੰਦੀ ਹੈ, ਅਤੇ ਇਸ ਤਕਨਾਲੌਜੀ ਨੂੰ ਸਮਾਜਿਕ ਤੌਰ 'ਤੇ ਵੀ ਸਵੀਕਾਰ ਕਰਨ ਵਿਚ ਚੁਣੌਤੀਆਂ ਹਨ। ਬਹੁਤ ਸਾਰੇ ਲੋਕ ਇਸਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਤੋਂ ਸੰਕੋਚ ਕਰਦੇ ਹਨ, ਕਿਉਂਕਿ ਉਹ ਮੰਨਦੇ ਹਨ ਕਿ ਇਹ ਮਨੁੱਖੀ ਦਿਮਾਗ ਨਾਲ ਜੁੜੇ ਅਧਿਕਾਰਾਂ ਅਤੇ ਨੈਤਿਕ ਮੁੱਲਾਂ ਨੂੰ ਖ਼ਤਰੇ ਵਿਚ ਪਾ ਸਕਦਾ ਹੈ।

ਇਨ੍ਹਾਂ ਸਭ ਚੁਣੌਤੀਆਂ ਦੇ ਬਾਵਜੂਦ, ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਇਸ ਤਕਨਾਲੌਜੀ 'ਤੇ ਪੂਰਾ ਭਰੋਸਾ ਹੈ। ਉਹ ਮੰਨਦੇ ਹਨ ਕਿ ਨਵੀਆਂ ਖੋਜਾਂ, ਬਿਹਤਰ ਉਪਕਰਣਾਂ ਅਤੇ ਇਸ ਨੂੰ ਚਲਾਉਣ ਵਾਲੇ ਕੰਪਿਊਟਰ ਪ੍ਰੋਗਰਾਮ, ਅਤੇ ਸੁਰੱਖਿਆ ਮਾਪਦੰਡਾਂ ਨਾਲ ਇਹ ਚੁਣੌਤੀਆਂ ਕਾਬੂ ਕੀਤੀਆਂ ਜਾ ਸਕਦੀਆਂ ਹਨ। ਇਸ ਤਕਨਾਲੌਜੀ ਨੇ ਭਵਿੱਖ ਵਿਚ ਮਨੁੱਖੀ ਜੀਵਨ ਨੂੰ ਬਦਲਣ ਦੀ ਸੰਭਾਵਨਾ ਜਗਾਈ ਹੈ।

**ਭਵਿੱਖੀ ਸੰਭਾਵਨਾ:** ਦਿਮਾਗ-ਕੰਪਿਊਟਰ ਸੰਪਰਕ ਦਾ ਭਵਿੱਖ ਕਾਫੀ ਰੌਸ਼ਨ ਅਤੇ ਸੰਭਾਵਨਾਵਾਂ ਨਾਲ ਭਰਪੂਰ ਹੈ, ਖ਼ਾਸ ਕਰਕੇ ਮੈਡੀਕਲ ਵਿਗਿਆਨ ਦੇ ਖੇਤਰ ਵਿਚ। ਇਸ ਤਕਨਾਲੌਜੀ ਦੀ ਮਦਦ ਨਾਲ ਮਰੀਜ਼ ਦਿਮਾਗ ਦੇ ਸੰਕੇਤਾਂ ਦੁਆਰਾ ਮਸ਼ੀਨਾਂ ਜਾਂ ਕੰਪਿਊਟਰਾਂ ਨੂੰ ਕੰਟਰੋਲ ਕਰ ਸਕਦੇ ਹਨ। ਭਵਿੱਖ ਵਿਚ, ਇਹ ਤਕਨਾਲੌਜੀ ਹੋਰ ਵੱਡੇ ਬਦਲਾਅ ਲਿਆ ਸਕਦੀ ਹੈ। ਉਦਾਹਰਣ ਲਈ, ਪੈਰਾਲਾਈਜ਼ਡ ਮਰੀਜ਼ ਰੋਬੋਟਿਕ ਹੱਥਾਂ ਜਾਂ ਵ੍ਹੀਲਚੇਅਰ ਨੂੰ ਦਿਮਾਗੀ ਸੰਕੇਤਾਂ ਨਾਲ ਆਪਰੇਟ ਕਰ ਸਕਣਗੇ। ਇਸ ਨਾਲ, ਮਰੀਜ਼ ਦਿਮਾਗੀ ਸੰਕੇਤਾਂ ਦੁਆਰਾ ਲਿਖਾਈ ਜਾਂ ਬੋਲੀ ਨੂੰ ਰੀਅਲ ਟਾਈਮ ਵਿਚ ਜਾਰੀ ਰੱਖ ਸਕਣਗੇ, ਜਿਸ ਨਾਲ ਅਪੰਗਤਾ ਵਾਲੇ ਲੋਕਾਂ ਦੀ ਜ਼ਿੰਦਗੀ ਬਿਹਤਰ ਹੋ ਸਕਦੀ ਹੈ।

ਮੈਡੀਕਲ ਰੀਹੈਬਿਲੀਟੇਸ਼ਨ ਦੇ ਖੇਤਰ ਵਿਚ ਵੀ ਇਹ ਇਨਕਲਾਬ ਲਿਆ ਸਕਦੀ ਹੈ। ਸਟ੍ਰੋਕ ਦੇ ਸ਼ਿਕਾਰ ਮਰੀਜ਼ ਇਸ ਤਕਨਾਲੌਜੀ ਦੀ ਮਦਦ ਨਾਲ ਆਪਣੇ ਹੱਥਾਂ ਜਾਂ ਪੈਰਾਂ ਦੀ ਮੁੜ ਚਾਲ ਕਰਨ ਦੀ ਯੋਗਤਾ ਪਾਉਣਗੇ। ਇਹ ਤਕਨਾਲੌਜੀ ਡਿਪਰੈਸ਼ਨ ਅਤੇ ਪੋਸਟ-ਟ੍ਰਾਮੈਟਿਕ ਸਟ੍ਰੈਸ ਡਿਸਆਰਡਰ ਜਿਹੀਆਂ ਮਾਨਸਿਕ ਬਿਮਾਰੀਆਂ ਦੇ ਇਲਾਜ ਵਿਚ ਵੀ ਵਰਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਅਲਜ਼ਾਈਮਰ ਅਤੇ ਪਾਰਕਿੰਸਨ ਵਰਗੇ ਦਿਮਾਗੀ ਰੋਗਾਂ ਦੇ ਇਲਾਜ ਲਈ ਵੀ ਇਹ ਨਵੀਆਂ ਰਾਹਾਂ ਖੋਲ੍ਹ ਰਹੀ ਹੈ।

ਦਿਮਾਗ-ਕੰਪਿਊਟਰ ਸੰਪਰਕ ਨੂੰ ਦਿਮਾਗੀ ਜਾਣਕਾਰੀ ਦੇ ਬੈਕਅੱਪ ਅਤੇ ਪੁਨਰਸਥਾਪਨਾ ਲਈ ਵੀ ਵਰਤਿਆ ਜਾ ਸਕਦਾ ਹੈ। ਇਹ ਯਾਦਾਂ, ਜਾਣਕਾਰੀ ਅਤੇ ਦਿਮਾਗੀ ਸੰਕੇਤਾਂ ਨੂੰ ਡਿਜੀਟਲ ਰੂਪ ਵਿਚ ਸੁਰੱਖਿਅਤ ਕਰਨ ਦੀ ਯੋਗਤਾ ਰੱਖਦੀ ਹੈ। ਜੇਕਰ ਕੋਈ ਵਿਅਕਤੀ ਸਟ੍ਰੋਕ ਜਾਂ ਯਾਦਦਾਸ਼ਤ ਖੋਹ ਬੀਮਾਰੀ ਦਾ ਸ਼ਿਕਾਰ ਹੁੰਦਾ ਹੈ, ਤਾਂ ਇਹ ਸੁਰੱਖਿਅਤ ਕੀਤੀ ਜਾਣਕਾਰੀ ਉਸਦੇ ਦਿਮਾਗ ਵਿਚ ਦੁਬਾਰਾ ਪੁਨਰ-ਸਥਾਪਤ ਕੀਤੀ ਜਾ ਸਕਦੀ ਹੈ। ਇਹ ਵਿਸ਼ੇਸ਼ ਤੌਰ 'ਤੇ ਨਿਊਰੋਡੀਜਨਰੇਟਿਵ ਰੋਗਾਂ ਦੇ ਇਲਾਜ ਲਈ ਬਹੁਤ ਮਦਦਗਾਰ ਹੋ ਸਕਦਾ ਹੈ। ਹਾਲਾਂਕਿ ਇਸ ਪ੍ਰਕਿਰਿਆ ਲਈ ਹੋਰ ਖੋਜ ਦੀ ਲੋੜ ਹੈ, ਪਰ ਇਹ ਯਾਦਾਂ ਨੂੰ ਸੰਭਾਲਣ ਅਤੇ ਮੁੜ ਪ੍ਰਾਪਤ ਕਰਨ ਲਈ ਨਵੀਂ ਉਮੀਦ ਦਿਖਾਉਂਦੀ ਹੈ।

ਭਾਰਤ ਵਿਚ ਇਸ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਦੂਰ-ਦੁਰਾਡੇ ਖੇਤਰਾਂ ਵਿਚ ਜਿੱਥੇ ਮੈਡੀਕਲ ਸਹੂਲਤਾਂ ਘੱਟ ਹਨ, ਇਹ ਤਕਨਾਲੌਜੀ ਦੂਰ-ਵਰਤੀ ਸਹੂਲਤਾਂ ਪਹੁੰਚਾਉਣ ਵਿਚ ਮਦਦਗਾਰ ਹੋ ਸਕਦੀ ਹੈ। ਆਈ.ਆਈ.ਟੀ. ਮਦਰਾਸ ਅਤੇ ਏਮਜ਼ ਦਿੱਲੀ ਵਰਗੀਆਂ ਸੰਸਥਾਵਾਂ ਇੰਵੈਸਿਵ ਅਤੇ ਨਾਨ-ਇੰਵੈਸਿਵ ਉਪਕਰਣਾਂ ਨੂੰ ਸਸਤਾ ਬਣਾਉਣ ਲਈ ਕੰਮ ਕਰ ਰਹੀਆਂ ਹਨ। ਅਜਿਹੇ ਪ੍ਰੋਜੈਕਟ, ਜਿਵੇਂ ਵ੍ਹੀਲਚੇਅਰਾਂ ਨੂੰ ਦਿਮਾਗ ਦੇ ਸੰਕੇਤਾਂ ਨਾਲ ਚਲਾਉਣਾ, ਭਵਿੱਖ ਵਿਚ ਦਿਹਾਤੀ ਖੇਤਰਾਂ ਲਈ ਬਹੁਤ ਸਹਾਇਕ ਹੋਣਗੇ।

ਮੈਡੀਕਲ ਖੇਤਰ ਤੋਂ ਇਲਾਵਾ ਇਸ ਨੂੰ ਸਿੱਖਿਆ ਵਿਚ ਵੀ ਵਰਤਿਆ ਜਾ ਸਕਦਾ ਹੈ। ਮਿਸਾਲ ਲਈ, ਜੇਕਰ ਕੋਈ ਵਿਦਿਆਰਥੀ ਲਿਖਣ ਦੇ ਯੋਗ ਨਹੀਂ ਹੈ, ਤਾਂ ਉਹ ਦਿਮਾਗੀ ਸੰਕੇਤਾਂ ਦੁਆਰਾ ਅਕਾਦਮਿਕ ਟੀਚੇ ਹਾਸਲ ਕਰ ਸਕੇਗਾ। ਇਸ ਤਕਨਾਲੌਜੀ ਦੇ ਵਿਕਾਸ ਨਾਲ, ਭਾਰਤ ਇਸ ਖੇਤਰ ਵਿਚ ਗਲੋਬਲ ਲੀਡਰ ਬਣ ਸਕਦਾ ਹੈ। ਜਦੋਂ ਇਹ ਸਸਤੀ, ਸੌਖੀ ਅਤੇ ਲੋਕਾਂ ਲਈ ਪ੍ਰਾਪਤਯੋਗ ਹੋਵੇਗੀ, ਤਦ ਇਸਦੀ ਪਹੁੰਚ ਹਰੇਕ ਵਰਗ ਤੱਕ ਹੋ ਸਕੇਗੀ।

ਦਿਮਾਗ-ਕੰਪਿਊਟਰ ਸੰਪਰਕ ਇੱਕ ਕ੍ਰਾਂਤੀਕਾਰੀ ਤਕਨਾਲੌਜੀ ਹੈ ਜੋ ਮਨੁੱਖੀ ਜੀਵਨ ਵਿਚ ਵੱਡੇ ਬਦਲਾਅ ਲਿਆ ਸਕਦੀ ਹੈ। ਮੈਡੀਕਲ ਖੇਤਰ ਵਿਚ ਇਸ ਤਕਨਾਲੌਜੀ ਨੇ ਅਸਮਰੱਥ ਲੋਕਾਂ ਲਈ ਨਵੀਂ ਉਮੀਦ ਜਗਾਈ ਹੈ ਅਤੇ ਦੁਰਲੱਭ ਬਿਮਾਰੀਆਂ ਦੇ ਇਲਾਜ ਵਿਚ ਯੋਗਤਾ ਦਿਖਾਈ ਹੈ। ਭਾਰਤ ਵਿਚ ਇਸ ਦੀ ਸਸਤੀ ਅਤੇ ਲੋਕਪ੍ਰਿਯ ਵਰਤੋਂ ਨਾਲ ਇਹ ਹਰ ਵਰਗ ਦੇ ਲੋਕਾਂ ਤੱਕ ਪਹੁੰਚ ਸਕਦੀ ਹੈ। ਹਾਲਾਂਕਿ ਕਈ ਚੁਣੌਤੀਆਂ ਹਨ, ਪਰ ਖੋਜ ਅਤੇ ਨਵੀਂ ਦਿਸ਼ਾ ਇਸ ਤਕਨਾਲੌਜੀ ਨੂੰ ਭਵਿੱਖ ਵਿਚ ਇੱਕ ਅਨਮੋਲ ਚੀਜ਼ ਬਣਾਉਣ ਦੇ ਰਸਤੇ ਸਾਫ ਕਰ ਰਹੇ ਹਨ। ਦਿਮਾਗ-ਕੰਪਿਊਟਰ ਸੰਪਰਕ ਮਨੁੱਖ ਅਤੇ ਮਸ਼ੀਨ ਦੇ ਰਿਸ਼ਤੇ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਹੈ।

## ਸੰਪਾਦਕ ਦੀ ਡਾਕ

***ਸੰਪਾਦਕ ਜੀ,***

'ਪੰਜਾਬ ਟਾਈਮਜ਼' ਵਿਚ ਛਪਦੀ ਸਾਹਿਤਕ ਸਮੱਗਰੀ ਪੜ੍ਹਨਯੋਗ ਹੁੰਦੀ ਹੈ ਇਸ ਲਈ ਜ਼ਰੂਰ ਪੜ੍ਹਦਾ ਹਾਂ। ਧਾਰਮਿਕ ਅਤੇ ਰਾਜਨੀਤਕ ਬਾਈਪਾਸ ਕਰ ਜਾਂਦਾ ਹਾਂ ਕਿਉਂਕਿ ਉਸ ਵਿਚ ਮੇਰੀ ਬਹੁਤੀ ਰੁਚੀ ਨਹੀਂ ਹੁੰਦੀ। ਪਰ ਇਸ ਦੇ ਬਾਵਜੂਦ 'ਪੰਜਾਬ ਟਾਈਮਜ਼' ਦੇ 18 ਜਨਵਰੀ ਦੇ ਅੰਕ ਵਿਚਲੇ ਸੰਪਾਦਕ ਨੂੰ ਲਿਖੇ ਖਤਾਂ ਨੇ ਧਿਆਨ ਆਕਰਸ਼ਿਤ ਕੀਤਾ ਹੈ। ਇਸ ਦਾ ਕਾਰਨ ਇਸ ਵਿਚ ਛਪੇ ਡਾ. ਗੁਰਨਾਮ ਕੌਰ ਅਤੇ ਸ. ਹਜ਼ਾਰਾ ਸਿੰਘ ਦੇ ਖਤ ਸਨ। ਹਰਚਰਨ ਸਿੰਘ ਪਰਹਾਰ ਦੇ ਲੇਖਾਂ ਦਾ ਮੈਂ ਕਾਫੀ ਹੱਦ ਤੱਕ ਸਮਰਥਕ ਹਾਂ। ਹਜ਼ਾਰਾ ਸਿੰਘ ਦੇ ਨਿਰਪੱਖ ਵਿਚਾਰਾਂ ਦਾ ਵੀ ਕਾਇਲ ਹਾਂ। ਬਹੁਤ ਘੱਟ ਲੇਖਕ ਵਿਚਾਰਕ ਹਨ, ਜੋ ਸਿੱਖ ਧਰਮ ਅਤੇ ਰਾਜਨੀਤੀ ਵਿਚ ਆ ਰਹੇ ਨਿਘਾਰ ਦਾ ਬੇਬਾਕੀ ਨਾਲ ਵਿਸ਼ਲੇਸ਼ਣ ਕਰਦੇ ਹਨ ਅਤੇ 'ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ' ਦਾ ਸ਼ਲਾਘਾਯੋਗ ਉਪਰਾਲਾ ਕਰਦੇ ਹਨ, ਨਹੀਂ ਤਾਂ ਬਹੁਤੇ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਹਕੂਮਤਾਂ ਸਿਰ ਮੜ੍ਹ ਸੁਰਖ਼ੁਰੂ ਹੋ ਜਾਂਦੇ ਹਨ। ਬਹੁਤਿਆਂ ਦਾ ਨਿਸ਼ਾਨਾਂ ਤਾਂ ਹਿੰਦੂਤਵ ਅਤੇ ਭਾਰਤੀ ਹਕੂਮਤ ਹੀ ਹੁੰਦੀ ਹੈ ਜੋ ਪਤਾ ਨਹੀਂ ਕਿਉਂ ਸਿੱਖਾਂ ਮਗਰ ਪਈ ਹੈ ਅਤੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰਦੀ ਰਹਿੰਦੀ ਹੈ। ਅੱਜ ਕੋਈ ਵੀ ਉੱਠ ਕੇ ਇਹ ਵਿਸ਼ਾ ਛੋਹ ਲਵੇ ਤੇ ਕੇਂਦਰ ਅਤੇ ਹਿੰਦੂਤਵ ਨੂੰ ਗਾਲ੍ਹਾਂ ਕੱਢ ਦਵੇ, ਰਾਤੋ-ਰਾਤ ਪੰਜਾਬ ਦੇ ਲੋਕ ਉਸ ਨੂੰ ਆਪਣਾ ਹੀਰੋ ਮੰਨ ਲੈਂਦੇ ਹਨ। ਮੋਦੀ ਸਰਕਾਰ ਦੀਆਂ ਨੀਤੀਆਂ ਵਿਚ ਸੌ ਕਾਨਤਾਂ ਹੋਣਗੀਆਂ, ਪਰੰਤੂ ਇਹ ਵੀ ਦੱਸੋ ਮੌਜੂਦਾ ਸਮੇਂ ਦੌਰਾਨ ਅਮਰੀਕਾ ਤੋਂ ਲੈ ਕੇ ਪਾਕਿਸਤਾਨ, ਬੰਗਲਾ ਦੇਸ਼ ਜਾਂ ਸ੍ਰੀ ਲੰਕਾ ਵਰਗੇ ਤੁਹਾਡੇ ਗੁਆਂਢੀ ਦੇਸ਼ਾਂ ਦੀਆਂ ਸਰਕਾਰਾਂ ਵਿਚੋਂ ਕਿਹੜੀ ਸਰਕਾਰ ਵਿਚ ਘੱਟ ਖਾਮੀਆਂ ਹਨ। ਭਾਜਪਾ ਦੀ ਰਾਜਨੀਤੀ ਦੀ ਆਲੋਚਨਾ ਕੋਈ ਜੀਅ ਸਦਕੇ ਕਰੇ, ਪਰੰਤੂ ਲੋਕਾਂ ਨੂੰ ਇਹ ਵੀ ਤਾਂ ਦੱਸੇ ਕਿ ਪਿਛਲੇ 50-60 ਦਾਲਾਂ ਦੌਰਾਨ ਸਿੱਖ ਰਾਜਨੀਤਕ ਪਾਰਟੀਆਂ ਕਿਸ ਕਿਸ ਤਰ੍ਹਾਂ ਦੇ ਚੱਜ ਕਰਦੀਆਂ ਰਹੀਆਂ ਹਨ।

ਹੁਣ ਸੰਪਾਦਕੀ ਖਤਾਂ ਵੱਲ ਆਉਂਦੇ ਹਾਂ। ਡਾ. ਗੁਰਨਾਮ ਕੌਰ ਨੇ ਪਰਹਾਰ ਦੇ ਲੇਖ ਦੇ ਅਖੀਰ ਵਿਚ ਇਕੋ ਪਹਿਰੇ ਨੂੰ ਉਸ ਦੇ ਸੰਦਰਭ ਨਾਲੋਂ ਤੋੜ ਕੇ ਜਮ੍ਹਾਂ ਹੀ ਅਰਥਾਂ ਦੇ ਅਨਰਥ ਕਰ ਮਾਰੇ ਹਨ। ਉਸਨੂੰ ਸੌਦਾ ਸਾਧ ਦਾ ਹਮਦਰਦ ਦੱਸਿਆ ਹੈ। ਫੇਰ ਤਾਂ ਡਾਕਟਰ ਸਾਹਿਬਾ ਆਪ ਜੀ ਵੀ ਉਨ੍ਹਾਂ ਟਕਸਾਲੀਆਂ ਅਤੇ ਸਿੱਖ ਧਰਮ ਦੇ ਠੇਕੇਦਾਰਾਂ ਦੇ ਹਮਦਰਦ ਕਹੇ ਜਾ ਸਕਦੇ ਹੋ, ਜੋ ਆਪਣੀ ਕੱਟੜਤਾ ਅਤੇ ਹਿੰਸਕ (ਧੌਂਸ) ਬਿਰਤੀ ਸਦਕਾ ਲਗਾਤਾਰ ਸਿੱਖੀ ਨੂੰ ਖੋਰਾ ਲਾ ਰਹੇ ਹਨ ਅਤੇ ਕਿਸੇ ਕਲਪਿਤ ਦੁਸ਼ਮਣ ਖ਼ਿਲਾਫ ਜੰਗ ਛੇੜੀ ਰੱਖਦੇ ਹਨ। ਸੌਦਾ ਸਾਧ ਨੇ ਉਸ ਇਤਰਾਜ਼ਯੋਗ ਘਟਨਾ ਉਪਰੰਤ ਫੌਰਨ ਮਾਫੀ ਮੰਗਦਿਆਂ ਕਿਹਾ ਸੀ ਕਿ ਉਸ ਦੇ ਭਗਤ ਉਸ ਨੂੰ ਵੰਨ-ਸੁਵੰਨੀਆਂ ਪੁਸ਼ਾਕਾਂ ਭੇਟ ਕਰਦੇ ਰਹਿੰਦੇ ਹਨ ਅਤੇ ਇਹ ਸਭ ਸੰਜੋਗਵਸ ਹੋ ਗਿਆ। ਉਹ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਬਾਰੇ ਸੋਚ ਵੀ ਨਹੀਂ ਸਕਦਾ। ਇਸ ਨਾਲ ਵਿਵਾਦ ਖਤਮ ਹੋ ਜਾਣਾ ਚਾਹੀਦਾ ਸੀ। ਜੋ ਦੋਸ਼ ਉਸ ਉੱਪਰ ਸਾਬਤ ਹੋ ਗਏ ਉਸ ਦੀ ਸਜ਼ਾ ਉਹ ਭੁਗਤ ਰਿਹਾ ਹੈ, ਪਰ ਧਰਮ ਦੇ ਠੇਕੇਦਰਾਂ ਨੂੰ ਕਿੱਥੇ ਚੈਨ ਜਿਨ੍ਹਾਂ ਦੇ ਸ਼ਰਧਾਲੂ ਕੋਟੇ ਨੂੰ ਉਹ ਸਾਧ ਖੋਰਾ ਲਾ ਰਿਹਾ ਸੀ। ਫੇਰ ਉਸ ਨੂੰ ਅਕਾਲ ਤਖ਼ਤ ਬੁਲਾ ਕੇ ਨੱਕ ਰਗੜਵਾਉਣ ਦੀਆਂ ਵਿਉਂਤਾਂ ਬਣਦੀਆਂ ਰਹੀਆਂ। ਲਾਅਲਾ-ਲਾਅਲਾ ਕਰਕੇ ਵਿਰੋਧੀਆਂ ਮਗਰ ਪੈ ਜਾਣਾ ਅਤੇ ਡਰਾ ਧਮਕਾ ਕੇ (ਜਾਨੋਂ ਮਾਰ ਕੇ ਵੀ) ਵੀ ਆਪਣੀ ਈਨ ਮਨਵਾਉਣੀ ਕਦੋਂ ਅਤੇ ਕਿਸ ਦੁਆਰਾ ਸਿੱਖ ਸਿਧਾਂਤਾਂ ਵਿਚ ਸ਼ਾਮਲ ਕਰ ਲਿਆ ਗਿਆ ਕਿਸੇ ਨੂੰ ਨਹੀਂ ਪਤਾ।

ਸੌਧਾ ਸਾਧ ਤੋਂ ਪਹਿਲਾਂ ਇਸੇ ਤਰ੍ਹਾਂ ਨਿਰੰਕਾਰੀ ਪੰਥ ਨਾਲ ਕੀਤਾ ਗਿਆ। ਅੰਮ੍ਰਿਤਸਰ ਸ਼ਹਿਰ ਸਿੱਖੀ ਦਾ ਧੁਰਾ ਹੈ। ਲੱਖਾਂ ਸ਼ਰਧਾਵਾਨ ਅਤੇ ਗੈਰ-ਸ਼ਰਧਾਵਾਨ ਲੋਕ ਉਥੇ ਵਸਦੇ ਹਨ। ਉਥੇ ਨਿਰੰਕਾਰੀਆਂ ਦਾ ਸਮਾਗਮ ਤਿੰਨ ਦਿਨਾਂ ਤਕ ਅਮਨ-ਸ਼ਾਂਤੀ ਨਾਲ ਚਲਿਆ। ਸਾਰੇ ਸ਼ਹਿਰ ਵਿਚ ਕਿਸੇ ਨੂੰ ਕੋਈ ਤਕਲੀਫ ਨਾ ਹੋਈ; ਚਿੜੀ ਤਕ ਨਾ ਫੜਕੀ। ਤਾਂ ਫਿਰ ਆਖਰੀ ਦਿਨ ਚੰਦ ਲੋਕਾਂ ਵਲੋਂ ਜਾ ਕੇ ਉਸ ਨੂੰ ਖੜ੍ਹੇ ਪੈਰ ਰੁਕਵਾਉਣ ਦੀ ਕੋਸ਼ਿਸ਼ ਕਰਨ ਦੀ ਕੀ ਲੋੜ ਸੀ? ਬੇਲੋੜਾ ਖ਼ੂਨ-ਖਰਾਬਾ ਹੋਇਆ। ਦਮਦਮੀ ਟਕਸਾਲ ਦੇ ਸਮਰਥਕਾਂ ਨੇ ਨਿਰੰਕਾਰੀ ਬਾਬੇ ਅਤੇ ਉਸੇ ਕਈ ਸਿਤਾਰਿਆਂ ਨੂੰ ਗੋਲੀਆਂ ਨਾਲ ਭੰਨ ਦਿੱਤਾ। ਪਿਛੋਂ ਉਸਦੇ ਜਾਨਸ਼ੀਨ ਬਾਬਾ ਹਰਦੇਵ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲੋਂ ਬੜੀ ਆਜ਼ਜੀ ਨਾਲ ਮੁਆਫੀ ਮੰਗੀ। ਜੇ ਉਸ ਨੂੰ ਜ਼ਰਾ ਖੁੱਲ੍ਹੇ ਮਨ ਨਾਲ ਬਖਸ਼ ਦਿੱਤਾ ਜਾਂਦਾ ਤਾਂ ਪੰਥ ਦਾ ਭਲਾ ਕਿੰਨਾ ਕੁ ਨੁਕਸਾਨ ਹੋ ਜਾਣਾ ਸੀ। ਐਸੇ ਸਵਾਲ ਉਠਾਉਣ ਦੀ ਕੀ ਕਿਸੇ ਅੰਦਰ ਇਖਲਾਕੀ ਜੁਰਅਤ ਨਹੀਂ ਹੋਣੀ ਚਾਹੀਦੀ, ਜ਼ਰੂਰ ਹੋਣੀ ਚਾਹੀਦੀ ਹੈ। ਪਰਹਾਰ ਦੇ ਲੇਖਾਂ ਵਿਚ ਬੜੀਆਂ ਗੱਲਾਂ ਅਜਿਹੀਆਂ ਹਨ, ਜੋ ਫੁੱਟ ਪਾਉਣ ਵਾਲੀਆਂ ਨਹੀਂ ਹਨ।

ਸੰਪਾਦਕਾ ਜੀ ਜੇ ਇਜਾਜ਼ਤ ਹੋਵੇ ਤਾਂ ਆਪ ਨਾਲ ਵੀ ਥੋੜ੍ਹਾ ਆਢਾ ਲਾਉਣਾ ਹੈ। ਤੁਹਾਨੂੰ ਯਾਦ ਹੋਣੈਂ ਇਕੇਰਾਂ ਮੈਂ ਡਾ. ਰਿਜਵਨ ਅਹਿਮਦ ਦੇ ਇੱਕ ਅੰਗਰੇਜ਼ੀ ਵਿਚ ਲਿਖੇ ਲੇਖ ਦਾ ਪੰਜਾਬੀ ਅਨੁਵਾਦ ਕਰ ਕੇ ਆਪ ਨੂੰ ਭੇਜਿਆ ਸੀ, ਜਿਸ ਵਿਚ ਉਨ੍ਹਾਂ ਬੜੀ ਨਿਰਪੱਖਤਾ ਨਾਲ ਭਾਰਤ ਅੰਦਰ ਪਨਪ ਰਹੀ ਹਿੰਦੂ-ਮੁਸਲਿਮ ਸਮੱਸਿਆ ਲਈ ਬਹੁਤਾ ਦੋਸ਼ ਮੁਸਲਿਮ ਕੱਟੜਤਾ ਸਿਰ ਮੜ੍ਹਿਆ ਸੀ। ਆਪ ਨੇ ਉਹ ਛਾਪ ਤਾਂ ਦਿੱਤਾ ਪਰ ਕੈਪਸ਼ਨ ਵਿਚ ਲਿਖ ਦਿੱਤਾ, 'ਹਿੰਦੂ ਇਹ ਨਾ ਸਮਝਣ ਕਿ ਅਸੀਂ ਦੁੱਧ ਧੋਤੇ ਹਾਂ।' ਵਾਹ ਸੰਪਾਦਕਾ ਜੀ ਵਾਹ! 'ਪੰਜਾਬ ਟਾਈਮਜ਼' ਵਿਚ ਬੀ.ਜੇ.ਪੀ. ਅਤੇ ਇਸ ਦੇ ਕੱਟੜ ਹਿੰਦੂਤਵ ਏਜੰਡੇ ਵਿਰੁੱਧ ਅਕਸਰ ਲੇਖ ਛਪਦੇ ਰਹਿੰਦੇ ਹਨ ਪਰ ਤੁਸਾਂ ਕਦੇ 'ਸਿੱਖ ਇਹ ਨਾ ਸਮਝਣ ਕਿ ਅਸੀਂ ਦੁੱਧ ਧੋਤੇ ਹਾਂ' ਲਿਖਣ ਦੀ ਜ਼ਹਿਮਤ ਨਹੀਂ ਕੀਤੀ। ਕਰ ਵੀ ਨਹੀਂ ਸਕਦੇ ਕਿਉਂਕਿ ਵਿਦੇਸ਼ੀ ਪੰਜਾਬੀ ਮੀਡੀਆ ਵਿਦੇਸ਼ਾਂ ਵਿਚ ਬੈਠੇ ਪਾਠਕਾਂ ਦਾ ਕੰਨ ਰਸ ਜਾਣਦਾ ਹੈ ਜਿਨ੍ਹਾਂ ਨੂੰ ਖੁਸ਼ ਰੱਖਣਾ ਹੁੰਦਾ ਹੈ। 'ਪੰਜਾਬ ਟਾਈਮਜ਼' ਵਿਚ ਹੀ ਹਿੰਦੂਤਵ ਵਿਰੋਧੀਆਂ ਨੂੰ ਖੁਸ਼ ਕਰਦਾ ਇੱਕ ਸੱਜਣ ਦਾ ਲੇਖ ਛਪਿਆ ਹੈ ਜਿਸ ਵਿਚ ਉਸ ਨੇ ਸੈਫ ਅਲੀ ਖਾਨ ਦੇ ਬੇਟੇ ਦਾ ਨਾਂਅ 'ਤੈਮੂਰ' ਰੱਖਣ 'ਤੇ ਇਤਰਾਜ਼ ਕਰਨ ਵਾਲਿਆਂ ਦੀ ਆਲੋਚਨਾ ਕੀਤੀ ਹੈ। 'ਮੁਸਲਮ ਹਿੰਦੂਆਂ ਨਾਲ ਨਹੀਂ ਰਹਿ ਸਕਦੇ' ਏਜੰਡੇ ਨਾਲ ਵੰਡ ਹੋਈ ਜਿਸ ਵਿਚ ਦਸ ਲੱਖ ਲੋਕਾਂ ਜਾਨ ਗਵਾਈ ਅਤੇ ਦਰਬਦਰ ਹੋਏ। ਪਾਕਿਸਤਾਨ ਇਸਲਾਮਕ ਦੇਸ਼ ਬਣ ਗਿਆ ਜਦਕਿ ਭਾਰਤ ਧਰਮ ਨਿਰਪੱਖ ਬਣਿਆ ਰਿਹਾ। ਇਸ ਉਪਰੰਤ ਹੁਣ ਤੱਕ ਪਾਕਿਸਤਾਨ ਵਿਚਲੀ ਰਹਿ ਗਈ ਹਿੰਦੂ-ਸਿੱਖ ਆਬਾਦੀ ਦਾ ਵੱਡਾ ਹਿੱਸਾ ਦੇਸ਼ ਛੱਡਣ ਲਈ ਮਜਬੂਰ ਹੋਇਆ, ਜਦਕਿ ਭਾਰਤ ਵਿਚਲਾ ਇੱਕ ਵੀ ਮੁਸਲਮਾਨ ਭਾਰਤ ਛੱਡਣ ਲਈ ਤਿਆਰ ਨਹੀਂ। ਬੇਟੇ ਦਾ ਨਾਂਅ ਰੱਖਣ ਲਈ ਲੱਖਾਂ ਆਪਸ਼ਨ ਹੁੰਦੇ ਹੋਏ ਵੀ ਬਦਨਾਮ ਹਮਲਾਵਰ ਦਾ ਨਾਂਅ ਹੀ ਪਸੰਦ ਕੀਤਾ ਗਿਆ। ਦੂਜੇ ਬੇਟੇ ਦਾ ਨਾਂਅ ਜਹਾਂਗੀਰ ਰੱਖਿਆ ਗਿਐ। ਅੱਜ-ਕੱਲ੍ਹ ਅਗਾਂਹਵਧੂ 'ਤੇ ਵਿਵੇਕਸ਼ੀਲ ਲੋਕ ਬੱਚਿਆਂ ਦੇ ਨਾਂਅ ਅਜੇਹੇ ਰੱਖਦੇ ਹਨ ਜਿਨ੍ਹਾਂ ਵਿਚੋਂ ਕਿਸੇ ਧਰਮ ਦਾ ਮੁਸ਼ਕ ਨਾ ਆ ਕੇ ਇਨਸਾਨੀਅਤ ਦਾ ਸੁਨੇਹਾ ਹੋਵੇ। ਤੈਮੂਰ ਨਾਂਅ ਬਾਰੇ ਸਭ ਤੋਂ ਪਹਿਲਾਂ ਸਵਰਗੀ ਕੈਨੇਡੀਅਨ ਪੱਤਰਕਾਰ ਜਨਾਬ ਤਾਰਿਕ ਫਤਿਹ ਹੁਰਾਂ ਹੀ ਇਤਰਾਜ਼ ਪ੍ਰਗਟਾਇਆ ਸੀ ਤੇ ਉਹ ਕੱਟੜ ਮੁਸਲਮਾਨਾਂ ਦੀ ਹਿਟ ਲਿਸਟ 'ਤੇ ਸਨ, ਜਿਵੇਂ ਕਿ ਹਰ ਉਹ ਇਨਸਾਨ ਹੁੰਦਾ ਹੈ ਜੋ ਧਰਮਾਂ ਦੀ ਬਦਬੂ ਮਾਰਦੀ ਦਲਦਲ ਵਿਚੋਂ ਨਿਕਲ ਇਨਸਾਨੀਅਤ ਦੀ ਗੱਲ ਪਹਿਲਾਂ ਕਰੇ। ਖ਼ੈਰ ਕਹਿਣ ਲਈ ਬਹੁਤ ਕੁਝ ਹੈ ਪਰ ਨੱਕਾਰਖਾਨੇ ਵਿਚ ਤੂਤੀ ਦੀ ਮੱਧਮ ਆਵਾਜ਼ ਕਿਸ ਸੁਣਨੀ ਹੈ? ਕਿਸੇ ਦੀਆਂ ਭਾਵਨਾਵਾਂ ਆਹਤ ਹੋਈਆਂ ਹੋਣ ਹੱਥ ਜੋੜ ਮੁਆਫੀ ਮੰਗਦਾ ਹਾਂ। ਧੰਨਵਾਦ!

***-ਹਰਜੀਤ ਦਿਉਲ***
***ਬਰੈਂਪਟਨ।***

ਜਾਈਆਂ ਖੇਡ ਮੈਦਾਨ ਦੀਆਂ -5

# ਮਝੈਲਣ ਕੁਸ਼ਤੀ ਚੈਂਪੀਅਨ ਨਵਜੋਤ ਕੌਰ

ਕੁਸ਼ਤੀ ਖੇਡ ਵਿੱਚ ਪੰਜਾਬੀਆਂ ਨੇ ਬਹੁਤ ਮੱਲਾਂ ਮਾਰੀਆਂ ਹਨ। ਕੁਸ਼ਤੀ ਖੇਡ ਸਾਨੂੰ ਗੁਰੂ ਸਾਹਿਬਾਨ ਤੋਂ ਵਿਰਸੇ ਵਿੱਚ ਮਿਲੀ ਹੈ। ਪੁਰਸ਼ ਪਹਿਲਵਾਨਾਂ ਨੇ ਆਪਣੀ ਸਫਲਤਾ ਦੇ ਝੰਡੇ ਗੱਡੇ ਹਨ। ਮਹਿਲਾ ਪਹਿਲਵਾਨਾਂ ਵਿੱਚੋਂ ਨਵਜੋਤ ਕੌਰ ਦਾ ਨਾਮ ਚੋਟੀ ਉੱਤੇ ਆਉਂਦਾ ਹੈ ਜਿਸ ਨੇ ਜ਼ੋਰ ਤੇ ਜੁਗਤ ਦੇ ਸੁਮੇਲ ਵਾਲੀ ਇਸ ਰੂਹਦਾਰੀ ਤੇ ਜੀਅ ਖਾਨ ਨਾਲ ਖੇਡੀ ਜਾਣ ਵਾਲੀ ਖੇਡ ਵਿੱਚ ਪੰਜਾਬ ਦਾ ਨਾਮ ਰੌਸ਼ਨ




ਨਵਦੀਪ ਸਿੰਘ ਗਿੱਲ

ਕੀਤਾ ਹੈ।ਪੰਜਾਬ ਦੇ ਸਰਹੱਦੀ ਜ਼ਿਲ੍ਹੇ ਅਤੇ ਕੁਸ਼ਤੀ ਦੇ ਗੜ੍ਹ ਤਰਨ ਤਾਰਨ ਦੇ ਸਾਧਾਰਣ ਕਿਸਾਨ ਪਰਿਵਾਰ ਦੀ ਮਾਣਮੱਤੀ ਧੀ ਨਵਜੋਤ ਕੌਰ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਹੈ ਜਿਸ ਨੇ ਸੀਨੀਅਰ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਜਿੱਤੀ ਹੈ। ਉਸ ਨੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਤਮਗ਼ਿਆਂ ਦੀ ਹੈਟ੍ਰਿਕ ਲਗਾਉਂਦਿਆਂ ਤਿੰਨੋਂ ਰੰਗਾਂ ਦੇ ਤਮਗ਼ੇ ਜਿੱਤੇ ਹਨ। ਨਵਜੋਤ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੀ ਅਤੇ ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ ਹੈ। ਉਸ ਨੇ ਕੁਸ਼ਤੀ ਦੇ ਵਿਸ਼ਵ ਕੱਪ ਵਿੱਚ ਵੀ ਕਾਂਸੀ ਦਾ ਤਮਗ਼ਾ ਜਿੱਤਿਆ ਹੈ।



ਨਵਜੋਤ ਕੌਰ ਦਾ ਜਨਮ 10 ਫਰਵਰੀ 1990 ਨੂੰ ਤਰਨ ਤਾਰਨ ਜ਼ਿਲੇ ਦੇ ਪਿੰਡ ਬਾਗੜੀਆ ਵਿੱਚ ਪਿਤਾ ਸੁਖਚੈਨ ਸਿੰਘ ਦੇ ਘਰ ਹੋਇਆ। ਨਵਜੋਤ ਨੇ ਛੇਵੀਂ ਜਮਾਤ ਵਿੱਚ ਪੜ੍ਹਦਿਆਂ ਕੁਸ਼ਤੀ ਖੇਡਣੀ ਸ਼ੁਰੂ ਕਰ ਦਿੱਤੀ ਸੀ। ਸ਼ੁਰੂਆਤੀ ਪੜਾਅ ਵਿੱਚ ਉਸ ਨੇ ਕੁਸ਼ਤੀ ਦੇ ਗੁਰ ਕੋਚ ਅਸ਼ੋਕ ਕੁਮਾਰ ਤੋਂ ਸਿੱਖੇ।ਮੁੱਢ ਵਿੱਚ ਉਸ ਨੂੰ ਕਈ ਮੁਸ਼ਕਲਾਂ ਸਾਹਮਣਾ ਕਰਨਾ ਪਿਆ ਪਰ ਉਸ ਦੇ ਪਿਤਾ ਨੇ ਉਸ ਦਾ ਬਹੁਤ ਸਾਥ ਦਿੱਤਾ। ਪਹਿਲੀ ਵਾਰ ਜਦੋਂ ਉਸ ਨੇ ਜ਼ਿਲਾ ਪੱਧਰੀ ਟੂਰਨਾਮੈਂਟ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ (ਉਦੋਂ ਅੰਮ੍ਰਿਤਸਰ ਜ਼ਿਲਾ ਹੁੰਦਾ ਸੀ) ਤਾਂ ਉਸ ਦੇ ਪਿਤਾ ਨੇ ਨਵਜੋਤ ਦੀ ਖੇਡ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਨਵਜੋਤ ਨੇ ਆਪਣੇ ਪਰਿਵਾਰ ਦਾ ਪੂਰਾ ਨਾਮ ਚਮਕਾਇਆ।




ਨਵਜੋਤ ਦੀ ਵੱਡੀ ਭੈਣ ਨਵਜੀਤ ਕੌਰ ਵੀ ਕੁਸ਼ਤੀ ਖੇਡਦੀ ਸੀ ਜਿਸ ਨੇ ਲਗਾਤਾਰ ਤਿੰਨ ਵਾਰ ਨੈਸ਼ਨਲ ਚੈਂਪੀਅਨਸ਼ਿਪ ਜਿੱਤਣ ਸਮੇਤ ਕਈ ਕੌਮੀ ਤੇ ਕੌਮਾਂਤਰੀ ਮੁਕਾਬਲੇ ਜਿੱਤੇ। ਦੋਵੇਂ ਭੈਣਾਂ ਛੋਟੀਆਂ ਹੁੰਦੀਆਂ ਕੁਸ਼ਤੀ ਸਿੱਖਣ ਲਈ 13 ਕਿਲੋਮੀਟਰ ਸਾਈਕਲ ਚਲਾ ਕੇ ਜਾਂਦੀਆਂ ਸਨ। ਨਵਜੀਤ ਨੂੰ ਪਿੱਠ ਦੀ ਸੱਟ ਲੱਗਣ ਕਾਰਨ ਖੇਡ ਵਿਚਕਾਰ ਛੱਡਣੀ ਪਈ ਜਿਸ ਦੇ ਅਧੂਰੇ ਸੁਫ਼ਨੇ ਨੂੰ ਪੂਰਾ ਕਰਨ ਦਾ ਬੀੜਾ ਛੋਟੀ ਭੈਣ ਨਵਜੋਤ ਨੇ ਚੱਕਿਆ।ਨਵਜੋਤ ਨੇ ਬਾਰ੍ਹਵੀਂ ਕਲਾਸ ਤਰਨਤਾਰਨ ਦੇ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਤੋਂ ਪਾਸ ਕੀਤੀ ਅਤੇ ਗਰੈਜੂਏਸ਼ਨ ਡੀ.ਏ.ਵੀ. ਕਾਲਜ ਅੰਮ੍ਰਿਤਸਰ ਤੋਂ ਕੀਤੀ।ਨਵਜੋਤ ਨੇ ਆਪਣੀ ਪਹਿਲੀ ਵੱਡੀ ਪ੍ਰਾਪਤੀ ਕੌਮੀ ਪੱਧਰ ਉੱਤੇ ਵੀਹ ਵਰ੍ਹਿਆਂ ਦੀ ਉਮਰੇ ਉਦੋਂ ਖੱਟੀ ਜਦੋਂ ਉਸ ਨੇ ਸਾਲ 2010 ਵਿੱਚ ਰੋਹਤਕ ਅਤੇ ਝਾਰਖੰਡ ਵਿਖੇ ਹੋਈਆਂ ਦੋ ਨੈਸ਼ਨਲ ਕੁਸ਼ਤੀ ਚੈਂਪੀਅਨਸ਼ਿਪਾਂ ਵਿੱਚ ਹਿੱਸਾ ਲੈਂਦਿਆਂ ਦੋਵੇਂ ਵਾਰ ਸੋਨੇ ਦਾ ਤਮਗ਼ਾ ਜਿੱਤਿਆ।ਅਗਲੇ ਸਾਲ 2011 ਵਿੱਚ ਉਸ ਨੇ ਝਾਰਖੰਡ ਵਿਖੇ ਨੈਸ਼ਨਲ ਗੇਮਜ਼ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ।



ਸਾਲ 2011 ਵਿੱਚ ਹੀ ਨਵਜੋਤ ਨੇ ਆਪਣੀ ਪਹਿਲੀ ਕੌਮਾਂਤਰੀ ਜਿੱਤ ਹਾਸਲ ਕੀਤੀ। ਮੈਲਬਰਨ ਵਿਖੇ ਹੋਈ ਰਾਸ਼ਟਰਮੰਡਲ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਨਵਜੋਤ ਨੇ ਸੋਨੇ ਦਾ ਤਮਗ਼ਾ ਜਿੱਤਿਆ। ਤਾਸ਼ਕੰਦ ਵਿਖੇ ਹੋਈ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। ਇਸ ਤੋਂ ਬਾਅਦ ਨਵਜੋਤ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ।ਸਾਲ 2013 ਵਿੱਚ ਮੰਗੋਲੀਆ ਵਿਖੇ ਹੋਏ ਕੁਸ਼ਤੀ ਵਿਸ਼ਵ ਕੱਪ ਵਿੱਚ ਕਾਂਸੀ ਦਾ ਤਮਗ਼ਾ ਅਤੇ ਇਸੇ ਸਾਲ ਨਵੀਂ ਦਿੱਲੀ ਵਿਖੇ ਹੋਈ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਚਾਂਦੀ ਦਾ ਤਮਗ਼ਾ ਜਿੱਤਿਆ। ਸਾਲ 2014 ਵਿੱਚ ਗਲਾਸਗੋ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ।ਇਹ ਉਸ ਦਾ ਕੌਮਾਂਤਰੀ ਪੱਧਰ ਉਤੇ ਮਲਟੀ ਸਪੋਰਟਸ ਖੇਡਾਂ ਵਿੱਚ ਪਹਿਲਾ ਤਮਗ਼ਾ ਸੀ।

ਸਾਲ 2018 ਵਿੱਚ ਕਿਰਗਿਸਤਾਨ ਦੇ ਸ਼ਹਿਰ ਬਿਸ਼ਕੇਕ ਵਿਖੇ ਹੋਈ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਨਵਜੋਤ ਨੇ ਉਸ ਵੇਲੇ ਇਤਿਹਾਸ ਸਿਰਜਿਆ ਜਦੋਂ ਉਸ ਨੇ ਆਪਣੇ ਤਮਗ਼ੇ ਦਾ ਰੰਗ ਬਦਲਦਿਆਂ ਸੁਨਹਿਰੀ ਪ੍ਰਾਪਤੀ ਹਾਸਲ ਕਰਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਨਵਜੋਤ ਨੇ ਫ਼ਾਈਨਲ ਵਿੱਚ ਜਪਾਨ ਦੀ ਮਿਆ ਇਮਾਈ ਨੂੰ ਇਕਪਾਸੜ ਮੁਕਾਬਲੇ ਵਿੱਚ 9-1 ਨਾਲ ਹਰਾਇਆ। ਇਸ ਦੇ ਨਾਲ ਹੀ ਨਵਜੋਤ ਸੀਨੀਅਰ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਸੋਨ ਤਮਗ਼ਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣੀ ਸੀ।



ਨਵਜੋਤ ਕੌਰ ਰੇਲਵੇ ਵਿੱਚ ਸੀਨੀਅਰ ਕਲਰਕ ਵਜੋਂ ਆਪਣੀਆਂ ਸੇਵਾਵਾਂ ਨਿਭਾਉਂਦੀ ਸੀ। ਅੱਜ-ਕੱਲ੍ਹ ਉਹ ਅਮਰੀਕਾ ਰਹਿੰਦੀ ਹੈ।

# ਕਾਫ਼ਕਾ ਨੂੰ ਪਿਓ ਦਾ ਡਰ

ਪਿਓ ਹਰ ਮਨੁੱਖ ਦੀ ਜ਼ਿੰਦਗੀ ਦਾ ਸੁਪਰੀਮ ਕਿਰਦਾਰ ਹੁੰਦਾ ਹੈ। ਬਾਇਆਲੌਜੀਕਲ ਤੌਰ 'ਤੇ ਉਹ ਆਪਣੇ ਬੀਜ ਵਿਚ ਮਨੁੱਖ ਦੀ ਘਾੜਤ ਛੁਪਾਈ ਰਖਦਾ ਹੈ। ਮਾਂ ਉਹ ਧਰਤੀ ਹੈ ਜਿਸ ਵਿਚ ਪਿਤਾ ਦਾ ਬੀਜ ਆਕਾਰ ਲੈਂਦਾ ਹੈ। ਕੁਦਰਤ ਨੇ ਸਾਰੀ ਸ੍ਰਿਸ਼ਟੀ ਇੰਜ ਉਪਾਈ ਹੈ। ਇਹੀ ਕੁਦਰਤ ਦੇ ਕਾਦਰ ਦੀ ਲੀਲ੍ਹਾ ਹੈ, ਪਰ ਮਨੁੱਖੀ ਮਨ ਨੂੰ ਕੁਦਰਤ ਨਹੀਂ ਸਮਾਜ, ਆਲਾ ਦੁਆਲਾ ਤੇ ਘਰ ਦਾ ਮਾਹੌਲ ਸਿਰਜਦਾ ਹੈ। ਲੰਮੇ ਸਮੇਂ ਤੋਂ ਸਾਡਾ ਸਮਾਜ ਪਿੱਤਰੀ ਸੱਤਾ ਦੀ ਹਓਂ 'ਤੇ ਟਿਕਿਆ ਹੋਇਆ ਹੈ। ਇਸ ਵਿਚ ਪਿਤਾ ਦੀ ਸਰਦਾਰੀ ਪ੍ਰਥਮ ਮੰਨੀ ਗਈ ਹੈ। ਇਸ ਕਰਕੇ ਘਰ ਤੇ ਘਰ ਦੇ ਜੀਆ-ਜੰਤ 'ਤੇ



ਪਰਮਜੀਤ ਢੀਂਗਰਾ

ਉਹਦਾ ਹੁਕਮ ਚਲਦਾ ਹੈ। ਪੀੜ੍ਹੀਓ-

ਪੀੜ੍ਹੀ ਇਹ ਵਰਤਾਰਾ ਪਰੰਪਰਾ ਵਾਂਗ ਤੁਰਿਆ ਆਉਂਦਾ ਹੈ। ਅੱਜ ਭਾਵੇਂ ਸਮੇਂ ਦੇ ਬਦਲਣ ਨਾਲ ਇਹ ਰਿਸ਼ਤਾ ਬਦਲਦਾ ਜਾ ਰਿਹਾ ਹੈ, ਪਰ ਬਾਬਲ ਦੀ ਇੱਜਤ ਘਰ ਤੇ ਖਾਨਦਾਨ ਦੀ ਮੰਨੀ ਗਈ ਹੈ। ਇਸ ਲਈ ਇਸਨੂੰ ਬੇਦਾਗ਼ ਰੱਖਣਾ ਟੱਬਰ ਦੀ ਜ਼ਿੰਮੇਵਾਰੀ ਹੈ। ਜਦੋਂ ਵੀ ਇਸ ਨੂੰ ਝੋਲ ਪੈਂਦੀ ਹੈ ਤਾਂ ਘਰ,ਪਰਿਵਾਰ, ਕੁਨਬਾ ਡੋਲਣ ਲੱਗ ਜਾਂਦਾ ਹੈ। ਇਸ ਲਈ ਪਿਤਾ ਦੇ ਹੁਕਮ ਸ਼ਾਹੀ ਫੁਰਮਾਣ ਵਾਂਗ ਮੰਨੇ ਤੇ ਨਿਭਾਏ ਜਾਂਦੇ ਸਨ। ਇਸ ਪਿੱਤਰੀ ਸੱਤਾ ਦੇ ਕਈ ਰੂਪ ਸਮਾਜ ਵਿਚ ਸਮੇਂ ਸਮੇਂ ਘੜੇ ਗਏ।

ਸਾਡੇ ਵੇਲਿਆਂ ਵਿਚ ਪਿਤਾ ਡਰ ਦਾ ਦੂਜਾ ਨਾਂ ਹੁੰਦਾ ਸੀ। ਮਾਵਾਂ ਬੱਚਿਆਂ ਨੂੰ ਡਰਾਉਣ ਲਈ ਪਿਓ ਦੇ ਸ਼ਾਮ ਨੂੰ ਘਰ ਆਉਣ ਦਾ ਡਰਾਵਾ ਦੇਂਦੀਆਂ ਸਨ। ਇਸ ਡਰਾਵੇ ਕਰਕੇ ਬੱਚੇ ਦੁਬਕ ਜਾਂਦੇ ਤੇ ਮਾਂ ਦੀ ਖੁਸ਼ਾਮਦ ਵਜੋਂ ਉਹਦਾ ਹਰ ਆਖਾ ਮੰਨਣ ਦੇ ਨਾਲ ਨਾਲ ਉਹਦੇ ਨਿੱਕੇ ਨਿੱਕੇ ਕੰਮ ਆਪੇ ਕਰਨ ਲੱਗ ਜਾਂਦੇ। ਅੱਜ ਬੱਚੇ ਨਾ ਮਾਂ ਤੋਂ ਡਰਦੇ ਨੇ ਨਾ ਪਿਓ ਕੋਲੋਂ ਕਿਉਂਕਿ ਉਹ ਜ਼ਿਆਦਾ ਲਾਡਲੇ ਹੋ ਗਏ ਹਨ ਤੇ ਮਾਪੇ ਚਾਹੁੰਦੇ ਹਨ ਕਿ ਉਹ ਲਾਡਲੇ ਹੀ ਰਹਿਣ ਭਾਵੇਂ ਵਿਗੜ ਜਾਣ। ਅੱਜ ਕੱਲ੍ਹ ਬੱਚਿਆਂ ਨੂੰ ਵਿਗਾੜਨ ਵਿਚ ਵੱਡਾ ਹੱਥ ਮਾਪਿਆਂ ਦਾ ਹੈ। ਪਰ ਇਸਦੇ ਬਾਵਜੂਦ ਇਤਿਹਾਸਕ-ਮਨੋਵਿਗਿਆਨ ਵਿਚ ਪਿਤਾ- ਪੁੱਤਰ ਦੇ ਰਿਸ਼ਤੇ ਵਿਚ ਡਰ ਦੀ ਇਕ ਅਦਿੱਖ ਗੰਢ ਹੈ ਜਿਸ ਨਾਲ ਕਈ ਸੁਆਲ ਖੜੇ ਹੁੰਦੇ ਹਨ। ਸਾਹਿਤ ਨੇ ਇਸ ਰਿਸ਼ਤੇ ਦੀਆਂ ਕਈ ਵਿਆਖਿਆਵਾਂ ਪੇਸ਼ ਕੀਤੀਆਂ ਹਨ। ਮੈਂ ਹਾਲਾਂ ਆਪਣੇ ਬੱਚਿਆਂ ਨੂੰ ਕਦੇ ਨਹੀਂ ਡਰਾਇਆ। ਹੁਣ ਜਦੋਂ ਉਹ ਆਪ ਬਾਲ-ਬੱਚੇਦਾਰ ਹੋ ਗਏ ਹਨ ਤਾਂ ਇਕ ਦਿਨ ਉਨ੍ਹਾਂ ਮੈਨੂੰ ਕਿਹਾ ਕਿ ਛੋਟੇ ਹੁੰਦਿਆਂ ਉਨ੍ਹਾਂ ਨੂੰ ਮੇਰੇ ਕੋਲੋਂ ਬੜਾ ਡਰ ਲੱਗਦਾ ਸੀ ਤੇ ਮੈਂ ਹੈਰਾਨ ਹੋਇਆ ਕਿੰਨਾ ਚਿਰ ਸੋਚਦਾ ਰਿਹਾ ਕਿ ਕਿਤੇ ਇਹ ਡਰ ਅਨੁਵੰਸ਼ਿਕ ਤਾਂ ਨਹੀਂ ? ਪੱਤਰਕਾਰ ਸਵਰਣ ਟਹਿਣਾ ਅਕਸਰ ਕਹਿੰਦਾ ਹੁੰਦਾ ਮੇਰੇ ਪਿਓ ਦੀ ਜੁੱਤੀ ਨੇ ਮੈਨੂੰ ਬੰਦਾ ਬਣਾਇਆ।

ਕਾਫਕਾ ਉਚ-ਦਮਾਲੜੇ ਵਾਲਾ ਲੇਖਕ ਹੈ। ਉਸਨੇ ਵਿਚਾਰਾਂ, ਸ਼ੈਲੀ ਤੇ ਭਾਸ਼ਾ ਦੀ ਪੇਸ਼ਕਾਰੀ ਰਾਹੀਂ ਸਾਹਿਤ ਵਿਚ ਨਵੇਂ ਪਹੇ ਬਣਾਏ ਹਨ। ਮਨੁੱਖੀ ਸੁਭਾਅ ਤੇ ਜ਼ਿੰਦਗੀ ਜਿਊਣ ਦੇ ਤੌਰ ਤਰੀਕਿਆਂ ਨੂੰ ਉਹ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਉਸ ਅਨੁਸਾਰ ਜਿਹੜੀ ਰਚਨਾ ਤੁਹਾਡੀ ਖੋਪੜੀ ਵਿਚ ਡੈਂਟ ਨਾ ਪਾਵੇ,ਸ਼ਬਦ ਤੁਹਾਡੇ ਸਾਹਮਣੇ ਅੜ ਕੇ ਨਾ ਖਲੋ ਜਾਣ ਤੇ ਤੁਹਾਨੂੰ ਸੁਆਲ ਨਾ ਕਰਨ ਉਸਨੂੰ ਉਹ ਸਿਰਜਣਾ ਮੰਨਣ ਤੋਂ ਇਨਕਾਰੀ ਹੈ। ਪਿਤਾ-ਪੁਤਰ ਦੇ ਕਲਟ ਨੂੰ ਉਹਨੇ ਆਪਣੇ ਤਰੀਕੇ ਨਾਲ ਸਮਝਣ ਦਾ ਜਤਨ ਕੀਤਾ ਹੈ। ਪਿਤਾ ਦੇ ਨਾਂ ਲਿਖੇ ਇਕ ਖ਼ਤ ਵਿਚ ਉਹਨੇ ਆਪਣੇ ਮਨ ਦੇ ਪਰਤੌਂ ਰਾਹੀਂ ਇਸ ਕਲਟ ਨੂੰ ਸਮਝਣ ਦਾ ਜਤਨ ਕੀਤਾ ਹੈ। ਉਹ ਲਿਖਦਾ ਹੈ-

ਇਕ ਦਿਨ ਰਾਤ ਨੂੰ ਮੈਂ ਇਕ ਕਿਤਾਬ ਪੜ੍ਹ ਰਿਹਾ ਸਾਂ ਓਸੇ ਪਲ ਮੈਨੂੰ ਪਿਤਾ ਦੀ ਯਾਦ ਆਈ।



ਕੁਝ ਵਰ੍ਹੇ ਪਹਿਲਾਂ ਮੈਂ ਆਪਣੇ ਪਿਤਾ ਨੂੰ ਇਕ ਖ਼ਤ ਲਿਖਿਆ ਸੀ। ਸਤਿਕਾਰ ਯੋਗ ਪਿਤਾ ਜੀ, ਤੁਸਾਂ ਮੈਨੂੰ ਪੁਛਿਆ ਸੀ ਕਿ ਮੈਂ ਤੁਹਾਡੇ ਕੋਲੋਂ ਕਿਓਂ ਡਰਦਾ ਹਾਂ। ਮੈਂ ਲਿਖਣ ਲਈ ਕੁਝ ਵੀ ਨਹੀਂ ਸੋਚ ਰਿਹਾ ਕਿਉਂਕਿ ਸ਼ਬਦਾਂ ਵਿਚੋਂ ਮੈਨੂੰ ਤੁਹਾਡਾ ਚੇਹਰਾ ਦਿਖਾਈ ਦੇ ਰਿਹਾ ਹੈ। ਮੈਂ ਇਕ ਚਿੰਤਾਵਾਨ ਬੱਚਾ ਸਾਂ ਤੇ ਮੈਨੂੰ ਇਹ ਵੀ ਯਕੀਨ ਸੀ ਕਿ ਤੁਸੀਂ ਤੇ ਮਾਂ ਦੋਹਾਂ ਨੇ ਮੈਨੂੰ ਪਿਆਰ ਕੀਤਾ ਹੋਵੇਗਾ। ਤੁਸਾਂ ਜ਼ਿੰਦਗੀ ਦੀਆਂ ਸਮੱਸਿਆਵਾਂ ਵਿਚ ਗੋਤੇ ਲਾਉਣ, ਡੂੰਘਾਈ ਵਿਚ ਡੁੱਬ ਕੇ ਫਿਰ ਤੈਰ ਕੇ ਨਿਕਲਣ ਦਾ ਵਲ ਸਿਖਾਇਆ ਸੀ ਤੇ ਨਾਲ ਹੀ ਹਿੰਮਤ ਤੇ ਹੌਂਸਲੇ ਨਾਲ ਡਟੇ ਰਹਿਣ ਦਾ ਇਰਾਦਾ ਕਾਇਮ ਕਰਨ ਦੀ ਗੁੜ੍ਹਤੀ ਦਿੱਤੀ ਸੀ। ਇਹ ਸਬਕ ਵੀ ਸਿਖਾਇਆ ਸੀ ਕਿ ਦੁਬਾਰਾ ਖੁਸ਼ੀ ਖੁਸ਼ੀ ਆਪਣੀ ਮੰਜ਼ਿਲ ਵੱਲ ਕਿਵੇਂ ਵਧਣਾ ਹੈ, ਜਦ ਤੱਕ ਨਿਸ਼ਾਨੇ 'ਤੇ ਨਹੀਂ ਅੱਪੜ ਜਾਂਦੇ।

ਹਰ ਵਾਰ ਵਾਂਗ ਇਸ ਵਾਰ ਵੀ ਤੁਹਾਡੇ ਸੁਆਲ ਦਾ ਉਤਰ ਮੈਨੂੰ ਨਹੀਂ ਅਹੁੜ ਰਿਹਾ। ਅਸਲ ਵਿਚ ਮੈਂ ਤੁਹਾਨੂੰ ਬੜਾ ਪਿਆਰ ਕਰਦਾ ਹਾਂ। ਪਿਤਾ ਜੀ, ਤੁਸਾਂ ਮੈਨੂੰ ਤੁਰਨਾ ਸਿਖਾਇਆ ਤੇ ਦੱਸਿਆ ਕਿ ਰਾਹ ਚੱਲਣ ਨਾਲ ਨਹੀਂ ਬਣਦੇ। ਓਦੋਂ ਤੋਂ ਮੈਂ ਦੁਨੀਆ ਨੂੰ ਬਿਲਕੁਲ ਨਹੀਂ ਦੇਖਦਾ, ਸਗੋਂ ਮੈਂ ਇਹਦੀ ਖੋਜ ਕਰਦਾ ਹਾਂ। ਇਹ ਗੱਲ ਮੈਂ ਤੁਹਾਡੇ ਕੋਲੋਂ ਸਿੱਖੀ ਕਿ ਆਮ ਤੌਰ 'ਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਣੇ ਆਪ ਨੂੰ ਉਨ੍ਹਾਂ ਦੇ ਹਵਾਲੇ ਕਰਕੇ ਨਿਗਲ ਜਾਣ ਦੇਂਦਾ ਹਾਂ। ਇਕ ਨਿਸਚਿਤ ਬਿੰਦੂ 'ਤੇ ਅੱਗੇ ਜਾਂ ਪਿੱਛੇ ਮੁੜਨ ਦਾ ਕੋਈ ਰਾਹ ਨਹੀਂ ਰਹਿ ਜਾਂਦਾ। ਇਹੀ ਉਹ ਬਿੰਦੂ ਹੁੰਦਾ ਹੈ ਜਿਸ ਤੱਕ ਪਹੁੰਚਣਾ ਜ਼ਰੂਰੀ ਹੁੰਦਾ ਹੈ। ਕਿਸੇ ਰੁਕਾਵਟ ਨੂੰ ਲੱਭਣ ਦੀ ਕੋਸ਼ਿਸ਼ ਵਿਚ ਮੈਂ ਸਮਾਂ ਨਸ਼ਟ ਨਹੀਂ ਕਰਦਾ ਕਿਓਂਕਿ ਹੋ ਸਕਦੈ ਕਿ ਕੋਈ ਰੁਕਾਵਟ ਹੋਵੇ ਹੀ ਨਾ। ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਨੇ, ਜਿਨ੍ਹਾਂ ਦੀ ਪ੍ਰਾਪਤੀ ਜਾਣ-ਬੁੱਝ ਕੇ ਉਲਟ ਦਿਸ਼ਾ ਵੱਲ ਛਾਲ ਮਾਰਨ ਨਾਲ ਹੀ ਹੁੰਦੀ ਹੈ।

ਤੁਸੀਂ ਇਕ ਦਿਨ ਕਿਹਾ ਸੀ ਕਿ ਨਾ ਝੁਕੋ ਨਾ ਕਮਜ਼ੋਰ ਬਣੋ ਤੇ ਫੈਸ਼ਨ ਦੇ ਹਿਸਾਬ ਨਾਲ ਆਪਣੀ ਆਤਮਾ ਨੂੰ ਸੰਪਾਦਤ ਨਾ ਕਰੋ। ਤੁਸਾਂ ਸਾਰੀ ਜ਼ਿੰਦਗੀ ਖੂਬ ਮਿਹਨਤ ਕੀਤੀ। ਸਾਡੇ ਲਈ ਆਪਣਾ ਆਪ ਤਿਆਗ ਦਿੱਤਾ, ਖਾਸ ਕਰਕੇ ਮੇਰੇ ਲਈ ਤੇ ਅੱਜ ਓਸੇ ਦਾ ਸਿੱਟਾ ਹੈ ਕਿ ਮੈਂ ਚੰਗੀ ਤੇ ਖੁਸ਼ਹਾਲ ਜ਼ਿੰਦਗੀ ਜੀਅ ਰਿਹਾ ਹਾਂ। ਮੈਂ ਜੋ ਕੁਝ ਵੀ ਸਿਖਣਾ ਚਾਹੁੰਦਾ ਸਾਂ, ਉਸ ਸੁਪਨੇ ਨੂੰ ਪੂਰਿਆਂ ਕਰਨ ਵਿਚ ਤੁਸਾਂ ਮੈਨੂੰ ਪੂਰੀ ਖੁਲ੍ਹ ਦਿੱਤੀ। ਮੈਂ ਤੁਹਾਡੇ ਕੋਲੋਂ ਕਿਓਂ ਡਰਦਾ ਹਾਂ, ਮੈਂ ਤੁਹਾਨੂੰ ਇਹ ਸਮਝਾ ਨਹੀਂ ਸਕਦਾ। ਮੈਂ ਕਿਸੇ ਨੂੰ ਵੀ ਸਮਝਾ ਨਹੀਂ ਸਕਦਾ ਕਿ ਮੇਰੇ ਅੰਦਰ ਇਸ ਬਾਰੇ ਕਿਹੋ ਜਿਹਾ ਘਮਸਾਣ ਚਲ ਰਿਹਾ ਹੈ। ਮੈਂ ਆਪਣੇ ਆਪ ਨੂੰ ਵੀ ਨਹੀਂ ਸਮਝਾ ਸਕਦਾ। ਇਹਦੇ ਲਈ ਤਮਾਮ ਭਾਸ਼ਾਵਾਂ ਕਮਜ਼ੋਰ ਪੈ ਗਈਆਂ ਨੇ।

ਮੈਂ ਲਗਾਤਾਰ ਕੁਝ ਅਜਿਹਾ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜੋ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਕੁਝ ਅਜਿਹਾ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਜੋ ਸਮਝ ਤੋਂ ਪਰੇ ਹੈ, ਕੁਝ ਅਜਿਹਾ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਜਿਸ ਨੂੰ ਮੈਂ ਸਿਰਫ ਆਪਣੀਆਂ ਹੱਡੀਆਂ ਵਿਚ ਮਹਿਸੂਸ ਕਰ ਸਕਦਾ ਹਾਂ ਤੇ ਜਿਸ ਨੂੰ ਸਿਰਫ ਹੱਡੀਆਂ ਵਿਚ ਹੀ ਮਹਿਸੂਸਿਆ ਜਾ ਸਕਦਾ ਹੈ। ਮੈਂ ਥੱਕ ਗਿਆ ਹਾਂ, ਕੁਝ ਵੀ ਸੋਚ ਨਹੀਂ ਰਿਹਾਂ ਤੇ ਮੈਂ ਸਿਰਫ ਤੁਹਾਡੇ ਗਲ ਨਾਲ ਲੱਗਣਾ ਚਾਹੁੰਦਾ ਹਾਂ। ਬਚਪਨ ਵਾਂਗ ਤੁਹਾਡਾ ਹੱਥ ਫੜ ਕੇ ਚਲਣਾ ਚਾਹੁੰਦਾ ਹਾਂ ਤੇ ਹਮੇਸ਼ਾਂ ਇੰਜ ਹੀ ਤੁਰਦੇ ਰਹਿਣਾ ਚਾਹੁੰਦਾ ਹਾਂ।

ਪੋਸਟ ਸਕ੍ਰਿਪਟ-ਪਿਓ ਅਸਲ ਵਿਚ ਵੱਡੀ ਛਾਂ ਵਰਗਾ ਹੁੰਦਾ ਹੈ। ਉਹ ਆਪਣੇ ਪਰਿਵਾਰ ਲਈ ਆਪਾ ਕੁਰਬਾਨ ਕਰਕੇ ਦਿਨ-ਰਾਤ ਮਿਹਨਤ ਕਰਕੇ ਜੀਆ-ਜੰਤ ਪਾਲਦਾ, ਪੋਸਦਾ ਤੇ ਉਨ੍ਹਾਂ ਦੀਆਂ ਨਿੱਕੀਆਂ ਤੋਂ ਲੈ ਕੇ ਵੱਡੀਆਂ ਲੋੜਾਂ ਪੂਰੀਆਂ ਕਰਦਾ ਹੈ। ਜੇ ਕਹਿ ਲਿਆ ਜਾਵੇ ਕਿ ਪਿਓ ਜ਼ਿੰਮੇਵਾਰੀ ਦਾ ਪਰਿਆਏ ਹੈ ਤਾਂ ਇਸ ਵਿਚ ਕੋਈ ਅੱਤਕਥਨੀ ਨਹੀਂ ਹੋਵੇਗੀ। ਪੁੱਤਰ ਇਸ ਧਰਤੀ 'ਤੇ ਪਿਤਾ ਦਾ ਵਾਰਿਸ ਹੈ ਤੇ ਅੰਤਿਮ ਵੇਲੇ ਅਗਨੀ ਵੀ ਉਹੀ ਦੇਂਦਾ ਹੈ,ਕਪਾਲ ਕਿਰਿਆ ਵੀ ਉਹੀ ਕਰਦਾ ਹੈ। ਫਿਰ ਕਾਫਕਾ ਪਿਓ ਕੋਲੋਂ ਕਿਉਂ ਡਰਦਾ ਹੈ ? ਇਸ ਸੁਆਲ ਨੂੰ ਹੱਲ ਕਰਨ ਲਈ ਕਾਫਕਾ ਦੇ ਅਗਨ ਵਾਂਗ ਦਗਦੇ ਤੇ ਤੀਰਾਂ ਵਾਂਗ ਤਿੱਖੇ ਸ਼ਬਦਾਂ ਵਿਚ ਲਹਿ ਕਿ ਪਹਿਲਾਂ ਆਪਣੇ ਆਪ ਨੂੰ ਲਹੂ ਲੁਹਾਣ ਕਰਨਾ ਪਏਗਾ ਤੇ ਉਸ ਲਹੂ ਵਿਚੋਂ ਇਸ ਸੁਆਲ ਦਾ ਜੁਆਬ ਲੱਭੇਗਾ।

-94173 58120

# ਪੁਰਾਣੀ ਪੈਨਸ਼ਨ ਸਕੀਮ ਤੋਂ ਕਿਉਂ ਡਰਦੀ ਹੈ ਮੋਦੀ ਸਰਕਾਰ?

**ਕੇਂਦਰ ਦੀ ਮੋਦੀ ਸਰਕਾਰ ਜਿਸ ਤਰ੍ਹਾਂ ਮੁਲਕ ਦੇ ਸਮੁੱਚੇ ਅਰਥਚਾਰੇ ਤੇ ਸੰਵਿਧਾਨਕ ਸੰਸਥਾਵਾਂ ਦੇ ਨਿੱਜੀਕਰਨ ਤੇ ਕੇਂਦਰੀਕਰਨ ਕਰਨ ਵੱਲ ਵਧ ਰਹੀ ਹੈ ਅਤੇ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਉਲੰਘ ਕੇ ਕਾਨੂੰਨ ਲਾਗੂ ਕਰ ਰਹੀ ਹੈ, ਉਸੇ ਤਰ੍ਹਾਂ ਉਹ 'ਸਾਰੇ ਮੁਲਕ 'ਚ ਪੈਨਸ਼ਨ ਨੀਤੀ' ਵੀ ਇੱਕੋ ਹੀ (ਕਾਰਪੋਰੇਟ ਜਗਤ ਨੂੰ ਰਾਸ ਆਉਂਦੀ) ਚਾਹੁੰਦੀ ਹੈ।**

ਕੇਂਦਰ ਦੀ ਮੋਦੀ ਸਰਕਾਰ ਵੱਲੋਂ 'ਕੌਮੀ ਪੈਨਸ਼ਨ ਪ੍ਰਣਾਲੀ' (NPS) ਨੂੰ ਸੋਧ ਕੇ ਐਲਾਨੀ ਗਈ 'ਯੂਨੀਫਾਈਡ ਪੈਨਸ਼ਨ ਪ੍ਰਣਾਲੀ' (UPS) ਦਾ ਅਧਿਕਾਰਤ ਨੋਟੀਫਿਕੇਸ਼ਨ 24 ਜਨਵਰੀ, 2025 ਨੂੰ ਜਾਰੀ ਕਰ ਦਿੱਤਾ ਗਿਆ ਹੈ। ਇਹ ਨੋਟੀਫਿਕੇਸ਼ਨ ਮੋਦੀ ਸਰਕਾਰ ਵੱਲੋਂ ਅਪ੍ਰੈਲ, 2023 'ਚ ਗਠਿਤ ਕੀਤੀ ਗਈ 'ਪੈਨਸ਼ਨ ਰਿਵਿਊ ਕਮੇਟੀ' ਦੀ ਰਿਪੋਰਟ ਦੇ ਆਧਾਰਿਤ ਹੈ ਜੋ ਸਰਕਾਰ ਵੱਲੋਂ ਅਜੇ ਤੱਕ ਜਨਤਕ ਨਹੀਂ ਕੀਤੀ ਗਈ। NPS ਰੱਦ ਕਰਨ ਤੇ NPS ਬਹਾਲ ਕਰਨ ਲਈ, ਕੇਂਦਰੀ ਤੇ ਰਾਜਾਂ ਦੇ ਲਗਭਗ ਇੱਕ ਕਰੋੜ ਮੁਲਾਜ਼ਮਾਂ ਦੇ ਚੱਲ ਰਹੇ ਅੰਦੋਲਨ 'ਤੇ ਠੰਡਾ ਛਿੜਕਣ ਦੇ ਮੰਤਵ ਲਈ 2024 ਦੀਆਂ

**ਯਸ਼ ਪਾਲ ਵਰਗ ਚੇਤਨਾ**
**ਫੋਨ: 98145-35005**

ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਗਠਿਤ ਕੀਤੀ ਗਈ ਉਕਤ ਕਮੇਟੀ ਦੀ ਰਿਪੋਰਟ ਚੋਣਾਂ ਤੱਕ ਰੋਕ ਕੇ ਰੱਖੀ ਗਈ। ਇਨ੍ਹਾਂ ਚੋਣਾਂ 'ਚ ਮੋਦੀ ਸਰਕਾਰ ਨੂੰ ਲੱਗੇ ਤਕੜੇ ਝਟਕੇ ਨੇ ਝੰਜੋੜਿਆ। ਜਿਸ ਕਾਰਨ, ਕੁੱਝ ਰਾਜਾਂ ਦੀਆਂ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ NPS ਤੇ OPS ਦੇ ਮਿਲਗੋਭੇ ਵਾਲੀ UPS ਦਾ ਐਲਾਨ ਤਾਂ ਕਰ ਦਿੱਤਾ ਪਰ ਨੋਟੀਫਿਕੇਸ਼ਨ ਟਾਲ ਦਿੱਤਾ ਗਿਆ, ਕਿਉਂਕਿ ਕੇਂਦਰ ਤੇ ਰਾਜਾਂ ਦੇ ਮੁਲਾਜ਼ਮਾਂ ਦੀਆਂ ਲਗਭਗ ਸਮੂਹ ਜਥੇਬੰਦੀਆਂ ਨੇ ਐਲਾਨੀ ਗਈ UPS ਨੂੰ ਵੀ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜੋ ਅੰਦਾਜ਼ਾ ਸੀ ਕਿ ਨੋਟੀਫਿਕੇਸ਼ਨ ਰਾਜਾਂ ਦੀਆਂ ਚੋਣਾਂ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ, ਉਵੇਂ ਹੀ ਹੋਇਆ। ਐਲਾਨੀ ਗਈ UPS ਦੀ ਚੀਰ-ਫਾੜ, ਕੀਤੇ ਗਏ ਐਲਾਨਾਂ/ਬਿਆਨਾਂ ਦੇ ਆਧਾਰ 'ਤੇ ਸਾਡੇ ਵੱਲੋਂ ਉਸ ਸਮੇਂ ਵੀ ਕੀਤੀ ਗਈ ਸੀ। ਪਰੰਤੂ, ਨੋਟੀਫਿਕੇਸ਼ਨ ਦੇ ਆਧਾਰ 'ਤੇ ਤਕਨੀਕੀ ਤੌਰ 'ਤੇ ਇਹ ਵਧੇਰੇ ਪੁਖ਼ਤਾ ਹੋ ਸਕੇਗੀ। ਹਾਲਾਂਕਿ, ਨੀਤੀਗਤ ਪਰਖ-ਪੜਚੋਲ ਲਈ ਉਸ ਐਲਾਨ ਸਮੇਂ ਕੇਂਦਰੀ ਵਿਤ ਮੰਤਰੀ ਸੀਤਾਰਮਨ ਅਤੇ 'ਪੈਨਸ਼ਨ ਰਿਵਿਊ ਕਮੇਟੀ' ਦੇ ਚੇਅਰਮੈਨ ਟੀ.ਵੀ.ਸੋਮਾਨਾਥਨ ਦੇ ਜਾਰੀ ਕੀਤੇ ਗਏ ਬਿਆਨਾਂ ਦਾ ਸੰਦਰਭ ਤਾਂ ਬਣਿਆ ਹੀ ਰਹੇਗਾ।

### ਇਹ ਮਹਿਜ਼ ਮੌਕਾ-ਮੇਲ ਨਹੀਂ ਹੈ

ਇੱਕ ਪਹਿਲੂ ਹੋਰ ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਉਹ ਇਹ ਕਿ UPS ਦੇ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ, ਮੋਦੀ ਸਰਕਾਰ ਵੱਲੋਂ 8ਵੇਂ ਤਨਖ਼ਾਹ ਕਮਿਸ਼ਨ ਬੈਠਾਏ ਜਾਣ ਦਾ ਵੀ ਐਲਾਨ ਕੀਤਾ ਗਿਆ ਜੋਕਿ ਜਾ ਕੇ 2026 ਤੋਂ ਲਾਗੂ ਹੋਵੇਗਾ। ਉਹ ਕਦ ਬੈਠੇਗਾ, ਕਦ ਉਸਦੀ ਰਿਪੋਰਟ ਆਵੇਗੀ ਇਸ ਦੀ ਕੋਈ ਵਾਹੀ-ਧਾਈ ਨਹੀਂ ਹੈ, ਉਸ ਦੀ ਪਟਾਰੀ ਵਿੱਚੋਂ UPS ਵਰਗਾ ਕਿਹੜਾ ਸੱਪ ਨਿਕਲੇਗਾ, ਅਜੇ ਪਤਾ ਨਹੀਂ ਪਰ ਮੋਦੀ ਸਰਕਾਰ ਦਾ ਮਨਸ਼ਾ ਸਾਫ਼ ਹੈ ਕਿ ਮੁਲਾਜ਼ਮ UPS ਨੂੰ ਭੁੱਲ ਕੇ ਤਨਖ਼ਾਹ ਕਮਿਸ਼ਨ ਦੀਆਂ ਗਿਣਤੀਆਂ-ਮਿਣਤੀਆਂ ਸ਼ੁਰੂ ਕਰ ਦੇਣ। ਇਹ ਮਹਿਜ਼ ਮੌਕਾ-ਮੇਲ ਨਹੀਂ ਹੈ, ਸੋਚਿਆ-ਸਮਝਿਆ ਐਲਾਨ ਹੀ ਹੈ ਮੋਦੀ ਸਰਕਾਰ ਦਾ। ਉਂਝ ਇਹ ਜਾਣਕਾਰੀ ਲਈ ਹੀ ਹੈ ਕਿ ਜਦ ਤੋਂ ਸਾਡੇ ਮੁਲਕ ਦੀਆਂ ਹਕੂਮਤੀ ਪਾਰਟੀਆਂ ਨੇ 'ਸੰਸਾਰ ਬੈਂਕ-ਕੌਮਾਂਤਰੀ ਮੁਦਰਾ ਕੋਸ਼-ਵਿਸ਼ਵ ਵਪਾਰ ਸੰਗਠਨ' ਦੀ ਤਿੱਕੜੀ ਵੱਲੋਂ ਨਿਰਦੇਸ਼ਤ 'ਕਾਰਪੋਰੇਟ ਵਿਕਾਸ ਮਾਡਲ' ਦੇ ਏਜੰਡੇ ਨੂੰ ਲਾਗੂ ਕਰਨਾ ਸ਼ੁਰੂ ਕੀਤਾ ਹੈ ਉਦੋਂ ਤੋਂ ਹੀ ਉਨ੍ਹਾਂ ਨੂੰ ਮੁਲਾਜ਼ਮਾਂ ਦੀਆਂ ਤਨਖ਼ਾਹਾਂ/ਪੈਨਸ਼ਨਾਂ ਸਰਕਾਰੀ ਖਜ਼ਾਨੇ ਉੱਪਰ ਬੋਝ ਲੱਗਣ ਲੱਗੀਆਂ ਹਨ। ਕਾਰਪੋਰੇਟ ਘਰਾਣਿਆਂ ਦੀ ਲੁੱਟ ਦੇ ਬੋਝ ਨੂੰ ਝੱਲਣ ਲਈ-ਤਨਖ਼ਾਹਾਂ/ਪੈਨਸ਼ਨਾਂ ਦਾ ਬੋਝ ਹਲਕਾ ਕਰਨ ਲਈ ਉਨ੍ਹਾਂ ਵੱਲੋਂ ਹੋਰਨਾਂ ਕਦਮਾਂ ਦੇ ਨਾਲ ਹੀ, ਇਸ ਨੂੰ ਤਨਖ਼ਾਹ ਕਮਿਸ਼ਨ ਦੀਆਂ ਹਵਾਲਾ-ਸ਼ਰਤਾਂ 'ਚ ਸ਼ਾਮਲ ਕਰ ਕੇ, ਸੁਝਾਅ/ਹੱਲ ਕੱਢਣ ਨੂੰ ਰਿਪੋਰਟ ਦਾ ਹਿੱਸਾ ਬਣਾਉਣ ਲਈ ਕਿਹਾ ਜਾਣ ਲੱਗਿਆ। ਤੇ ਇਹ ਸਿਲਸਿਲਾ ਚੌਥੇ ਕੇਂਦਰੀ ਤਨਖ਼ਾਹ ਕਮਿਸ਼ਨ (1986) ਤੋਂ ਸ਼ੁਰੂ ਹੋਇਆ। ਰਾਜ ਸਰਕਾਰਾਂ ਨੂੰ ਵੀ ਇਉਂ ਕਰਨ ਲਈ ਕਿਹਾ ਗਿਆ। ਪਰੰਤੂ 1986 ਵਾਲੇ ਚੌਥੇ ਤਨਖ਼ਾਹ ਕਮਿਸ਼ਨ ਵੱਲੋਂ ਪੈਨਸ਼ਨ ਸੰਬੰਧੀ ਸੁਪਰੀਮ ਕੋਰਟ ਦੇ 17 ਦਸੰਬਰ, 1982 ਦੇ ਤਾਜ਼ਾ-ਤਰੀਨ ਹੋਏ ਫੈਸਲੇ ਦੀ ਰੌਸ਼ਨੀ 'ਚ ਕਿਸੇ ਨਵੀਂ ਪੈਨਸ਼ਨ ਪ੍ਰਣਾਲੀ ਦਾ ਸੁਝਾਅ ਰੱਦ ਕਰਦਿਆਂ, ਪੁਰਾਣੀ ਪੈਨਸ਼ਨ ਪ੍ਰਣਾਲੀ (OPS) ਨੂੰ ਹੀ ਜ਼ੋਰਦਾਰ ਸ਼ਬਦਾਂ 'ਚ ਕਾਇਮ ਰੱਖਣ ਲਈ ਕਿਹਾ ਗਿਆ। ਪੰਜਵੇਂ ਤਨਖ਼ਾਹ ਕਮਿਸ਼ਨ (1996) ਨੇ ਵੀ OPS 'ਤੇ ਹੀ, ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦੇ ਕੇ, ਮੁਹਰ ਲਾ ਦਿੱਤੀ। ਛੇਵੇਂ ਤਨਖ਼ਾਹ ਕਮਿਸ਼ਨ (2006) ਨੇ ਇਸ ਸੰਬੰਧੀ ਰਾਇ ਲੈਣ ਲਈ ਬੰਗਲੌਰ ਸਥਿਤ ਸੰਸਥਾ (I.S.E.C.) ਨੂੰ ਜ਼ਿੰਮੇਵਾਰੀ ਸੌਂਪੀ ਗਈ। ਉਸ ਸੰਸਥਾ ਨੇ ਵੀ ਸਰਕਾਰ ਦੇ 'ਭਾਰੀ ਪੈਨਸ਼ਨ ਦੇਣਦਾਰੀ' ਦੇ ਸਰਕਾਰ ਦੇ ਦਾਅਵਿਆਂ ਨੂੰ ਨਕਾਰਦਿਆਂ, ਨਿਸ਼ਚਿਤ ਲਾਭ (Defined Benefit) ਵਾਲੀ OPS ਜਾਰੀ ਰੱਖਣ ਤੇ ਇਸ ਵਿੱਚ ਕੋਈ ਤਬਦੀਲੀ ਨਾ ਕਰਨ ਦੀ ਸਿਫਾਰਿਸ਼ ਕੀਤੀ।

ਪਰੰਤੂ ਇਸ ਸਿਫਾਰਿਸ਼ ਦੇ ਬਾਵਜੂਦ ਨਾ ਛੇਵੇਂ ਤਨਖ਼ਾਹ ਕਮਿਸ਼ਨ ਨੇ ਅਤੇ ਨਾ ਹੀ ਤਤਕਾਲੀ ਮਨਮੋਹਨ ਸਿੰਘ ਸਰਕਾਰ ਨੇ ਇਸ ਰਿਪੋਰਟ ਨੂੰ ਗੌਲਿਆ। OPS ਨੂੰ ਰੱਦ ਕਰਕੇ 01 ਜਨਵਰੀ, 2004 ਤੋਂ ਮੁੱਖ ਹਕੂਮਤੀ ਪਾਰਟੀਆਂ ਕਾਂਗਰਸ ਤੇ ਬੀਜੇਪੀ ਦੀ ਸਹਿਮਤੀ ਨਾਲ, ਬਿਨਾਂ ਪਾਰਲੀਮੈਂਟ ਤੋਂ ਬਿੱਲ ਪਾਸ ਕਰਾਏ, ਕੇਵਲ ਆਰਡੀਨੈਂਸਾਂ ਦੇ ਸਹਾਰੇ ਪਹਿਲਾਂ ਹੀ ਲਾਗੂ ਕੀਤੀ ਜਾ ਚੁੱਕੀ ਸੀ। ਬਿੱਲ ਅੱਗੇ ਜਾ ਕੇ ਸਾਢੇ ਨੌਂ ਸਾਲਾਂ ਬਾਅਦ ਸਤੰਬਰ, 2013 'ਚ ਫਿਰ ਦੋਹਾਂ ਪਾਰਟੀਆਂ ਦੀ ਸਹਿਮਤੀ ਨਾਲ ਹੀ ਪਾਸ ਹੋਇਆ। ਇੰਨਾ ਸਮਾਂ ਬਿੱਲ ਪਾਰਲੀਮੈਂਟ ਦੀ 'ਸਟੈਂਡਿੰਗ ਕਮੇਟੀ' ਕੋਲ ਹੀ ਪਿਆ ਰਿਹਾ। ਇਹ ਵੀ ਚੇਤਾ ਕਰੋ, ਪੰਜਾਬ ਦੇ ਪੰਜਵੇਂ ਤਨਖ਼ਾਹ ਕਮਿਸ਼ਨ (2006) ਵੱਲੋਂ ਦਿੱਤੀ ਗਈ ਰਿਪੋਰਟ 'ਚ, ਮੌਕੇ ਦੀ ਕਾਂਗਰਸ ਸਰਕਾਰ ਨੇ ਰੈਗੂਲਰ ਭਰਤੀ ਦੀ ਥਾਂ 'ਤੇ ਠੇਕਾ ਭਰਤੀ ਕਰਨ ਦਾ ਸੰਸਾਰ ਬੈਂਕ ਦਾ ਸੁਝਾਅ ਪਵਾ ਲਿਆ ਸੀ। ਅੱਜ-ਕੱਲ੍ਹ ਤਾਂ ਕੋਰਟ-ਕਚਹਿਰੀਆਂ ਵਾਂਗ ਕਮਿਸ਼ਨ-ਕਮੇਟੀਆਂ ਦੇ ਫੈਸਲੇ/ਰਿਪੋਰਟਾਂ ਵੀ ਸਰਕਾਰਾਂ ਦੀ ਮਰਜੀ/ਰਜ਼ਾ ਮੁਤਾਬਿਕ ਹੀ ਆਉਂਦੇ ਹਨ। ਇਹ ਹਕੀਕਤ ਮੁਲਾਜ਼ਮਾਂ ਨੂੰ ਵੀ ਆਪਣੇ ਸੰਘਰਸ਼/ਅੰਦੋਲਨ ਦੌਰਾਨ ਚੇਤਿਆਂ 'ਚੋਂ ਨਹੀਂ ਵਿਸਾਰਨੀ ਚਾਹੀਦੀ।

### UPS ਦੀ ਚੀਰ-ਫਾੜ ਦਾ ਸੰਦਰਭ ਕੀ ਹੋਵੇ?

UPS ਦੀ NPS ਨਾਲ ਕੀ ਸਾਂਝ ਹੈ ਅਤੇ OPS ਨਾਲੋਂ ਕਿੰਨਾ ਵਖਰੇਵਾਂ ਹੈ ਇਸ ਦੀ ਪਰਖ-ਪੜਚੋਲ/ਚੀਰ-ਫਾੜ ਵੀ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੇ ਆਧਾਰ 'ਤੇ ਅੱਗੇ ਕੀਤੀ ਜਾਵੇਗੀ ਪਰੰਤੂ ਪਹਿਲਾਂ ਇੱਕ ਗੱਲ ਸਾਨੂੰ ਮਨੋਂ ਨਹੀਂ ਵਿਸਾਰਨੀ ਚਾਹੀਦੀ ਕਿ ਹਕੂਮਤੀ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਪੁੱਟੇ ਗਏ ਨੀਤੀਗਤ ਕਦਮਾਂ/ਕੀਤੇ ਗਏ ਫੈਸਲਿਆਂ ਨੂੰ ਜੇ ਅਸੀਂ ਉਨ੍ਹਾਂ ਵੱਲੋਂ ਲਾਗੂ ਕੀਤੇ ਜਾ ਰਹੇ ਮੂਲ ਰਾਜਨੀਤਕ-ਰਣਨੀਤਕ ਏਜੰਡੇ ਦੇ ਸੰਦਰਭ 'ਚ ਰੱਖ ਕੇ ਘੋਖਾਂਗੇ ਤਾਂ ਹੀ ਸਹੀ ਸਿੱਟੇ 'ਤੇ ਪਹੁੰਚ ਸਕਾਂਗੇ ਅਤੇ ਉਨ੍ਹਾਂ ਦੇ ਆਗੂਆਂ ਦੀਆਂ ਕੀਤੀਆਂ ਤਕਰੀਰਾਂ ਵਿਚਲੇ ਕਹੇ ਤੇ ਅਣਕਹੇ ਸ਼ਬਦਾਂ ਦਾ ਸਹੀ ਅਰਥ ਕੱਢ ਸਕਾਂਗੇ।

ਇਸ ਪ੍ਰਸੰਗ 'ਚ ਦੇਖਿਆਂ, ਜਦ ਕੇਂਦਰੀ ਵਜ਼ਾਰਤ ਵੱਲੋਂ ਕੀਤੇ UPS ਦੇ ਐਲਾਨ ਵਾਲੇ ਦਿਨ ਕੇਂਦਰੀ ਵਿਤ ਮੰਤਰੀ ਸੀਤਾਰਮਨ ਇਹ ਕਹਿੰਦੀ ਹੈ ਕਿ ``UPS is not a U-turn or roll-back, it's a new package`` ਮਤਲਬ ਨਾ ਹੀ UPS ਸਾਡੇ ਵੱਲੋਂ ਪਿੱਛੇ ਮੁੜਨਾ ਤੇ ਨਾ ਹੀ ਮੋੜ ਕੱਟਣਾ ਹੈ, ਭਾਵ ਅਸੀਂ ਤਾਂ ਕਾਰਪੋਰੇਟੀ-ਸੁਧਾਰਾਂ ਦੀ ਨੀਤੀ ਦੇ ਰਸਤੇ 'ਤੇ ਹੀ ਸਿੱਧੇ ਚੱਲ ਰਹੇ ਹਾਂ। ਉਨ੍ਹਾਂ ਦਾ ਇਹ ਵੀ ਕਹਿਣਾ ਕਿ "ਪਿੱਛੇ ਮੁੜਨ ਦਾ ਮਤਲਬ ਤਾਂ ਮੁੜ OPS ਨੂੰ ਲਾਗੂ ਕਰਨਾ ਹੁੰਦਾ। ਇਹ ਅਸੀਂ ਕੀਤਾ ਹੀ ਨਹੀਂ। ਅਸੀਂ ਤਾਂ NPS ਨੂੰ ਹੀ ਕੁੱਝ ਕੁ ਸੰਵਾਰਿਆ ਹੈ.."ਭਾਵ NPS ਦਾ ਹੀ ਮੂੰਹ-ਮੱਥਾ ਸੰਵਾਰ-ਸ਼ਿੰਗਾਰ ਕੇ, ਉਸੇ ਨੂੰ ਹੀ UPS ਦੇ ਇੱਕ 'ਨਵੇਂ ਪੈਕੇਜ' ਰਾਹੀਂ ਪਰੋਸਿਆ ਹੈ।

ਉਸੇ ਦਿਨ ਹੀ 'ਪੈਨਸ਼ਨ ਰਿਵਿਊ ਕਮੇਟੀ' ਦੇ ਚੇਅਰਮੈਨ ਟੀ.ਵੀ.ਸੋਮਾਨਾਥਨ ਵੱਲੋਂ ਜਾਰੀ ਕੀਤੇ ਬਿਆਨ 'ਚ ਕਿਹਾ ਗਿਆ ਕਿ ``UPS, ਯਕੀਨਨ ਵਿਤੀ ਪੱਖੋਂ ਵਧੇਰੇ ਸਮਝਦਾਰੀ ਵਾਲੀ ਹੈ.. ਇਹ ਉਸੇ ਅੰਸ਼ਦਾਰ-(Contributory) ਪ੍ਰਣਾਲੀ ਦੇ ਚੌਖਟੇ ਅੰਦਰ ਰਹਿਣ ਵਾਲੀ ਹੀ ਹੈ। ਇਹੋ critical difference ਹਨ UPS ਦਾ OPS (>2KdOPS iewk unfunded, non-contributor) ਪ੍ਰਣਾਲੀ ਹੈ ਜਦਕਿ UPS ਇੱਕ funded, contributory ਪ੍ਰਣਾਲੀ ਹੈ। ਅੱਜ ਕੇਵਲ ਇੱਕੋ ਹੀ ਫ਼ਰਕ ਜਿਹੜਾ ਪਾਇਆ ਗਿਆ ਹੈ ਉਹ ਹੈ ਯਕੀਨ-ਦਹਾਨੀ ਦੇਣੀ, ਬਾਜ਼ਾਰ ਦੇ ਉਤਰਾ-ਚੜ੍ਹਾਅ ਭਰੋਸੇ ਨਾ ਛੱਡਣਾ..''

ਇਨ੍ਹਾਂ ਬਿਆਨਾਂ ਨੂੰ ਵੀ ਇਸੇ ਪ੍ਰਸੰਗ 'ਚ ਵਾਚਿਆਂ ਸਮਝ ਸਕਦੇ ਹਾਂ ਕਿ ਕਾਰਪੋਰੇਟ ਘਰਾਣਿਆਂ ਨੂੰ ਤੇ ਸਾਮਰਾਜੀ ਵਿਤੀ ਸੰਸਥਾਵਾਂ ਨੂੰ ਯਕੀਨ-ਦਹਾਨੀ ਦਿੱਤੀ ਗਈ ਹੈ ਕਿ ਮੋਦੀ ਸਰਕਾਰ ਵੱਲੋਂ NPS 'ਚ ਕੋਈ ਮੂਲ ਤਬਦੀਲੀ ਨਹੀਂ ਕੀਤੀ ਗਈ। ਕਿਉਂਕਿ OPS ਬੰਦ ਕਰਕੇ NPS ਲਾਗੂ ਕਰਨੀ, ਕਾਰਪੋਰੇਟੀ ਵਿਤੀ ਸੁਧਾਰਾਂ ਦੇ ਹੀ ਅੰਗ ਵੱਜੋਂ ਮੁਲਾਜ਼ਮਾਂ ਦੀ ਪੈਨਸ਼ਨ ਦਾ ਪੂਰਨ ਕਾਰਪੋਰੇਟੀਕਰਨ ਹੀ ਸੀ।

ਮੋਦੀ ਸਰਕਾਰ ਵੱਲੋਂ NPS ਦੀ ਥਾਂ 'ਤੇ UPS ਦੇ ਇਸ 'ਪੈਕੇਜ' ਨੂੰ ਉਸੇ ਤਰ੍ਹਾਂ ਹੀ ਸਮਝਿਆ ਜਾਣਾ ਚਾਹੀਦਾ ਹੈ ਜਿਸ ਤਰ੍ਹਾਂ ਕਿਸਾਨ ਵਿਰੋਧੀ ਕਾਰਪੋਰੇਟ ਪੱਖੀ ਤਿੰਨ ਖੇਤੀ ਕਾਨੂੰਨਾਂ ਨੂੰ ਮਹਾਂ-ਕਿਸਾਨ ਅੰਦੋਲਨ ਦੇ ਦਬਾਅ ਹੇਠ ਵਾਪਿਸ ਲੈਣ ਤੋਂ ਬਾਅਦ ਮੁੜ 'ਮੰਡੀਕਰਨ' ਦੇ 'ਡਰਾਫਟ' ਰਾਹੀਂ ਲਾਗੂ ਕਰਵਾਉਣ ਲਈ ਰਾਜਾਂ ਨੂੰ ਭੇਜਿਆ ਗਿਆ ਹੈ। ਦੋਵਾਂ ਕੇਸਾਂ 'ਚ 'ਕਾਰਪੋਰੇਟ ਵਿਕਾਸ ਮਾਡਲ' ਦਾ ਹੀ ਦਬਾਅ ਕੰਮ ਕਰ ਰਿਹਾ ਹੈ।

### UPS ਨੋਟੀਫਿਕੇਸ਼ਨ- ਕੀ ਹੈ, ਕੀ ਨਹੀਂ ਹੈ - OPS ਬਨਾਮ UPS

ਪਹਿਲੀ ਗੱਲ, ਕੁੱਲ 7 ਪੰਨਿਆਂ ਦੇ ਇਸ UPS ਨੋਟੀਫਿਕੇਸ਼ਨ ਅੰਦਰ OPS ਦਾ ਤਾਂ ਕਿਤੇ ਜ਼ਿਕਰ ਵੀ ਨਹੀਂ ਹੈ। ਇਸ ਦੀ ਧਾਰਾ(1) 'ਚ ਹੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਬੀਜੇਪੀ ਦੀ ਵਾਜਪਾਈ ਸਰਕਾਰ ਸਮੇਂ 22 ਦਸੰਬਰ 2003 ਨੂੰ NPS ਲਾਗੂ ਕਰਨ ਵਾਲੇ ਜਾਰੀ ਕੀਤੇ ਗਏ ਸਭ ਤੋਂ ਪਹਿਲੇ ਨੋਟੀਫਿਕੇਸ਼ਨ ਦੀ ਅਤੇ ਮੋਦੀ ਸਰਕਾਰ ਦੇ NPS 'ਚ ਹੀ ਕੁੱਝ ਅਦਲਾ-ਬਦਲੀ ਕਰਨ ਵਾਲੇ 31 ਜਨਵਰੀ, 2019 ਦੇ ਨੋਟੀਫਿਕੇਸ਼ਨ ਅੰਦਰ 'ਮਾਮੂਲੀ' (Partial) ਸੋਧ ਕਰ ਕੇ UPS ਲਾਗੂ ਕੀਤਾ ਜਾ ਰਿਹਾ ਹੈ। ਜਿਸ ਦਾ ਅਰਥ ਇਹ ਹੈ ਕਿ NPS 'ਚ ਮੂਲ ਤਬਦੀਲੀ ਕੋਈ ਨਹੀਂ ਕੀਤੀ ਗਈ ਹੈ। ਸਿਧਾਂਤਕ ਤੌਰ 'ਤੇ UPS ਵੀ NPS ਦੀ ਤਰ੍ਹਾਂ ਪੂਰਨ ਤੌਰ 'ਤੇ ਅੰਸ਼ਦਾਰੀ ਵਾਲੀ (Funded ਤੇ Contributory) ਪ੍ਰਣਾਲੀ ਹੈ।

ਜਦਕਿ OPS ਪੂਰਨ ਤੌਰ 'ਤੇ Unfunded 'ਤੇ Non-contributory ਪ੍ਰਣਾਲੀ ਹੈ। ਮੁਲਾਜ਼ਮ ਵੱਲੋਂ ਕੁੱਝ ਵੀ ਨਹੀਂ ਜਮ੍ਹਾਂ ਕਰਵਾਇਆ ਜਾਂਦਾ। ਸਗੋਂ ਜੋ ਨਿਸ਼ਚਿਤ ਪ੍ਰਾਵੀਡੈਂਟ ਫੰਡ ਕੱਟਿਆ ਜਾਂਦਾ ਹੈ ਉਹ ਪੂਰੇ ਦਾ ਪੂਰਾ ਸਮੇਤ ਵਿਆਜ ਸੇਵਾਮੁਕਤੀ ਸਮੇਂ ਮਿਲਦਾ ਹੈ। ਉਸਨੂੰ ਸੇਵਾਮੁਕਤੀ ਮੌਕੇ ਆਪਣੀ ਉਮਰ-ਭਰ ਦੀ ਨੌਕਰੀ ਦੇ ਇਵਜ਼ 'ਚ ਬੁੱਢੇ-ਵਾਰੇ ਸਰਕਾਰ ਵੱਲੋਂ ਸਮਾਜਿਕ ਸੁਰੱਖਿਆ ਦੀ ਆਪਣੀ ਬਣਦੀ ਜਿੰਮੇਵਾਰੀ ਵੱਜੋਂ ਨਿਸ਼ਚਿਤ ਪੈਨਸ਼ਨ ਦਿੱਤੀ ਜਾਂਦੀ ਹੈ। ਸੁਪਰੀਮ ਕੋਰਟ ਦਾ 17 ਦਸੰਬਰ, 1982 ਦਾ ਫੈਸਲਾ ਵੀ ਇਹੋ ਹੈ। UPS ਤੇ NPS ਦੋਵੇਂ ਪ੍ਰਣਾਲੀਆਂ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੀ ਉਲੰਘਣਾ ਹੈ। ਹਾਂ, ਇਹ ਸੰਸਾਰ ਬੈਂਕ-ਮੁੱਦਰਾ ਕੋਸ਼ ਦੀਆਂ 2001 ਦੀਆਂ ਲਿਖਤਾਂ 'ਚ ਦਰਜ ਸੁਝਾਵਾਂ ਰੂਪੀ ਹਦਾਇਤਾਂ ਦੀ ਜ਼ਰੂਰ ਪਾਲਣਾ ਕਰਦੀਆਂ ਹਨ ਜਿਨ੍ਹਾਂ 'ਚ ਕਿਹਾ ਗਿਆ ਹੈ ਕਿ ਜੇ ਪੈਨਸ਼ਨ ਦੇਣੀ ਹੀ ਹੈ ਤਾਂ OPS ਵਰਗੀ ਨਿਸ਼ਚਿਤ ਲਾਭ ਵਾਲੀ ਨਹੀਂ ਦੇਣੀ, ਨਿਸ਼ਚਿਤ ਅੰਸ਼ਦਾਨ ਵਾਲੀ ਹੀ ਦੇਣੀ ਹੈ। ਨੋਟੀਫਿਕੇਸ਼ਨ ਦੀ ਧਾਰਾ (15) ਤਹਿਤ UPS ਵੀ NPS ਵਾਲੇ PFRDA ਸੰਸਥਾ ਅਧੀਨ ਹੀ ਹੋਵੇਗੀ। ਉਸ ਵੱਲੋਂ ਹੀ ਇਸ ਦੀ ਨਿਯਮਾਵਲੀ ਬਣਾਈ ਜਾਵੇਗੀ। ਧਾਰਾ(5) ਤਹਿਤ ਫੰਡ ਵਾਂਗ ਇਹੋ ਸੰਸਥਾ ਹੀ ਮੁਲਾਜ਼ਮ ਤੇ ਸਰਕਾਰ ਵੱਲੋਂ ਜਮ੍ਹਾਂ ਰਾਸ਼ੀ ਦਾ ਫੰਡ ਮੈਨੇਜਰਾਂ ਰਾਹੀਂ ਬਾਜ਼ਾਰ 'ਚ ਪੂੰਜੀ-ਨਿਵੇਸ਼ ਕਰੇਗੀ।

ਧਾਰਾ2(5) ਤਹਿਤ UPS ਦੇ ਨਿਯਮ ਮੁਤਾਬਿਕ ਸੇਵਾਮੁਕਤ ਮੁਲਾਜ਼ਮ ਨੂੰ ਬਣਦੀ ਪੈਨਸ਼ਨ 'ਤੇ ਹੋਰਨਾਂ ਮੁਲਾਜ਼ਮਾਂ ਵਾਂਗ ਡੀ.ਏ ਤਾਂ ਮਿਲੇਗਾ ਪਰੰਤੂ ਇਸ ਤੋਂ ਬਿਨਾਂ OPS ਤਹਿਤ ਮਿਲਣ ਵਾਲੇ ਹੋਰ ਭੱਤਿਆਂ/ਰਾਹਤਾਂ-ਮੈਡੀਕਲ, ਬੁਢਾਪਾ ਭੱਤਾ, ਐਲ.ਟੀ.ਸੀ, ਸਮੇਂ ਸਮੇਂ ਪੈਨਸ਼ਨ ਸੋਧ ਦਾ ਕੋਈ ਪ੍ਰਾਵਧਾਨ ਦਰਜ ਨਹੀਂ ਹੈ।

UPS ਦੀ ਧਾਰਾ 2(6) ਤਹਿਤ, ਸੇਵਾਮੁਕਤੀ ਮੌਕੇ ਉੱਕੀ-ਪੁੱਕੀ ਰਾਸ਼ੀ ਦੇਣ ਦਾ ਜ਼ਿਕਰ ਹੈ ਜੋਕਿ ਦਰਸਾਏ ਗਏ ਫਾਰਮੂਲੇ ਮੁਤਾਬਿਕ ਬਹੁਤ ਹੀ ਨਿਗੂਣੀ ਬਣਦੀ ਹੈ। ਕੁੱਲ 30 ਸਾਲ ਦੀ ਸੇਵਾ ਤੋਂ ਬਾਅਦ ਸੇਵਾਮੁਕਤ ਹੋਣ ਵਾਲੇ ਮੁਲਾਜ਼ਮ ਨੂੰ 360 ਮਹੀਨਿਆਂ ਦੇ ਪਾਏ ਅੰਸ਼ਦਾਨ ਵਿੱਚੋਂ ਸਿਰਫ਼ 6 ਮਹੀਨਿਆਂ ਦੀ ਕੁੱਲ ਤਨਖ਼ਾਹ ਰਾਸ਼ੀ ਹੀ ਮਿਲੇਗੀ। ਨੋਟੀਫਿਕੇਸ਼ਨ ਅੰਦਰ ਦਿੱਤੀਆਂ ਉਦਾਹਰਣਾਂ ਤੋਂ ਸਪਸ਼ਟ ਹੈ। OPS ਤਹਿਤ ਮਿਲਦੀ ਗ੍ਰੈਚੂਟੀ (25 ਲੱਖ ਰੁਪਏ ਤੱਕ) ਨਹੀਂ ਮਿਲੇਗੀ ਜਿਸ ਦਾ ਕਿਤੇ ਵੀ ਜ਼ਿਕਰ ਨਹੀਂ ਹੈ। ਜਦਕਿ UPS ਦੇ ਐਲਾਨ ਮੌਕੇ ਬਿਆਨਾਂ 'ਚ ਇਹ ਆਇਆ ਸੀ ਕਿ ਇਹ ਉੱਕੀ-ਪੁੱਕੀ ਰਾਸ਼ੀ ਗ੍ਰੈਚੂਟੀ ਤੋਂ ਵੱਖਰੀ ਹੋਵੇਗੀ, ਜਦ ਕਿ ਅਸਲ 'ਚ ਨੋਟੀਫਿਕੇਸ਼ਨ ਮੁਤਾਬਿਕ ਇਹ ਉੱਕੀ-ਪੁੱਕੀ ਨਿਗੂਣੀ ਰਾਸ਼ੀ, ਗ੍ਰੈਚੂਟੀ ਦੇ ਇਵਜ਼ ਵਜੋਂ ਹੀ ਹੈ। ਸਗੋਂ NPS ਤਹਿਤ ਵੀ ਗ੍ਰੈਚੂਟੀ ਆਦਿ ਦਾ ਕੋਈ ਪ੍ਰਾਵਧਾਨ ਨਹੀਂ ਸੀ ਪਰੰਤੂ ਮੁਲਾਜ਼ਮਾਂ ਦੇ ਸੰਘਰਸ਼ ਸਦਕਾ ਗ੍ਰੈਚੂਟੀ ਲਾਗੂ ਕਰਨੀ ਪਈ ਹੈ।

UPS ਤਹਿਤ ਜਿੱਥੋਂ ਤੱਕ 25 ਸਾਲਾਂ ਦੀ ਸਰਵਿਸ ਪੂਰੀ ਹੋਣ 'ਤੇ ਬਣਦੀ ਪੂਰੀ ਪੈਨਸ਼ਨ ਦੇਣ ਦਾ ਸਵਾਲ ਹੈ, OPS ਤਹਿਤ ਤਾਂ ਕੇਂਦਰੀ ਮੁਲਾਜ਼ਮ ਪਹਿਲਾਂ ਹੀ 20 ਸਾਲ ਦੀ ਪੂਰੀ ਸਰਵਿਸ ਤੋਂ ਬਾਅਦ ਅਤੇ ਪੰਜਾਬ ਰਾਜ ਵਰਗੇ ਹੋਰ ਰਾਜਾਂ ਦੇ ਮੁਲਾਜ਼ਮ ਵੀ 25 ਸਾਲ ਦੀ ਪੂਰੀ ਸਰਵਿਸ ਤੋਂ ਬਾਅਦ ਪੂਰੀ ਪੈਨਸ਼ਨ ਅਤੇ ਸਾਰੇ ਭੱਤਿਆਂ ਦੇ ਹੱਕਦਾਰ ਹਨ। ਧਾਰਾ 2(c) ਤਹਿਤ, ਜੇ ਕੋਈ ਮੁਲਾਜ਼ਮ 25 ਸਾਲ ਦੀ ਪੂਰੀ ਯੋਗ ਸੇਵਾ ਤੋਂ ਬਾਅਦ ਸਵੈ-ਇੱਛਤ ਸੇਵਾਮੁਕਤੀ ਲੈ ਲੈਂਦਾ ਹੈ ਪਰ ਉਸਦੀ ਸੇਵਾਮੁਕਤੀ ਦੇ ਪੂਰੇ ਬਣਦੇ ਸਾਲ ਅਜੇ ਬਾਕੀ ਰਹਿੰਦੇ ਹਨ ਭਾਵ ਉਸ ਵੱਲੋਂ ਪਾਇਆ ਜਾ ਰਿਹਾ ਅੰਸ਼ਦਾਨ ਅਜੇ ਪੂਰਾ ਨਹੀਂ ਹੋਇਆ ਤਾਂ ਉਸ ਨੂੰ ਪੈਨਸ਼ਨ ਮਿਲਣੀ ਉਸ ਦਿਨ ਤੋਂ ਸ਼ੁਰੂ ਹੋਵੇਗੀ ਜਿਸ ਦਿਨ ਉਹ 58/60 ਸਾਲ ਪੂਰੇ ਕਰ ਲਵੇਗਾ। ਉਸ ਦਿਨ ਤੋਂ ਨਹੀਂ ਜਿਸ ਦਿਨ ਉਹ ਸਵੈ-ਇੱਛਤ ਸੇਵਾਮੁਕਤ ਹੋਇਆ ਹੈ। ਉਸ ਸਮੇਂ ਦੌਰਾਨ ਉਹ ਜਿਉਂਦਾ ਹੈ ਜਾਂ ਮੁਰਦਾ ਇਸ ਨਾਲ UPS ਦਾ ਕੋਈ ਲੈਣਾ-ਦੇਣਾ ਨਹੀਂ ਹੈ। ਜਦ ਕਿ, OPS ਤਹਿਤ ਸਵੈ-ਇੱਛਤ ਵਾਲੇ ਦਿਨ ਤੋਂ ਹੀ ਪੈਨਸ਼ਨ ਮਿਲਣੀ ਸ਼ੁਰੂ ਹੋ ਜਾਂਦੀ ਹੈ। ਦਰਅਸਲ ਇਹ NPS ਦੀ ਹੀ ਨਕਲ ਹੈ ਜਿਸ ਤਹਿਤ ਜੇ ਕੋਈ ਮੁਲਾਜ਼ਮ ਸੇਵਾ ਮੁਕਤੀ ਤੱਕ ਕਿਸੇ ਕਾਰਨ ਪੂਰਾ ਅੰਸ਼ਦਾਨ ਨਹੀਂ ਕਰਦਾ ਜਾਂ ਸੇਵਾਮੁਕਤੀ ਤੋਂ ਪਹਿਲਾਂ ਹੀ ਛੌੜ ਹੋ ਜਾਂਦਾ ਹੈ ਤਾਂ ਉਸ ਨੂੰ ਜਾਂ ਉਸਦੇ ਵਾਰਸਾਂ ਨੂੰ ਜਮ੍ਹਾਂ ਰਾਸ਼ੀ ਦਾ 60% ਦੀ ਬਜਾਇ ਸਿਰਫ਼ 20% ਹੀ ਮਿਲਦਾ ਹੈ। ਬਾਕੀ ਦਾ 80% ਜਮ੍ਹਾਂ ਹੀ ਰਹਿੰਦਾ ਹੈ। UPS ਦੇ ਨੋਟੀਫਿਕੇਸ਼ਨ 'ਚ ਪੈਨਸ਼ਨ 'ਕਮਿਊਟੇਸ਼ਨ' ਦਾ ਕੋਈ ਪ੍ਰਾਵਧਾਨ ਨਹੀਂ ਹੈ ਜੋ ਕਿ NPS ਤਹਿਤ ਮਿਲਦੀ ਹੈ। UPS ਦੇ ਨੋਟੀਫਿਕੇਸ਼ਨ ਅੰਦਰ ਸੇਵਾਮੁਕਤੀ ਸਮੇਂ ਮਿਲਣ ਵਾਲੀ ਉੱਕੀ-ਪੁੱਕੀ ਰਾਸ਼ੀ ਬਾਰੇ ਕੋਈ ਜ਼ਿਕਰ ਨਹੀਂ ਹੈ ਕਿ ਇਹ ਟੈਕਸ-ਰਹਿਤ ਹੋਵੇਗੀ ਜਾਂ ਇਸ ਉੱਪਰ ਟੈਕਸ ਲੱਗੇਗਾ। ਜਦਕਿ OPS ਤਹਿਤ ਮਿਲਣ ਵਾਲੀ ਹਰ ਰਾਸ਼ੀ (ਕਮਿਊਟੇਸ਼ਨ, ਗ੍ਰੈਚੂਟੀ, ਲੀਵ ਇਨਕੈਸ਼ਮੈਂਟ, ਪ੍ਰਾਵੀਡੈਂਟ ਆਦਿ) ਟੈਕਸ ਰਹਿਤ ਹੈ।

### ਰਾਜਾਂ ਦੀ ਬਣੇਗੀ ਮਜਬੂਰੀ ਜਾਂ ਬਹਾਨੇਬਾਜ਼ੀ?

UPS ਦਾ ਨੋਟੀਫਿਕੇਸ਼ਨ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੇਂਦਰੀ ਮੁਲਾਜ਼ਮਾਂ ਲਈ ਜਾਰੀ ਕੀਤਾ ਗਿਆ ਹੈ। ਰਾਜ ਸਰਕਾਰਾਂ ਲਈ ਇਸ ਨੂੰ ਲਾਗੂ ਕਰਨਾ ਕੋਈ ਬੰਦਿਸ਼ ਨਹੀਂ ਹੈ। NPS ਦਾ ਦਸੰਬਰ, 2003 ਵਾਲਾ ਪਹਿਲਾ ਨੋਟੀਫਿਕੇਸ਼ਨ ਤੇ ਸਤੰਬਰ, 2013 ਦਾ ਪਾਰਲੀਮੈਂਟ ਦਾ ਕਾਨੂੰਨ ਵੀ ਕੇਂਦਰੀ ਮੁਲਾਜ਼ਮਾਂ 'ਤੇ ਹੀ ਲਾਗੂ ਹੁੰਦਾ ਸੀ, ਰਾਜ ਸਰਕਾਰਾਂ ਇਸ ਨੂੰ ਲਾਗੂ ਕਰਨ ਲਈ ਪਾਬੰਦ ਨਹੀਂ ਸਨ। ਪਰੰਤੂ ਉਸ ਸਮੇਂ ਦੀਆਂ ਤਤਕਾਲੀ ਕੇਂਦਰੀ ਸਰਕਾਰਾਂ (ਬੀਜੇਪੀ ਤੇ ਕਾਂਗਰਸ ਦੀਆਂ) ਅਤੇ ਅੱਜ ਦੀਆਂ ਕੇਂਦਰੀ ਸਰਕਾਰਾਂ ਵੀ, 'ਕਾਰਪੋਰੇਟ ਵਿਕਾਸ ਮਾਡਲ' ਦੀਆਂ ਲੋੜਾਂ ਦੇ ਦਬਾਅ ਹੇਠ, ਠੇਕਾ/ਆਊਟਸੋਰਸਿੰਗ ਭਰਤੀ/ਪੁਨਰਗਠਨ ਆਦਿ ਕਦਮਾਂ ਦੀ ਤਰ੍ਹਾਂ ਕਿਸੇ ਤਰੀਕੇ ਰਾਜਾਂ 'ਤੇ ਵੀ ਠੋਸਣਾ ਚਾਹੁੰਦੀਆਂ ਸਨ/ਹਨ। ਇਨ੍ਹਾਂ ਹਕੂਮਤੀ ਪਾਰਟੀਆਂ ਦਾ ਕਾਰਪੋਰੇਟ ਮਾਡਲ 'ਤੇ ਕੋਈ ਮਤਭੇਦ ਨਹੀਂ ਹੈ।

ਇਸੇ ਦਿਸ਼ਾ 'ਚ ਹੀ ਕਦਮ ਪੁਟਦਿਆਂ ਜਨਵਰੀ, 2003 'ਚ NDA (1) ਦੀ ਵਾਜਪਾਈ ਸਰਕਾਰ ਸਮੇਂ ਭਾਰਤੀ ਰਿਜ਼ਰਵ ਬੈਂਕ ਵੱਲੋਂ ਰਾਜਾਂ ਦੀ ਪੈਨਸ਼ਨ ਦੀ ਦੇਣਦਾਰੀ ਦਾ ਮੁਲੰਕਣ ਕਰਨ ਲਈ ਰਾਜਾਂ ਦੇ ਵਿਤ ਸਕੱਤਰਾਂ ਦੀ ਬੁਲਾਈ ਮੀਟਿੰਗ 'ਚ ਇੱਕ 'ਮਾਹਰਾਂ ਦਾ ਗਰੁੱਪ' ਗਠਿਤ ਕੀਤਾ ਗਿਆ।

ਉਸ ਗਰੁੱਪ ਦੀਆਂ ਸਿਫ਼ਾਰਸ਼ਾਂ ਵਿੱਚ ਹੀ ਨਿਸ਼ਚਿਤ ਅੰਸ਼ਦਾਨ (DB) ਵਾਲੀ ਫੰਡ ਸੀ ਜਿਸ ਨੂੰ ਦੋ ਰਾਜਾਂ (ਕੇਰਲਾ ਤੇ ਬੰਗਾਲ) ਤੋਂ ਬਿਨਾਂ ਪੰਜਾਬ ਸਮੇਤ ਸਭਨਾਂ ਰਾਜਾਂ ਨੇ ਇਸ NPS 'ਤੇ ਸਹਿਮਤੀ ਦੇ ਦਿੱਤੀ ਜੋ ਕਿ ਕੇਂਦਰੀ ਤੇ ਰਾਜਾਂ ਦੇ ਮੁਲਾਜ਼ਮਾਂ ਉੱਪਰ ਉਨ੍ਹਾਂ ਦੀ ਸਹਿਮਤੀ ਦੇ ਬਗੈਰ ਹੀ ਆਰਡੀਨੈਂਸ ਰਾਹੀਂ ਠੋਸ ਦਿੱਤੀ ਗਈ। ਜਿਸ ਦੇ ਦਾਇਰੇ 'ਚ ਆਉਂਦੇ ਮੁਲਕ ਭਰ ਦੇ ਲਗਭਗ ਇੱਕ ਕਰੋੜ ਮੁਲਾਜ਼ਮ ਇਸ ਨੂੰ ਰੱਦ ਕਰ ਕੇ OPS ਬਹਾਲ ਕਰਨ ਲਈ ਸੰਘਰਸ਼ਸ਼ੀਲ ਹਨ। ਹੁਣ ਵੀ ਮੋਦੀ ਸਰਕਾਰ ਵੱਲੋਂ 'ਪੈਨਸ਼ਨ ਰਿਵਿਊ ਕਮੇਟੀ' ਰਾਹੀਂ OPS ਬਹਾਲ ਕਰਨ ਦੀ ਥਾਂ 'ਤੇ NPS ਨੂੰ ਹੀ ਮਾਮੂਲੀ ਸੋਧ ਕਰ ਕੇ UPS ਦੇ ਇੱਕ ਨਵੇਂ 'ਪੈਕੇਜ' 'ਚ ਪਰੋਸਿਆ ਹੈ। ਪਿੱਛੇ ਅਸੀਂ ਦੇਖ ਹੀ ਚੁੱਕੇ ਹਾਂ ਕਿ ਜਿਹੜੀਆਂ ਜਥੇਬੰਦੀਆਂ, ਸਿਆਸੀ ਪਾਰਟੀਆਂ ਜਾਂ ਰਾਜ ਸਰਕਾਰਾਂ (ਆਪਣੀ ਚੋਣ ਰਣਨੀਤੀ ਤਹਿਤ) OPS ਬਹਾਲ ਕਰਨ ਦੀ ਗੱਲ ਕਰਦੀਆਂ ਸਨ, ਉਨ੍ਹਾਂ ਦੇ ਖਿਲਾਫ਼ ਮੋਦੀ ਸਰਕਾਰ ਦੇ ਸਮੁੱਚੇ ਲਾਮ-ਲਸ਼ਕਰ ਨੇ ਨਫ਼ਰਤੀ ਕੂੜ ਪ੍ਰਚਾਰ ਦੀ ਇੱਕ ਪੂਰੀ ਮੁਹਿੰਮ ਚਲਾਈ ਸੀ ਜਦਕਿ ਉਨ੍ਹਾਂ ਕੋਲ NPS ਦੇ ਹੱਕ 'ਚ ਕਹਿਣ ਲਈ ਕੁੱਝ ਵੀ ਹੱਥ-ਪੱਲੇ ਨਹੀਂ ਸੀ। ਹੁਣ UPS ਦੇ ਗੋਗੇ ਸ਼ੁਰੂ ਹੋਣਗੇ।

ਖੁਦ ਮੋਦੀ ਨੇ ਸ਼ੁਰੂ ਕਰ ਹੀ ਦਿੱਤੇ ਹਨ ਕਿ UPS 'ਮਿਹਨਤੀ' ਮੁਲਾਜ਼ਮਾਂ ਦੀ 'ਗਰਿਮਾ' ਨੂੰ ਧਿਆਨ 'ਚ ਰੱਖ ਕੇ ਹੀ ਲਾਗੂ ਕੀਤੀ ਗਈ ਹੈ। ਰਾਜਾਂ ਨੂੰ OPS ਬਹਾਲ ਨਾ ਕਰਨ ਲਈ ਧਮਕੀਆਂ ਵੀ ਦਿੱਤੀਆਂ, ਲਾਲਚ ਵੀ ਦਿੱਤੇ। ਜਿੱਥੇ ਹਿਮਾਚਲ ਤੇ ਝਾਰਖੰਡ ਵਰਗੇ ਰਾਜਾਂ ਨੇ OPS ਬਹਾਲ ਕਰ ਕੇ ਲਾਗੂ ਵੀ ਕਰ ਦਿੱਤੀ ਉੱਥੇ ਇਸੇ ਬਹਾਨੇ ਪੰਜਾਬ ਦੀ 'ਆਪ' ਦੀ ਭਗਵੰਤ ਮਾਨ ਸਰਕਾਰ 'ਇਨਕਲਾਬ' ਲਿਆਉਂਦੀ ਲਿਆਉਂਦੀ OPS ਹੀ ਬਹਾਲ ਕਰਨ ਵੱਲ ਇੱਕ ਕਦਮ ਵੀ ਨਹੀਂ ਪੁੱਟ ਸਕੀ। ਲੱਗਦੈ ਉਹ ਵੀ UPS ਦੀ ਹੀ ਉਡੀਕ ਕਰ ਰਹੀ ਸੀ। ਹੁਣ ਤਾਂ ਇਹ ਬਹਾਨਾ ਹੋਰ ਵੀ ਕਾਰਗਰ ਹੋਵੇਗਾ। ਪਰ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਤਾਂ, ਇੱਕ ਰਾਸ਼ਟਰ-ਇੱਕ ਚੋਣ ਦੀ ਗੱਲ ਕਰਦਿਆਂ, ਉਸਤੋਂ ਪਹਿਲਾਂ ਮੋਦੀ ਸਰਕਾਰ ਤੋਂ ਸਾਰੇ ਮੁਲਕ 'ਚ ਇੱਕੋ ਸਿੱਖਿਆ ਨੀਤੀ ਲਾਗੂ ਕਰਨ ਦੀ ਮੰਗ ਕਰ ਰਿਹਾ ਹੈ ਜਿਹੜੀ ਕਿ ਪਹਿਲਾਂ ਹੀ ਮੋਦੀ ਸਰਕਾਰ ਵੱਲੋਂ ਰਾਜਾਂ ਦੇ ਅਧਿਕਾਰਾਂ ਨੂੰ ਲਤੜ ਕੇ, ਪਾਰਲੀਮੈਂਟ ਤੋਂ ਵੀ ਪਾਸ ਕਰਵਾਏ ਬਗੈਰ ਤਾਨਾਸ਼ਾਹੀ ਨਾਲ, ਆਪਣੇ ਕਾਰਪੋਰੇਟੀ-ਫਿਰਕੂ ਫਾਸ਼ੀ ਏਜੰਡੇ ਦੀ ਦਿਸ਼ਾ-ਸੇਧ ਅਨੁਸਾਰ ਲਾਗੂ ਕਰਵਾਈ ਜਾ ਰਹੀ ਹੈ ਜਿਸ ਦਾ ਮੁਲਕ ਭਰ ਅੰਦਰ ਵਿਰੋਧ ਹੋ ਰਿਹਾ ਹੈ।

ਹੁਣ ਵੀ, ਕੇਂਦਰ ਦੀ ਮੋਦੀ ਸਰਕਾਰ ਜਿਸ ਤਰ੍ਹਾਂ ਮੁਲਕ ਦੇ ਸਮੁੱਚੇ ਅਰਥਚਾਰੇ ਤੇ ਸੰਵਿਧਾਨਕ ਸੰਸਥਾਵਾਂ ਦੇ ਨਿੱਜੀਕਰਨ ਤੇ ਕੇਂਦਰੀਕਰਨ ਕਰਨ ਵੱਲ ਵਧ ਰਹੀ ਹੈ ਅਤੇ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਉਲੰਘ ਕੇ ਕਾਨੂੰਨ ਲਾਗੂ ਕਰ ਰਹੀ ਹੈ, ਚਾਹੇ ਖੇਤੀ ਕਾਨੂੰਨ ਹੋਣ, ਚਾਹੇ ਕੌਮੀ ਸਿੱਖਿਆ ਨੀਤੀ ਹੋਵੇ, ਬਿਜਲੀ ਕਾਨੂੰਨ ਹੋਵੇ, ਜਲ ਨੀਤੀ ਹੋਵੇ, ਉਸੇ ਤਰ੍ਹਾਂ ਉਹ 'ਪੈਨਸ਼ਨ ਨੀਤੀ' ਵੀ ਸਾਰੇ ਮੁਲਕ 'ਚ ਇੱਕੋ ਹੀ (ਕਾਰਪੋਰੇਟ ਜਗਤ ਨੂੰ ਰਾਸ ਆਉਂਦੀ) ਚਾਹੁੰਦੀ ਹੈ। ਭਾਵੇਂ UPS ਦੇ ਨੋਟੀਫਿਕੇਸ਼ਨ 'ਚ ਤਾਂ ਦਰਜ ਨਹੀਂ ਹੈ ਇਹ ਪਰ 'ਪੈਨਸ਼ਨ ਰਿਵਿਊ ਕਮੇਟੀ' ਗਠਿਤ ਕਰਨ ਮੌਕੇ ਕੇਂਦਰੀ ਵਿਤ ਮੰਤਰੀ ਸੀਤਾਰਮਨ ਨੇ ਇਹ ਬਿਆਨ ਵੀ ਜਾਰੀ ਕੀਤਾ ਸੀ ਕਿ ਇਸ ਕਮੇਟੀ ਰਾਹੀਂ ਜੋ ਕਾਨੂੰਨ ਬਣਾਇਆ ਜਾਵੇਗਾ ਉਹ ਸਾਰੇ ਰਾਜਾਂ 'ਤੇ ਵੀ ਲਾਗੂ ਹੋਵੇਗਾ। ਇਸ ਲਈ ਪੈਨਸ਼ਨ ਨੀਤੀ ਦਾ ਇਹ ਮੁੱਦਾ ਸਮੂਹ ਕੇਂਦਰੀ ਤੇ ਰਾਜਾਂ ਦੇ ਮੁਲਾਜ਼ਮਾਂ ਦਾ, ਸਮੂਹ ਪੈਨਸ਼ਨਰਾਂ ਤੇ ਸੇਵਾ ਨਿਭਾਅ ਰਹੇ ਮੁਲਾਜ਼ਮਾਂ ਦਾ ਸਾਂਝਾ ਸੰਘਰਸ਼ ਮੁੱਦਾ ਬਣਦਾ ਹੈ।

# ਕਹਾਣੀ ਬੁੱਢੇ ਤੇ ਬੀਜ ਦੀ

ਮੇਰੀਆਂ ਅਭੁੱਲ ਯਾਦਾਂ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

1975-76 ਦੀ ਗੱਲ ਹੈ। ਉਨ੍ਹੀਂ ਦਿਨੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਕਣਕ ਦਾ ਨਵਾਂ ਬੀਜ ਡਬਲਯੂ ਐੱਲ 711 ਤਿਆਰ ਕੀਤਾ ਸੀ। ਉਸ ਬਾਰੇ ਪ੍ਰਚਾਰ ਸੀ ਕਿ ਇਸ ਦੇ ਦਾਣੇ ਮੋਟੇ ਸ਼ਰਬਤੀ ਹਨ ਤੇ ਝਾੜ ਪੀਬੀ 18 ਤੇ ਕਲਿਆਣ ਨਾਲੋਂ ਵੱਧ ਹੈ। ਮੈਂ ਉਹ ਬੀਜ ਵੱਡੀ ਮਾਤਰਾ ਵਿਚ ਹਾਸਲ ਕਰਨ ਦੀ ਕਲਪਨਾ ਕਰ ਗਿਆ ਜਿਵੇਂ 1960ਵਿਆਂ ਵਿਚ ਬੌਡਿਆਂ ਤੋਂ ਆਪਣੇ ਪਿੰਡ ਚਕਰ ਨੂੰ ਜਾਂਦੇ ਹੋਏ ਪੀਬੀ 18 ਕਣਕ ਦੇ ਬੀਜ ਦੀ ਕੀਤੀ ਸੀ। ਉਦੋਂ ਮੈਂ ਦਮਦਮਾ ਸਾਹਿਬ ਤੋਂ ਸਾਢੇ ਤਿੰਨ ਕੁਇੰਟਲ ਬੀਜ ਬੱਸ 'ਤੇ ਲੱਦ ਲਿਆਇਆ ਸਾਂ ਜਿਸ ਨੇ ਸਾਡੇ ਖੇਤਾਂ ਦਾ ਝਾੜ ਦੁੱਗਣਾ ਕਰ ਦਿੱਤਾ ਸੀ। ਉਹ ਬੀਜ ਲਿਆਉਣ ਬਾਰੇ ਬਾਅਦ ਵਿਚ ਮੈਂ ਇਕ ਕਹਾਣੀ ਲਿਖੀ ਸੀ ਜੀਹਦਾ ਨਾਂ ਕੰਵਲ ਦੇ ਕਹਿਣ 'ਤੇ 'ਭਾਰ' ਰੱਖਿਆ। ਉਸੇ ਤਰ੍ਹਾਂ ਇਕ ਹੋਰ ਕਹਾਣੀ ਡਬਲਯੂ ਐੱਲ 711 ਬੀਜ ਬਾਰੇ ਲਿਖੀ ਗਈ ਜਿਸ ਦਾ ਨਾਂ 'ਬੁੱਢਾ ਤੇ ਬੀਜ' ਰੱਖਿਆ ਗਿਆ।

1967 'ਚ ਦਿੱਲੀ ਦੀ ਲੈਕਚਰਾਰੀ ਛੱਡ ਕੇ ਮੈਂ ਢੁੱਡੀਕੇ ਕਾਲਜ ਵਿਚ ਲੈਕਚਰਾਰ ਆ ਲੱਗਾ ਸਾਂ। ਮੇਰਾ ਵਿਆਹ ਬੀਏ ਬੀਐੱਡ ਅਧਿਆਪਕਾ ਨਾਲ ਹੋ ਚੁੱਕਾ ਸੀ। ਨਾਲੇ ਚੋਪੜੀਆਂ ਨਾਲੇ ਦੋ-ਦੋ ਵਾਲੀ ਗੱਲ ਸੀ। ਅਜਿਹੀ ਹਾਲਤ ਵਿਚ ਆਮ ਘਰਾਂ ਦੇ ਨੌਕਰੀ ਪੇਸ਼ਾ ਜੋੜੇ ਸਾਂਝੇ ਪਰਿਵਾਰ 'ਚੋਂ ਅੱਡ ਹੋ ਜਾਂਦੇ ਹਨ ਪਰ ਅਸੀਂ ਅੱਡ ਨਾ ਹੋਏ। ਮੈਂ ਮਹਿਸੂਸ ਕਰਦਾ ਸਾਂ ਕਿ ਮੇਰੀ ਪੜ੍ਹਾਈ 'ਤੇ ਪਰਿਵਾਰ ਦਾ ਖਾਸਾ ਖਰਚ ਹੋਣ ਕਰਕੇ ਮੈਨੂੰ ਸਾਂਝੇ ਘਰ ਵਿਚ ਖਾਸੇ ਪੈਸੇ ਕਮਾ ਕੇ ਦੇਣੇ ਚਾਹੀਦੇ ਹਨ।

ਮੇਰਾ ਕਿਸਾਨ ਬਾਪ ਤੇ ਮੇਰੇ ਭਰਾ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ ਰਹਿੰਦੇ ਸਨ। ਮੈਂ ਭਰਾਵਾਂ ਦੇ ਬਰਾਬਰ ਰਹਿਣਾ ਜਾਂ ਇਓਂ ਕਹਿ ਲਓ ਕਿ ਉਨ੍ਹਾਂ ਨੂੰ ਆਪਣੇ ਬਰਾਬਰ ਰੱਖਣਾ ਚਾਹੁੰਦਾ ਸਾਂ। ਇਕ ਭਰਾ ਨੂੰ ਤਾਂ ਮੈਂ ਆਪਣੇ ਕੋਲ ਹੀ ਕਾਲਜ ਵਿਚ ਪੜ੍ਹਨ ਲਾ ਲਿਆ ਸੀ। ਫਿਰ ਉਸ ਦਾ ਅਮਰੀਕਾ 'ਚ ਆਪਣੀ ਸਾਲੀ ਨਾਲ ਵਿਆਹ ਕਰਵਾ ਦਿੱਤਾ ਤੇ ਉਹ ਸਾਰੇ ਭੈਣ ਭਰਾਵਾਂ ਨੂੰ ਹੀ ਅਮਰੀਕਨ ਬਣਾ ਕੇ ਅਗਲੇ ਪਿਛਲੇ ਭਾਰ ਲਾਹ ਗਿਆ। ਉਹ ਸਾਂਝੇ ਪਰਿਵਾਰ ਦਾ ਸਭ ਤੋਂ ਸਲੱਗ ਪੁੱਤਰ ਨਿਕਲਿਆ।

ਵਿਆਹ ਪਿੱਛੋਂ ਮੇਰੀ ਤਨਖਾਹ ਪੰਜ ਛੇ ਸੌ ਤੇ ਮੇਰੀ ਪਤਨੀ ਹਰਜੀਤ ਦੀ ਤਿੰਨ ਚਾਰ ਸੌ ਸੀ। ਉਨ੍ਹੀਂ ਦਿਨੀਂ ਅੱਠ ਨੌ ਸੌ ਰੁਪਏ ਬਹੁਤ ਹੁੰਦੇ ਸਨ। ਭਾਅ ਸਸਤੇ ਸਨ। ਆਏ ਗਏ ਦੀ ਮਹਿਮਾਨ ਨਿਵਾਜ਼ੀ ਅੱਠਾਂ ਦੀ ਦੇਸੀ ਬੋਤਲ ਤੇ ਦਸਾਂ ਦੇ ਦੇਸੀ ਕੁੱਕੜ ਨਾਲ ਹੋ ਜਾਂਦੀ ਸੀ। ਦੋ ਸੌ ਨੂੰ ਨਵਾਂ ਸਾਈਕਲ ਤੇ ਦੋ ਹਜ਼ਾਰ ਨੂੰ ਕਿੱਲਾ ਜ਼ਮੀਨ ਦਾ ਆ ਜਾਂਦਾ ਸੀ। 1971 'ਚ ਅਸੀਂ ਦਿਆਲਪੁਰੇ ਭਾਈਕੇ ਦੀ ਜ਼ਮੀਨ ਦੋ ਹਜ਼ਾਰ ਕਿੱਲੇ ਦੇ ਭਾਅ ਈ ਖਰੀਦੀ ਸੀ। ਅਸੀਂ ਅੱਧੀ ਤਨਖਾਹ ਆਪਣੇ ਉਤੇ ਖਰਚਦੇ ਤੇ ਅੱਧੀ ਸਾਂਝੇ ਘਰ 'ਚ ਦੇ ਦਿੰਦੇ। ਵੱਖਰਾ ਬੱਚਤ ਖਾਤਾ ਅਸੀਂ ਕੋਈ ਨਹੀਂ ਸੀ ਖੋਲ੍ਹਿਆ। ਸਕੂਟਰ ਦੀ ਥਾਂ ਸਾਈਕਲ ਮੇਰੀ ਸਵਾਰੀ ਸੀ। ਮੈਂ ਸਾਈਕਲ 'ਤੇ ਮੋਗੇ ਜਗਰਾਵਾਂ ਤੋਂ ਸੌਦਾ ਸੂਤ ਲੈ ਆਉਂਦਾ ਤੇ ਸਾਈਕਲ 'ਤੇ ਈ ਪਤਨੀ ਤੇ ਪੁੱਤਰ ਨੂੰ ਬਹਾ ਕੇ ਸਕੀਰੀਆਂ 'ਚ ਮਿਲ ਆਉਂਦਾ। ਸਕੂਟਰ ਮੈਂ 1986 ਵਿਚ ਲਿਆ। ਮੇਰੇ ਸਿਰ 'ਤੇ ਦਿੱਲੀ ਦੀ ਪੜ੍ਹਾਈ ਦੇ ਖਰਚੇ ਦਾ ਭਾਰ ਸੀ ਤੇ ਮੈਂ ਉਹ ਭਾਰ ਲਾਹ ਕੇ ਸੁਰਖ਼ਰੂ ਹੋਣਾ ਚਾਹੁੰਦਾ ਸਾਂ।

ਮੈਂ ਸਕੀਮਾਂ ਲਾਉਂਦਾ ਰਹਿੰਦਾ ਕਿ ਸਾਂਝੇ ਘਰ ਦੀ ਆਮਦਨ ਕਿਵੇਂ ਵਧੇ? ਮੈਂ ਖੇਤਾਂ 'ਚ ਭਾਵੇਂ ਕੰਮ ਨਹੀਂ ਸਾਂ ਕਰ ਸਕਦਾ ਪਰ ਦਿੱਲੀ ਦਾ ਤਜਰਬਾ ਹੋਣ ਕਰਕੇ ਸਕੀਮਾਂ ਤਾਂ ਲਾ ਹੀ ਸਕਦਾ ਸਾਂ। ਜਦੋਂ ਮੈਂ ਦਿੱਲੀ ਲੈਕਚਰਾਰ ਲੱਗਾ ਸਾਂ ਤਾਂ ਮੇਰੀ ਸਕੀਮ ਨਾਲ ਅਸੀਂ ਫਰੀਦਾਬਾਦ ਤੋਂ ਪੰਜ ਹਾਰਸ ਪਾਵਰ ਦਾ ਏਅਰ ਕੂਲਡ ਇੰਜਣ ਲਿਆਂਦਾ ਸੀ ਜੋ ਪਿੰਡ ਦੇ ਮਿਸਤਰੀ ਅਮਰ ਸਿੰਘ ਨਾਲ ਸਾਂਝਾ ਸੀ। ਉਸ ਇੰਜਣ ਨੇ ਸਾਡੇ ਟਿਊਬਵੈੱਲ ਦਾ ਪਾਣੀ ਕੱਢਣ ਦੇ ਨਾਲ ਕਿਰਾਏ 'ਤੇ ਚੱਲਣ ਦਾ ਵੀ ਕਾਫੀ ਕੰਮ ਕੀਤਾ। ਸਾਡੇ ਪਿੰਡ 'ਚ ਉਹ ਪਹਿਲਾ ਇੰਜਣ ਸੀ ਜਿਸ ਦੀ ਰੀਸ ਨਾਲ ਫਿਰ ਹੋਰ ਵੀ ਕਈ ਇੰਜਣ ਆਏ।

1970 ਦੇ ਆਸ-ਪਾਸ ਕੰਟਰੋਲ ਰੇਟ 'ਤੇ ਟਰੈਕਟਰ ਨਹੀਂ ਸੀ ਮਿਲਦੇ। ਤੁਰਤ ਟਰੈਕਟਰ ਲੈਣ ਲਈ ਹਜ਼ਾਰਾਂ ਰੁਪਿਆਂ ਦੀ ਬਲੈਕ ਦੇਣੀ ਪੈਂਦੀ ਸੀ। ਉਨ੍ਹੀਂ ਦਿਨੀਂ ਪੰਜਾਬ ਐਗਰੋ-ਇੰਡਸਟ੍ਰੀਜ਼ ਦੀ ਇਕ ਸਕੀਮ ਨਿਕਲੀ ਕਿ ਕਿਸਾਨਾਂ ਤੋਂ ਜ਼ਮੀਨ ਦੀ ਜਮ੍ਹਾਂਬੰਦੀ ਤੇ ਸੌ ਰੁਪਏ ਦੇ ਬੈਂਕ ਡਰਾਫਟ ਨਾਲ ਅਰਜ਼ੀਆਂ ਲੈ ਕੇ ਟਰੈਕਟਰਾਂ ਦੀ ਲਾਟਰੀ ਕੱਢੀ ਜਾਵੇਗੀ। ਮੈਂ ਅਖ਼ਬਾਰ 'ਚ ਸਕੀਮ ਪੜ੍ਹੀ ਅਤੇ ਆਪਣੇ ਰਿਸ਼ਤੇਦਾਰਾਂ ਦੀ ਜ਼ਮੀਨ ਦੀਆਂ ਜਮ੍ਹਾਂਬੰਦੀਆਂ ਨਾਲ ਕੋਲੋਂ ਹਜ਼ਾਰ ਰੁਪਿਆ ਭਰ ਕੇ, 'ਕੱਠੀਆਂ ਦਸ ਅਰਜ਼ੀਆਂ ਭੇਜ ਦਿੱਤੀਆਂ ਬਈ ਕੋਈ ਤਾਂ ਨਿਕਲੂ। ਉਨ੍ਹਾਂ 'ਚੋਂ ਸੱਚੀਂ ਇਕ ਨਿਕਲ ਆਈ ਤੇ ਜਿਸ ਨਾਲ ਅਸੀਂ ਪੂਰਬੀ ਜਰਮਨੀ ਦਾ ਆਰ.ਐੱਸ.09 ਟਰੈਕਟਰ ਕੰਟਰੋਲ ਭਾਅ 'ਚ ਖਰੀਦ ਲਿਆ। ਉਸ ਟਰੈਕਟਰ ਨੇ ਸਾਡੇ ਖੇਤਾਂ ਦਾ ਤੇ ਕਿਰਾਏ 'ਤੇ ਟਰਾਲੀ ਦਾ ਬਹੁਤ ਕੰਮ ਕੀਤਾ। ਫਿਰ ਉਹ ਟਰੈਕਟਰ ਵਾਪਸ ਲੈ ਕੇ ਪੰਜਾਬ ਐਗਰੋ ਇੰਡਸਟ੍ਰੀਜ਼ ਨੇ ਜ਼ੀਟਰ 2511 ਟਰੈਕਟਰ ਉਸੇ ਭਾਅ ਦੇ ਦਿੱਤਾ ਜਿਸ ਦਾ ਸਾਨੂੰ ਬੜਾ ਫਾਇਦਾ ਹੋਇਆ। ਪੀਬੀ 18 ਕਣਕ ਦਾ ਬੀਜ ਲਿਆਉਣ ਦੀ ਕਹਾਣੀ ਮੈਂ ਦੱਸ ਈ ਚੁੱਕਾਂ। ਪਰਿਵਾਰ ਦੇ 'ਕੱਠ ਕਰਕੇ ਸਾਡਾ ਕਿਰਸਾਣਾ ਕੰਮ ਤਰੱਕੀ ਦੇ ਰਾਹ ਪੈ ਗਿਆ ਤੇ ਅਸੀਂ ਹੋਰ ਜ਼ਮੀਨ ਖਰੀਦਣ ਲੱਗ ਪਏ। ਜੇ ਮੈਂ ਵਿਆਹ ਕਰਾ ਕੇ ਅੱਡ ਹੋ ਜਾਂਦਾ ਤਾਂ ਕਹਾਣੀ ਹੀ ਹੋਰ ਹੋਣੀ ਸੀ।



ਗੱਲ ਫਿਰ ਡਬਲਯੂ ਐੱਲ 711 ਦੇ ਬੀਜ ਦੀ ਕਰਦੇ ਹਾਂ। ਉਦੋਂ ਖੇਤੀਬਾੜੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਸੀ। ਉਹਦੇ ਦਿਲ 'ਚ ਜਸਵੰਤ ਸਿੰਘ ਕੰਵਲ ਦੀ ਬੜੀ ਕਦਰ ਸੀ। ਉਸ ਨੇ ਚੰਡੀਗੜ੍ਹ ਦਾ ਕਮਿਸ਼ਨਰ ਹੁੰਦਿਆਂ ਕੰਵਲ ਨੂੰ ਚੰਡੀਗੜ੍ਹ 'ਚ ਪਲਾਟ ਲੈਣ ਨੂੰ ਕਿਹਾ ਸੀ ਪਰ ਕੰਵਲ ਨੇ ਢੁੱਡੀਕੇ ਰਹਿਣ ਨੂੰ ਹੀ ਤਰਜੀਹ ਦਿੱਤੀ। ਜੇ ਕੰਵਲ ਉਦੋਂ ਪਲਾਟ ਲੈ ਲੈਂਦਾ ਤਾਂ ਉਹਦੇ ਜਿਊਂਦੇ ਜੀਅ ਹੀ ਕਰੋੜਾਂ ਦਾ ਹੁੰਦਾ। ਇਹ ਵੱਖਰੀ ਗੱਲ ਹੈ ਕਿ ਚੰਡੀਗੜ੍ਹ 'ਚ ਕੰਵਲ ਕਦੋਂ ਦਾ ਮੁਰਝਾ ਗਿਆ ਹੁੰਦਾ! ਆਪਣੇ ਪਿੰਡ ਉਹ ਸੌ ਸਾਲ ਤੋਂ ਵੀ ਵੱਧ ਟਹਿਕਦਾ ਰਿਹਾ।

ਕਿਸਾਨਾਂ ਨੂੰ ਉਹ ਬੀਜ ਵੰਡੇ ਜਾਣ ਤੋਂ ਪਹਿਲਾਂ ਮੈਂ ਕੰਵਲ ਸਾਹਿਬ ਦਾ ਰੁੱਕਾ ਲੈ ਕੇ ਰੰਧਾਵਾ ਸਾਹਿਬ ਨੂੰ ਜਾ ਮਿਲਿਆ। ਡਾ. ਰੰਧਾਵੇ ਦਾ ਜਵਾਬ ਸਿੱਧਾ ਸਲੋਟ ਸੀ, "ਇਕ ਬੰਦੇ ਨੂੰ ਚਾਰ ਕਿਲੋ ਦੀ ਇਕੋ ਥੈਲੀ ਦੇਣੀ ਐਂ। ਤੂੰ ਘਰ ਦੇ ਬਾਕੀ ਬੰਦੇ ਵੀ ਲਾਈਨ 'ਚ ਲਾ ਦੇਈਂ।" ਇੰਜ ਡਾ. ਰੰਧਾਵੇ ਨੇ ਰੁੱਕੇ ਦੀ ਲਾਜ ਵੀ ਰੱਖ ਲਈ ਤੇ ਆਪਣਾ ਅਸੂਲ ਵੀ ਨਾ ਤੋੜਿਆ। ਮੈਂ ਘਰੇ ਸੁਨੇਹਾ ਭੇਜ ਦਿੱਤਾ ਕਿ ਪਿੰਡੋਂ ਪੰਦਰਾਂ ਵੀਹ ਜਣੇ ਟਰਾਲੀ 'ਚ ਲੁਧਿਆਣੇ ਚੱਲਾਂਗੇ ਤੇ ਨਵੇਂ ਬੀਜ ਦੀਆਂ ਪੰਦਰਾਂ ਵੀਹ ਥੈਲੀਆਂ ਲੈ ਆਵਾਂਗੇ। ਮੈਂ ਦਿਨ ਛਿਪੇ ਘਰ ਪੁੱਜਾ ਤਾਂ ਘਰਦਿਆਂ ਨੇ ਲੁਧਿਆਣੇ ਜਾਣ ਲਈ ਕਿਸੇ ਨੂੰ ਕਿਹਾ ਹੀ ਨਹੀਂ ਸੀ। ਉਲਟਾ ਮੈਨੂੰ ਕਹੀ ਜਾਣ, "ਜੇ ਕਿਸੇ ਗੁਆਂਢੀ ਨੂੰ ਕਿਹਾ ਤਾਂ ਉਹਨੇ ਬੀ ਆਪ ਲੈ ਲੈਣਾ। ਆਪਾਂ ਨੂੰ ਕੀ ਫਾਇਦਾ?"

ਅਜੀਬ ਸਥਿਤੀ ਸੀ। ਗੁਆਂਢੀ ਇਸ ਸਥਿਤੀ 'ਚ ਕੰਮ ਨਹੀਂ ਸੀ ਆ ਸਕਦੇ। ਮੈਂ ਕਿਹਾ, "ਘਰ ਦੇ ਸਾਰੇ ਬੰਦੇ ਲੈ ਚੱਲੋ। ਕੁਛ ਦਿਹਾੜੀਏ ਲੈ ਚੱਲਦੇ ਆਂ। ਅਮਲੀਆਂ ਨੂੰ ਨਸ਼ਾ ਪੱਤਾ ਖੁਆ ਪਿਆ ਕੇ ਬਿਠਾ ਲਓ। ਪੰਦਰਾਂ ਵੀਹ ਜਣੇ ਤਾਂ ਹੋਣ। ਘੱਟੋ-ਘੱਟ ਤਿੰਨ ਚਾਰ ਕਿੱਲੇ ਤਾਂ ਬੀਜੇ ਜਾਣ। ਫੇਰ ਦੇਖਿਓ ਬੀ ਦੀ ਬਰਕਤ। ਪੀਬੀ 18 ਦਾ ਝਾੜ ਤਾਂ ਤੁਸੀਂ ਦੇਖ ਈ ਲਿਐ। ਇਹ ਨਿਕਲੂ ਕਿੱਲੇ ਦਾ ਪੰਜਾਹ ਮਣ। ਵੀਹ ਕਿੱਲੋ ਦਾ ਗੱਟੂ ਪੰਜਾਹਾਂ ਸੱਠਾਂ ਦਾ ਵਿਕੂ।" ਮੇਰੀਆਂ ਸ਼ੇਖਚਿਲੀਆਂ ਸੁਣ ਕੇ ਉਹ ਮੁਸਕਣੀਏਂ ਹੱਸੀ ਜਾਣ, "ਕਿਤੇ ਪਊਆ ਤਾਂ ਨੀ ਲਾਇਆ ਹੋਇਐ?" ਲਾਇਆ ਕਰਕੇ ਈ ਤਾਂ ਮੈਂ ਭੈਰਵੀ ਪੱਟੀ ਜਾਂਦਾ ਸਾਂ। ਉਹ ਮੇਰੀ ਗੱਲ ਮੰਨ ਗਏ।

ਅੱਧੀ ਰਾਤੇ ਅਸੀਂ ਟਰਾਲੀ ਤੋਰੀ। ਵਿਚ ਪੰਜ ਜਣੇ ਘਰ ਦੇ ਬੈਠੇ, ਪੰਜ ਦਿਹਾੜੀਏ ਲਏ ਤੇ ਪੰਜ ਖਾਣ ਪੀਣ ਵਾਲੇ ਬਿਠਾਏ। ਪਹੁਫੁਟਾਲੇ ਨਾਲ ਅਸੀਂ ਯੂਨੀਵਰਸਿਟੀ ਦੇ ਡੰਗਰ ਹਾਤੇ 'ਚ ਜਾ ਉਤਰੇ। ਉਥੇ ਰਾਤ ਦੀਆਂ ਹੀ ਲਾਈਨਾਂ ਲੱਗੀਆਂ ਹੋਈਆਂ ਸਨ। ਕਈ ਪਰਨੇ ਰੱਖ ਕੇ ਹੋਰ ਵੀ ਥਾਂ ਰੋਕੀ ਬੈਠੇ ਸਨ। ਡਾ. ਰੰਧਾਵੇ ਦੀ ਇਕ ਬੰਦਾ ਇਕ ਥੈਲੀ ਵਾਲੀ ਸਕੀਮ ਦਾ ਪਹਿਲਾਂ ਹੀ ਸਾਰੇ ਪੰਜਾਬ 'ਚ ਢੰਡੋਰਾ ਫਿਰ ਗਿਆ ਸੀ। ਸਾਥੋਂ ਪਹਿਲਾਂ ਈ ਬੰਦੇ 'ਤੇ ਬੰਦਾ ਚੜ੍ਹਿਆ ਪਿਆ ਸੀ। ਸਾਡੇ ਬੰਦੇ ਲਾਈਨ 'ਚ ਲੱਗਣ ਤੋਂ ਪਹਿਲਾਂ ਜੰਗਲ ਪਾਣੀ ਜਾਣਾ ਚਾਹੁੰਦੇ ਸਨ ਪਰ ਮੈਂ ਕਹਿ ਰਿਹਾ ਸਾਂ, "ਪਹਿਲਾਂ ਲਾਈਨ 'ਚ ਲੱਗੋ। ਜਿੰਨੀ ਛੇਤੀ ਲੱਗ ਹੁੰਦਾ। ਫੇਰ ਦੇਖ-ਲਾਂਗੇ ਜੰਗਲ ਪਾਣੀ ਵੀ। ਅੱਜ ਬੀ ਲੈਣ ਆਏ ਆਂ ਕਿ ਜੰਗਲ ਪਾਣੀ ਜਾਣ? ਰੋਕ ਲਓ ਜਿੰਨਾ ਚਿਰ ਰੁਕਦਾ। ਜਿਥੇ ਦਾਅ ਲੱਗਦਾ ਲਾਈਨ 'ਚ ਖੜ੍ਹ-ਜੋ, ਮੈਂ ਚਾਹ ਲੈ ਕੇ ਆਉਨਾਂ।"

ਮੇਰੇ ਚਾਹ ਲਿਆਉਂਦੇ ਨੂੰ ਉਹ ਜ਼ਿਲ੍ਹਾ ਲੁਧਿਆਣੇ ਦੀ ਲਾਈਨ 'ਚ ਲੱਗ ਗਏ ਜੋ ਕਾਫੀ ਲੰਮੀ ਸੀ। ਉਹਦੇ ਨਾਲ ਹੀ ਜ਼ਿਲ੍ਹਾ ਫਰੀਦਕੋਟ ਦੀ ਲਾਈਨ ਕੁਝ ਛੋਟੀ ਸੀ। ਮੈਂ ਸੋਚਿਆ, "ਏਥੇ ਕਿਹੜਾ ਕਿਸੇ ਦੇ ਮੂੰਹ 'ਤੇ ਲਿਖਿਆ ਬਈ ਕੋਈ ਕਿਹੜੇ ਪਿੰਡ ਦਾ? ਆਪਾਂ ਚਕਰ ਦੀ ਥਾਂ ਢੁੱਡੀਕੇ ਦਾ ਨਾਂ ਲੈ ਦਿਆਂਗੇ।" ਮੈਂ ਆਪਣੇ ਬੰਦਿਆਂ ਨੂੰ ਪਹਿਲਾਂ ਫਰੀਦਕੋਟ ਤੇ ਪਿੱਛੋਂ ਹੋਰ ਵੀ ਛੋਟੀ ਕਪੂਰਥਲੇ ਦੀ ਲਾਈਨ ਵਿਚ ਲਾ ਦਿੱਤਾ। ਨੌਂ ਵਜੇ ਹਾਤੇ ਦੀਆਂ ਤਾਕੀਆਂ ਖੁੱਲ੍ਹਣੀਆਂ ਤੇ ਪਰਚੀਆਂ ਕੱਟੀਆਂ ਜਾਣੀਆਂ ਸਨ। ਥੈਲੀਆਂ ਸਟੋਰ ਤੋਂ ਮਿਲਣੀਆਂ ਸਨ। ਭੀੜ ਲੋਹੜੇ ਦੀ ਸੀ। ਸਤੰਬਰ ਦਾ ਹੁੰਮਸ ਭਰਿਆ ਦਿਨ ਸੀ। ਡੰਗਰਾਂ ਵਾਲੇ ਹਾਤੇ 'ਚ ਹਰਾ ਇਨਕਲਾਬ ਲਿਆਉਣ ਵਾਲੇ ਅਗਾਂਹਵਧੂ ਕਿਸਾਨ ਡੰਗਰਾਂ ਵਾਂਗ ਹੀ ਡੱਕੇ ਹੋਏ ਸਨ। ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਕਈ ਕਿਸਾਨ ਪਸ਼ੂਆਂ ਦੀ ਖੇ.ਲ 'ਚੋਂ ਪਾਣੀ ਪੀ ਰਹੇ ਸਨ। ਮੇਰਾ ਕੰਮ ਲਾਈਨਾਂ ਦਾ ਜਾਇਜ਼ਾ ਲੈਣਾ, ਆਪਣੇ ਬੰਦਿਆਂ ਨੂੰ ਚਾਹ ਪਾਣੀ ਪਿਆਉਣਾ ਤੇ ਬੀਜ ਹਾਸਲ ਕਰਨ ਦੀ ਕੋਈ ਚੋਰ ਮੋਰੀ ਲੱਭਣਾ ਸੀ।

ਸਿਤਮ ਦੀ ਗੱਲ ਇਹ ਹੋਈ ਕਿ ਤਾਕੀਆਂ ਖੁੱਲ੍ਹਣ ਤੋਂ ਘੰਟਾ ਪਹਿਲਾਂ ਹੀ ਲਾਈਨਾਂ 'ਚ ਧੱਕਾ ਪੈਣਾ ਸ਼ੁਰੂ ਹੋ ਗਿਆ। ਜਿਹੜੇ ਕਿਸਾਨ ਰਾਤੀਂ ਲਾਈਨਾਂ 'ਚ ਆ ਲੱਗੇ ਸਨ ਉਹ ਅਨੀਂਦਰੇ ਵੀ ਸਨ ਤੇ ਭੁੱਖੇ ਤਿਹਾਏ ਵੀ। ਉਨ੍ਹਾਂ ਨੂੰ ਜੰਗਲ ਪਾਣੀ ਦੀ ਵੀ ਹਾਜਤ ਸੀ। ਜਿਹੜੇ ਦਿਨ ਚੜ੍ਹੇ ਆਏ ਉਹ ਤਾਜ਼ਾ ਦਮ ਸਨ। ਅਸੀਂ ਵਿਚ-ਵਿਚਾਲੇ ਸਾਂ। ਤਾਜ਼ਾ ਦਮ ਬੰਦਿਆਂ ਨੂੰ ਧੱਕਾ ਪੁੱਗਦਾ ਸੀ। ਉਹ ਲਾਈਨਾਂ ਵਿਚ ਸਭ ਤੋਂ ਪਿੱਛੇ ਜੁ ਸਨ। ਉਹ 'ਕੱਠੇ ਹੋ ਕੇ ਜ਼ੋਰ ਦਾ ਧੱਕਾ ਮਾਰਦੇ ਜਿਸ ਨਾਲ ਬਾਰੀਆਂ ਮੂਹਰਲੇ ਬੰਦੇ ਬਾਹਰ ਜਾ ਡਿੱਗਦੇ। ਕਈ ਕੱਪੜੇ ਝਾੜ ਕੇ ਜੰਗਲ ਪਾਣੀ ਜਾਣ ਲਈ ਖੇਤਾਂ ਵੱਲ ਹੋ ਤੁਰਦੇ। ਕਈ ਮੁੜ ਲਾਈਨਾਂ 'ਚ ਲੱਗ ਜਾਂਦੇ। ਤਕੜੇ ਦਾ ਸੱਤੀਂ ਵੀਹੀਂ ਸੌ ਸੀ। ਸਾਡੇ ਬੰਦੇ ਧੱਕਮ-ਧੱਕੇ 'ਚ ਲੁਧਿਆਣੇ ਵਾਲੀ ਲਾਈਨ 'ਚ ਕਾਫੀ ਮੂਹਰੇ ਆ ਗਏ ਸਨ ਤੇ ਪੈਰ ਜਮਾਈ ਖੜ੍ਹੇ ਸਨ। ਮੈਂ ਉਨ੍ਹਾਂ ਦੇ ਸਿਰੜ ਨੂੰ ਸ਼ਾਬਾਸ਼ੇ ਦਿੱਤੀ ਤੇ ਉਨ੍ਹਾਂ ਵਿਚ ਈ ਫਸ ਗਿਆ। ਪੱਗ ਉਤੋਂ ਦੀ ਠਾਠੀ ਬੰਨ੍ਹ ਲਈ ਬਈ ਆਪ ਭਾਵੇਂ ਡਿੱਗ ਪਈਏ ਪਰ ਪੱਗ ਨਾ ਡਿੱਗੇ!

ਜਦੋਂ ਧੱਕੇ ਰੁਕੇ ਈ ਨਾ ਤਾਂ ਘੋੜਿਆਂ ਵਾਲੀ ਪੁਲਿਸ ਮੰਗਾਈ ਗਈ। ਪੁਲਿਸ ਨੇ ਘੋੜੇ ਫੇਰ ਕੇ ਲਾਈਨਾਂ ਸਿੱਧੀਆਂ ਕੀਤੀਆਂ ਤਾਂ ਕਿਤੇ ਧੱਕੇ ਪੈਣੇ ਬੰਦ ਹੋਏ। ਜਿਥੇ ਮੈਂ ਅੜਿਆ ਖੜ੍ਹਾ ਸਾਂ ਮੇਰੇ ਬਰਾਬਰ ਹੀ ਨਾਲ ਦੀ ਲਾਈਨ ਵਿਚ ਇਕ ਬਜ਼ੁਰਗ ਫਸਿਆ ਖੜ੍ਹਾ ਸੀ। ਉਹ ਅੱਸੀ ਕੁ ਸਾਲਾਂ ਦਾ ਬਿਰਧ ਸੀ ਜਿਸ ਨੇ ਮੋਟੇ ਸ਼ੀਸ਼ਿਆਂ ਵਾਲੀ ਟੁੱਟੀ ਐਨਕ ਲਾਈ ਹੋਈ ਸੀ। ਉਹਦੇ ਗੋਡੇ ਤੇ ਮੋਢੇ ਝੁੰਵੇ ਹੋਏ ਸਨ। ਉਸ ਨੇ ਦੱਸਿਆ 'ਕੇਰਾਂ ਉਹ ਵੀ ਧੱਕਿਆਂ ਨਾਲ ਡਿੱਗ ਪਿਆ ਸੀ ਪਰ ਹੌਂਸਲਾ ਕਰ ਕੇ ਫੇਰ ਲਾਈਨ 'ਚ ਆ ਲੱਗਾ ਸੀ। ਮੈਨੂੰ ਉਹਦੀ ਹਾਲਤ 'ਤੇ ਤਰਸ ਆ ਰਿਹਾ ਸੀ।

ਮੈਂ ਖੜ੍ਹਾ-ਖੜ੍ਹਾ ਸੋਚਣ ਲੱਗਾ ਕਿ ਆਹ ਬਾਬਾ ਤਾਂ ਸਿਵਿਆਂ ਨੂੰ ਜਾਣ ਵਾਲਾ, ਇਹਨੇ ਨਵੇਂ ਬੀਜ ਦਾ ਕੀ ਕਰਨਾ? ਉਹਦੇ ਕਪੜੇ ਘਸਮੈਲੇ ਸਨ, ਜੁੱਤੀ ਗੰਢੀ ਹੋਈ, ਮੋਢੇ ਝੋਲਾ, ਦਾੜ੍ਹੀ ਉਲਝੀ ਤੇ ਜਟੂਰੀਆਂ ਪੱਗ 'ਚੋਂ ਬਾਹਰ ਨਿਕਲੀਆਂ ਹੋਈਆਂ ਸਨ। ਨੇੜੇ ਖੜ੍ਹੇ ਬੰਦੇ ਮਸ਼ਗੂਲੇ ਕਰ ਰਹੇ ਸਨ ਕਿ ਬੁੜ੍ਹੇ ਨੇ ਮੁੰਡੇ ਨੂੰ ਨੀ ਆਉਣ ਦਿੱਤਾ ਹੋਣਾ ਬਈ ਉਹਨੂੰ ਨਵੇਂ ਬੀ ਦਾ ਕੀ ਪਤਾ? ਨਾਲੇ ਕਹਿੰਦਾ ਹੋਊ ਬਈ ਮੁੰਡਾ ਬਾਹਲਾ ਖਰਚ ਕਰਦੂ। ਕੋਈ ਕਾਨਾਫੂਸੀ ਕਰਦਾ, "ਬਾਬੇ ਦਾ ਵੀ ਜੀ ਕਰਦਾ ਹੋਣਾ ਲੁਧਿਆਣੇ ਦੀ ਜ਼ਰੈਤੀ ਯੂਨੀਵਰਸਿਟੀ ਦੇਖਣ ਨੂੰ। ਲੈ ਲਵੇ ਸੁਆਦ ਹੁਣ ਯੂਨੀਵਰਸਿਟੀ ਦੇਖਣ ਦਾ!" ਪਰ ਮੈਨੂੰ ਬਾਬੇ ਦੀਆਂ ਅੱਖਾਂ 'ਚ ਬੇਵਸੀ ਦਿਸਦੀ ਸੀ।

ਉਦੋਂ ਈ ਪਤਾ ਲੱਗਾ ਜਦੋਂ ਫੇਰ ਜ਼ੋਰ ਦਾ ਧੱਕਾ ਪਿਆ। ਧੱਕੇ ਨਾਲ ਉਹ ਬਾਬਾ ਗੋਡਣੀਏਂ ਜਾ ਡਿੱਗਾ। ਉਹਦੀ ਐਨਕ ਵੀ ਡਿੱਗ ਪਈ। ਦਿਸਣਾ ਬੰਦ ਹੋ ਗਿਆ। ਉਸ ਨੇ ਭੁੰਜੇ ਹੱਥ ਫੇਰ ਕੇ ਐਨਕ ਲੱਭ ਲਈ ਤੇ ਪਰਨੇ ਨਾਲ ਪੂੰਝ ਕੇ ਅੱਖਾਂ ਉਤੇ ਫਿਰ ਲਾ ਲਈ। ਮੈਂ ਉਸ ਨੂੰ ਉਠਾਉਣ ਵਿਚ ਮਦਦ ਕੀਤੀ ਤਾਂ ਉਸ ਨੇ ਮੁੜ ਲਾਈਨ ਵਿਚ ਲੱਗਦਿਆਂ ਪੁੱਛਿਆ, "ਜੁਆਨਾਂ, ਫਰੀਦਕੋਟ ਆਲੀ ਲੈਨ ਏਹੋ ਈ ਐ ਨਾ?" ਮੈਂ ਆਖਿਆ, "ਲਾਈਨ ਤਾਂ ਬਾਬਾ ਏਹੋ ਐ ਪਰ ਮੈਨੂੰ ਨਹੀਂ ਲੱਗਦਾ ਤੁਸੀਂ ਸਿਰੇ ਲੱਗ ਸਕੋਂਗੇ। ਅਜੇ ਧੱਕੇ ਹੋਰ ਵੀ ਪੈਣਗੇ।" ਬਾਬਾ ਬੋਲਿਆ, "ਇਹ ਗੱਲ ਤੂੰ ਮੇਰੇ 'ਤੇ ਛੱਡ ਦੇ, ਧੱਕਿਆਂ ਨਾਲ ਨੀ ਮੈਂ ਲਈਦਾ, ਬੀ ਮੈਂ ਲੈ ਕੇ ਈ ਮੁੜੂੰ।" ਮੈਂ ਮਨ 'ਚ ਕਿਹਾ, "ਮੰਨ ਗਏ ਬਾਬਾ ਤੈਨੂੰ ਵੀ!"

ਘੋੜਿਆਂ ਵਾਲੀ ਪੁਲਿਸ ਦੇ ਹਟਣ ਦੀ ਦੇਰ ਸੀ ਕਿ ਭੀੜ 'ਚ ਫਿਰ ਆਪਾ ਧਾਪੀ ਪੈ ਗਈ। ਧੱਕਿਆਂ ਦੇ ਮਾਰੇ ਕਈ ਕਮਜ਼ੋਰ ਲਾਈਨਾਂ 'ਚੋਂ ਨਿਕਲ ਗਏ ਤੇ ਉਨ੍ਹਾਂ ਦੀ ਥਾਂ ਕਈ ਜ਼ੋਰਾਵਰ ਲਾਈਨਾਂ 'ਚ ਆ ਲੱਗੇ। ਬਾਰੀਆਂ ਦੀਆਂ ਤਾਕੀਆਂ ਖੁੱਲ੍ਹੀਆਂ ਤਾਂ ਕਈ ਪਰਚੀਆਂ ਲੈ ਗਏ ਤੇ ਕਈ ਰਹਿ ਗਏ। ਸਾਡੇ ਬੰਦਿਆਂ 'ਚੋਂ ਵੀ ਦਿਹਾੜੀਏ ਤੇ ਖਾਣ ਪੀਣ ਵਾਲੇ ਧੱਕੇ ਖਾ ਕੇ ਬਾਹਰ ਜਾ ਬੈਠੇ ਪਰ ਅਸੀਂ ਘਰ ਦੇ ਬੰਦੇ ਅੜੇ ਰਹੇ। ਮੈਂ ਪੰਜੇ ਥੈਲੀਆਂ ਸੰਭਾਲ ਲਈਆਂ ਤੇ ਨਾਲ ਦਿਆਂ ਨੂੰ ਮੁੜ ਲਾਈਨਾਂ 'ਚ ਲਾ ਦਿੱਤਾ। ਦੂਜਾ ਗੇੜਾ ਕਾਮਯਾਬ ਹੋਇਆ ਤਾਂ ਮੈਂ ਤੁਰਤ ਈ ਤੀਜਾ ਗੇੜਾ ਲਾਉਣ ਨੂੰ ਕਿਹਾ। ਗੇੜੇ ਲਾਉਣ ਵਾਲੇ ਮੁੜ੍ਹਕੋ ਮੁੜ੍ਹਕੀ ਹੋਏ ਪਏ ਸਨ ਤੇ ਹਾਜਤ ਨਾ ਜਾਣ ਕਰਕੇ ਉਨ੍ਹਾਂ ਦਾ ਹੋਰ ਵੀ ਬੁਰਾ ਹਾਲ ਸੀ। ਮੈਨੂੰ ਇਕ ਇਕ ਥੈਲੀ 'ਚੋਂ ਹਜ਼ਾਰ ਹਜ਼ਾਰ ਰੁਪਏ ਦਾ ਬੀਜ ਉਗਦਾ ਦਿਸ ਰਿਹਾ ਸੀ। ਮੇਰੇ ਭਰਾ ਫਿਰ ਲਾਈਨ ਵਿਚ ਜਾ ਲੱਗੇ। ਦਿਲ ਛੱਡੀ ਬੈਠੇ ਅਮਲੀ ਤੇ ਦਿਹਾੜੀਆਂ ਵੱਲ ਵੇਖ ਕੇ ਮੈਨੂੰ ਉਹ ਕਥਨ ਫਿਰ ਯਾਦ ਆ ਰਿਹਾ ਸੀ ਕਿ ਭਾੜੇ ਦੀਆਂ ਫੌਜਾਂ ਨਹੀਂ ਲੜਦੀਆਂ ਹੁੰਦੀਆਂ।

ਮੈਂ ਬੀਜ ਲੈਣ ਦੀ ਇਕ ਚੋਰ ਮੋਰੀ ਲੱਭ ਲਈ ਜਿਥੋਂ ਮਹਿੰਗੇ ਭਾਅ ਪੰਜ ਥੈਲੀਆਂ ਮਿਲੀਆਂ। ਪੰਦਰਾਂ ਥੈਲੀਆਂ ਧੱਕੇ ਖਾ ਕੇ ਹੱਥ ਆਈਆਂ। ਬਾਬੇ ਦਾ ਪਤਾ ਨਾ ਲੱਗਾ ਕਿ ਉਹ ਕੋਈ ਥੈਲੀ ਲੈ ਸਕਿਆ ਜਾਂ ਨਹੀਂ? ਕਿਤੇ ਦਿਸ ਪੈਂਦਾ ਤਾਂ ਇਕ ਥੈਲੀ ਜ਼ਰੂਰ ਉਸ ਨੂੰ ਦੇ ਦਿੰਦਾ ਤੇ ਉਸ ਦੇ ਸਿਰੜ ਨੂੰ ਸਲਾਮ ਆਖਦਾ। ਆਪੋ ਧਾਪੀ 'ਚ ਪਤਾ ਨਹੀਂ ਉਹ ਕਿਧਰ ਨਿਕਲ ਗਿਆ ਸੀ ਤੇ ਮੈਨੂੰ ਭੁੱਲ ਈ ਗਿਆ ਸੀ। ਮੁੜਦੇ ਹੋਏ ਅਸੀਂ ਉਨ੍ਹਾਂ ਖੇਤਾਂ ਬਾਰੇ ਚਰਚਾ ਕਰਦੇ ਆਏ ਜਿਨ੍ਹਾਂ ਵਿਚ ਇਹ ਨਵਾਂ ਬੀਜ ਬੀਜਣਾ ਸੀ। ਫਿਰ ਦੋ ਕਿੱਲੇ ਚਕਰ ਬੀਜੇ, ਇਕ ਕਿੱਲਾ ਦਿਆਲਪੁਰੇ ਤੇ ਦੋ ਥੈਲੀਆਂ ਮੈਂ ਕੋਠੇ ਫੁੱਫੜ ਹੋਰਾਂ ਨੂੰ ਬੀਜਣ ਲਈ ਦੇ ਆਇਆ। ਸਾਰੇ ਥਾਈਂ ਚੰਗਾ ਝਾੜ ਨਿਕਲਿਆ ਜਿਸ ਨਾਲ ਬੀਜ ਵੇਚਣ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ।

ਇਕ ਦਿਨ ਉਹੀ ਬਾਬਾ ਸਾਡੇ ਕੋਲੋਂ ਬੀਜ ਲੈਣ ਆ ਗਿਆ ਜਿਹੜਾ ਜ਼ਰਾਇਤੀ ਯੂਨੀਵਰਸਿਟੀ 'ਚ ਮਿਲਿਆ ਸੀ ਤੇ ਮੈਂ ਡਿੱਗੇ ਨੂੰ ਉਠਾਉਣ 'ਚ ਮਦਦ ਕੀਤੀ ਸੀ। ਉਹਦੇ ਉਹੀ ਘਸਮੈਲਾ ਜੋੜਾ ਜਾਮਾ, ਉਹੀ ਮੋਟੇ ਸ਼ੀਸ਼ਿਆਂ ਵਾਲੀ ਟੁੱਟੀ ਐਨਕ ਤੇ ਉਹੀ ਗੰਢੀ ਹੋਈ ਜੁੱਤੀ ਸੀ। ਉਵੇਂ ਜਿਵੇਂ ਉਹਦੀਆਂ ਜਟੂਰੀਆਂ ਪੱਗ 'ਚੋਂ ਬਾਹਰ ਝਾਕ ਰਹੀਆਂ ਸਨ। ਮੈਂ ਉਹਦਾ ਮੁਹਾਂਦਰਾ ਪਛਾਣਦਿਆਂ ਕਿਹਾ, "ਤੁਸੀਂ ਤਾਂ ਬਾਬਾ ਪਿਛਲੇ ਸਾਲ ਈ ਡਬਲਯੂ ਐੱਲ 711 ਦਾ ਬੀ ਲੈ ਆਏ ਸੀ...।"

ਉਹ ਵਿਚੋਂ ਈ ਬੋਲਿਆ, "ਪਿਛਲੇ ਸਾਲ ਮੈਂ ਹੱਠ ਤਾਂ ਬਥੇਰਾ ਕੀਤਾ ਪਰ ਬੁੱਢਾ ਸਰੀਰ ਧੱਕੇ ਨਾ ਝੱਲ ਸਕਿਆ। ਧੱਕਿਆਂ 'ਚ ਮੇਰਾ ਝੋਲਾ ਵੀ ਗੁਆਚ ਗਿਆ ਜੀਹਦੇ 'ਚ ਬੀ ਜੋਗੇ ਪੈਸੇ ਸੀ। ਜ਼ੋਰ ਤਾਂ ਬਥੇਰਾ ਲਾਇਆ ਪਰ ਮੈਂ ਬੀ ਨੀ ਲੈ ਸਕਿਆ। ਹੁਣ ਜਦੋਂ ਫੇਰ ਯੂਨੀਵਰਸਿਟੀ ਨੇ ਨਵਾਂ ਬੀ ਕੱਢਿਆ ਤਾਂ ਉਹ ਜ਼ਰੂਰ ਲੈ ਕੇ ਰਹੂੰ, ਭਾਵੇਂ ਜਾਨ ਜਾਂਦੀ ਰਹੇ!"

ਉਚਾਟ ਹੁੰਦੀਆਂ ਨੀਂਦਾਂ 'ਚੋਂ ਮੈਂ ਅੱਜ ਵੀ ਸੋਚਦਾਂ, ਹਰਾ ਇਨਕਲਾਬ ਸੁੱਤੇ ਪਿਆਂ ਨਹੀਂ ਸੀ ਆਇਆ। ਲੁੱਟੇ-ਪੁੱਟੇ ਜਾਂਦੇ ਕਿਸਾਨ ਮੋਰਚੇ ਐਵੇਂ ਨਹੀਂ ਲਾਉਂਦੇ।


ਬੁੱਢੇ-ਵਾਰੇ ਜੂਝਦਾ ਉਹ ਬਾਬਾ ਮੇਰੇ ਮਨ 'ਤੇ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੇ ਨਾਇਕ ਵਾਂਗ ਲੰਮਾ ਸਮਾਂ ਛਾਇਆ ਰਿਹਾ। ਫਿਰ ਉਸ ਬਾਬੇ ਬਾਰੇ ਮੈਂ ਕਹਾਣੀ ਲਿਖੀ ਜੀਹਦਾ ਨਾਂ 'ਬੁੱਢਾ ਤੇ ਬੀਜ' ਰੱਖਿਆ ਅਤੇ ਉਹ 'ਆਰਸੀ' ਵਿਚ ਛਪੀ। ਬਾਅਦ ਵਿਚ ਉਸ ਕਹਾਣੀ ਬਾਰੇ ਵਰਿਆਮ ਸਿੰਘ ਸੰਧੂ ਦੀ ਟਿੱਪਣੀ ਛਪੀ: 'ਬੁੱਢਾ ਤੇ ਬੀਜ' ਉਸ ਸਿਰੜੀ, ਸਿਦਕੀ, ਸਬਰ-ਸਬੂਰੀ ਵਾਲੇ ਸੰਘਰਸ਼ਸ਼ੀਲ ਪੰਜਾਬੀ ਦੀ ਸਦਾ ਚੇਤਿਆਂ 'ਚ ਵਸ ਜਾਣ ਵਾਲੀ ਦਾਸਤਾਨ ਹੈ ਜਿਹੜਾ ਹਾਲਾਤ ਅੱਗੇ ਕਦੀ ਵੀ ਹਾਰ ਨਹੀਂ ਮੰਨਦਾ; ਜੋ ਵਾਰ ਵਾਰ ਡਿੱਗ ਕੇ ਮੁੜ ਉੱਠਦਾ ਹੈ ਤੇ ਹਰੇਕ ਅਸਾਵੀਂ ਤੇ ਅਣਸੁਖਾਵੀਂ ਸਥਿਤੀ ਵਿਚ ਹਰ ਵਾਰ ਨਵੀਂ ਲੜਾਈ ਲੜਨ ਲਈ ਤਿਆਰ ਰਹਿੰਦਾ ਹੈ।

---

## 'ਕਲਯੁਗ ਦੀ ਰਮਾਇਣ'

ਕੋਈ ਸਮਾਂ ਸੀ ਭਾਰਤੀ ਨਾਰੀ ਦੇ ਪਤੀਵਰਤਾ ਹੋਣ ਦਾ ਡੰਕਾ ਪੂਰੇ ਵਿਸ਼ਵ ਵਿਚ ਵੱਜਦਾ ਸੀ। ਭਾਰਤੀ ਨਾਰੀ ਆਪਣੇ ਪਤੀ, ਬੱਚਿਆਂ ਅਤੇ ਪਰਿਵਾਰ ਵਾਸਤੇ ਜਾਨ ਵਾਰਨ ਤੱਕ ਜਾਂਦੀ ਸੀ। ਆਪਣੀ ਸਿਹਤ-ਸਰੀਰ ਦਾ ਖਿਆਲ ਰੱਖੇ ਬਿਨਾ ਚੌਵੀ ਘੰਟੇ ਪਰਿਵਾਰ ਦੀ ਸੇਵਾ ਵਾਸਤੇ ਤਤਪਰ ਰਹਿੰਦੀ ਸੀ। ਕਿਸੇ ਵਿਸ਼ੇਸ਼ ਉਮਰ ਤੱਕ ਪਤੀ ਦੀ ਮੌਤ ਹੋ ਜਾਣ 'ਤੇ ਉਸ ਨਾਲ ਸੜ ਕੇ ਸਤੀ ਹੋਣ ਦਾ ਵੀ ਰਿਵਾਜ ਸੀ (ਜੋ ਗਲਤ ਸੀ)। ਖੈਰ ਇਸ ਪ੍ਰੰਪਰਾ ਨੂੰ ਬੰਦ ਕਰਵਾ ਦਿੱਤਾ ਗਿਆ, ਭਾਵ ਏਨੀ ਸਵਿੱਤਰੀ, ਸਤਵੰਤੀ ਅਤੇ ਕੁਲਵੰਤੀ ਸੀ ਭਾਰਤੀ ਨਾਰੀ! ਪਰ ਅੱਜ ਕੀ ਹੋ ਗਿਆ ਇਸ ਨਾਰੀ ਦੇ ਨਾਰੀਤਵ ਨੂੰ? ਸਮਝ ਤੋਂ ਬਾਹਰ ਹੈ ਵਿਆਹ ਅਤੇ ਬੱਚੇ ਹੋਣ ਦੇ ਬਾਵਜੂਦ ਪ੍ਰੇਮੀ ਨਾਲ ਭੱਜ ਜਾਣ ਦੇ ਕਿੱਸੇ ਤਾਂ ਰੋਜ਼ ਸੁਣਦੇ-ਪੜ੍ਹਦੇ ਹਾਂ ਪਰ ਅੱਜ ਦੀ ਤਾਜ਼ਾ ਜਾਣਕਾਰੀ ਅਨੁਸਾਰ ਇੱਕ ਨਵਾਂ ਚੰਦ ਚਾੜ੍ਹਿਆ ਕਲਯੁਗ ਦੀ ਇੱਕ ਦੇਵੀ ਨੇ। ਪੱਛਮੀ ਬੰਗਾਲ ਦੇ ਹਾਵੜਾ ਜ਼ਿਲ੍ਹੇ ਦੀ ਇੱਕ ਔਰਤ ਨੇ ਆਪਣੇ ਪਤੀ ਨੂੰ ਕਿਹਾ ਕਿ ਸਾਨੂੰ ਆਪਣੀ ਬੇਟੀ ਦੀ ਪੜ੍ਹਾਈ ਵਾਸਤੇ ਜੋ ਪੈਸਿਆਂ ਦੀ ਜ਼ਰੂਰਤ ਹੈ ਪੈਸੇ ਆਪਣੇ ਕੋਲ ਨਹੀਂ ਹਨ ਇਸ ਲਈ ਤੂੰ ਆਪਣੀ ਇੱਕ ਕਿਡਨੀ ਵੇਚ ਦੇ। ਭੋਲੇ ਪਤੀ ਨੇ ਪਤਨੀ ਦੀਆਂ ਗੱਲਾਂ ਵਿਚ ਆ ਕੇ ਆਪਣੀ ਇੱਕ ਕਿਡਨੀ ਦਸ ਲੱਖ ਰੁਪਏ ਵਿਚ ਵੇਚ ਦਿੱਤੀ ਅਤੇ ਪੈਸੇ ਹੱਥ ਵਿਚ ਆਉਣ 'ਤੇ ਇਸ ਨਾਰੀ ਨੇ ਆਪਣੇ ਗਹਿਣੇ ਅਤੇ ਹੋਰ ਸਾਮਾਨ ਸਮੇਟਿਆ ਅਤੇ ਆਪਣੇ ਪ੍ਰੇਮੀ ਨਾਲ ਫਰਾਰ ਹੋ ਗਈ। ਹੁਣ ਇਸ ਨਾਰੀ ਦੀ ਕਾਰਵਾਈ ਨੂੰ 'ਕਲਯੁਗ ਦੀ ਰਮਾਇਣ' ਕਹਿਣਾ ਕੋਈ ਅਤਿਕਥਨੀ ਨਹੀਂ ਹੈ।

-ਹਰਦੀਪ ਸਿੰਘ ਸੋਢੀ ਨਡਾਲਾ




# ਵਾਣੀ ਕਪੂਰ ਦੀ ਨਵੀਂ ਪਾਰੀ

ਸਵਰਗੀ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਰ ਅਤੇ ਪਰਣਿਤੀ ਚੋਪੜਾ ਨਾਲ ਫ਼ਿਲਮ 'ਸ਼ੁੱਧ ਦੇਸੀ ਰੋਮਾਂਸ' (2013) ਤੋਂ ਐਕਟਿੰਗ ਵਿਚ ਕਦਮ ਰੱਖਣ ਵਾਲੀ ਵਾਣੀ ਕਪੂਰ ਅੱਜ ਕੱਲ੍ਹ ਹਿੰਦੀ ਸਿਨੇਮਾ ਜਗਤ ਦੀਆਂ ਵੱਡੀਆਂ ਅਭਿਨੇਤਰੀਆਂ ਵਿਚ ਸ਼ਾਮਿਲ ਹੈ। ਦਿੱਲੀ ਦੀ ਰਹਿਣ ਵਾਲੀ ਵਾਣੀ ਕਪੂਰ ਦੀ ਮਿਹਨਤ ਉਸ ਸਮੇਂ ਰੰਗ ਲਿਆਈ ਜਦੋਂ ਉਸ ਨੂੰ 'ਯਸ਼ਰਾਜ ਫਿਲਮਜ਼' ਦੀ 'ਸ਼ੁੱਧ ਦੇਸੀ ਰੋਮਾਂਸ' (2013) ਦੀ ਪੇਸ਼ਕਸ਼ ਮਿਲੀ ਸੀ। ਇਸ ਫ਼ਿਲਮ ਦੇ ਨਾਲ ਹੀ ਉਸ ਦਾ ਐਕਟਿੰਗ ਕਰੀਅਰ ਸ਼ੁਰੂ ਹੋ ਗਿਆ। ਰਣਵੀਰ ਸਿੰਘ ਦੇ ਨਾਲ ਫ਼ਿਲਮ 'ਬੇਫਿਕਰੇ' (2016) ਵਿਚ ਜਿਸ ਤਰ੍ਹਾਂ ਅਤੇ ਜਿਸ ਅੰਦਾਜ਼ ਨਾਲ ਵਾਣੀ ਕਪੂਰ ਨੇ ਇਕ ਤੋਂ ਬਾਅਦ ਦ੍ਰਿਸ਼ ਦਿੱਤੇ, ਉਸ ਦੀ ਵਜ੍ਹਾ ਕਰਕੇ ਉਸ ਨੂੰ ਬਹੁਤ ਸੁਰਖੀਆਂ ਮਿਲੀਆਂ। ਪਰ ਉਸ ਦੀ ਬਦਕਿਸਮਤੀ ਰਹੀ ਕਿ ਟਿਕਟ ਖਿੜਕੀ ਦੇ ਮੋਰਚੇ 'ਤੇ ਫ਼ਿਲਮ ਬੁਰੀ ਤਰ੍ਹਾਂ ਫਲਾਪ ਹੋ ਗਈ।



ਵਾਣੀ ਕਪੂਰ ਨੇ ਫ਼ਿਲਮ 'ਵਾਰ' (2019) ਵਿਚ ਨੈਨਾ ਵਰਮਾ ਦੇ ਕਿਰਦਾਰ ਵਿਚ ਆਪਣੇ ਬੇਹੱਦ ਗਲੈਮਰਸ ਅੰਦਾਜ਼ ਵਿਚ ਦਰਸ਼ਕਾਂ ਦੀ ਜੰਮ ਕੇ ਵਾਹ-ਵਾਹੀ ਖੱਟੀ। ਸਹੀ ਅਰਥਾਂ ਵਿਚ ਇਹ ਉਸ ਕਰੀਅਰ ਦੀ ਪਹਿਲੀ ਸੁਪਰਹਿੱਟ ਫ਼ਿਲਮ ਸਾਬਿਤ ਹੋਈ। ਉਸ ਤੋਂ ਬਾਅਦ ਆਈ ਵਾਣੀ ਦੀ 'ਬੈੱਲ ਬਾਟਮ' (2021) ਇਕ ਔਸਤ ਦਰਜੇ ਦੀ ਫ਼ਿਲਮ ਸੀ। ਉਸੇ ਸਾਲ ਉਸ ਦੀ ਇਕ ਹੋਰ ਫ਼ਿਲਮ 'ਚੰਡੀਗੜ੍ਹ ਕਰੇ ਆਸ਼ਕੀ' ਰਿਲੀਜ਼ ਹੋਈ। ਰਣਬੀਰ ਕਪੂਰ ਅਤੇ ਸੰਜੈ ਦੱਤ ਨਾਲ ਫ਼ਿਲਮ 'ਸ਼ਮਸ਼ੇਰਾ' (2022) ਵਿਚਉਸ ਨੇ ਇਕ ਵੱਖਰੇ ਤਰ੍ਹਾਂ ਦਾ ਕਿਰਦਾਰ ਨਿਭਾਇਆ, ਪਰ ਬਦਕਿਸਮਤੀ ਨਾਲ ਫ਼ਿਲਮ ਫਲਾਪ ਹੋ ਗਈ। ਵਾਣੀ ਕਪੂਰ ਅਕਸ਼ੈ ਕੁਮਾਰ ਨਾਲ ਫ਼ਿਲਮ 'ਖੇਲ ਖੇਲ ਮੇਂ' (2024) ਵਿਚ ਵੀ ਨਜ਼ਰ ਆਈ। ਇਹ ਇਕ ਚੰਗੀ ਫ਼ਿਲਮ ਹੋਣ ਦੇ ਬਾਵਜੂਦ ਦਰਸ਼ਕਾਂ ਦੇ ਮਨੋਰੰਜਨ ਦੀ ਕਸੌਟੀ 'ਤੇ ਖਰੀ ਨਹੀਂ ਉਤਰ ਸਕੀ। 11 ਸਾਲ ਦੇ ਆਪਣੇ ਕਰੀਅਰ ਵਿਚ ਹੁਣ ਤੱਕ 7 ਹਿੰਦੀ ਅਤੇ 1 ਤੇਲਗੂ ਫ਼ਿਲਮਾਂ ਕਰ ਚੁੱਕੀ ਵਾਣੀ ਕਪੂਰ ਇਨ੍ਹੀਂ ਦਿਨੀਂ ਫਿਲਮ 'ਸਰਵਗੁਣ ਸੰਪੰਨ' ਨੂੰ ਲੈ ਕੇ ਖ਼ਾਸੀ ਚਰਚਾ ਵਿਚ ਹੈ। ਇਸ ਫਿਲਮ ਵਿਚ ਉਹ ਇਕ ਇਸ ਤਰ੍ਹਾਂ ਦੀ ਕੁੜੀ ਦਾ ਕਿਰਦਾਰ ਨਿਭਾਅ ਰਹੀ ਹੈ, ਜਿਸ ਦਾ ਚਿਹਰਾ ਇਕ 'ਪੋਰਨ ਸਟਾਰ' ਨਾਲ ਮੇਲ ਖਾਂਦਾ ਹੈ। 'ਵਾਰ' (2019) ਤੋਂ ਬਾਅਦ ਇਸ ਫ਼ਿਲਮ ਵਿਚ ਇਕ ਵਾਰ ਫਿਰ ਵਾਣੀ ਕਪੂਰ ਬੇਹੱਦ ਬੋਲਡ ਅੰਦਾਜ਼ ਵਿਚ ਨਜ਼ਰ ਆਵੇਗੀ। ਸੋਨਾਲੀ ਰਤਨ ਵਲੋਂ ਨਿਰਦੇਸ਼ਿਤ ਇਸ ਫ਼ਿਲਮ ਵਿਚ ਉਸ ਦੇ ਨਾਲ 'ਰਾਕੇਟ ਬੁਆਏਜ਼-2' ਫੇਮ ਇਸ਼ਵਾਕ ਸਿੰਘ ਨਜ਼ਰ ਆਉਣਗੇ। ਰਫੋਨਕਰ ਇਸਵਾਕ ਅਤੇ ਵਾਣੀ ਕਪੂਰ ਦੀ ਉਮੀਦ ਕੀਤੀ ਜਾ ਰਹੀ ਹੈ ਕਿ ਆਨ ਸਕ੍ਰੀਨ ਕੈਮਿਸਟਰੀ ਬਿਨਾਂ ਸ਼ੱਕ ਦਰਸ਼ਕਾਂ ਨੂੰ ਲੁਭਾਏਗੀ। ਇਸ ਤੋਂ ਇਲਾਵਾ ਵਾਣੀ ਕਪੂਰ 'ਬਦਤਮੀਜ਼ ਗਿਲ', 'ਰੇਡ-2' ਅਤੇ 'ਅਬੀਰ ਗੁਲਾਲ' ਵਰਗੀਆਂ ਫ਼ਿਲਮਾਂ ਵੀ ਕਰ ਰਹੀ ਹੈ। ਫ਼ਿਲਮ 'ਰੇਡ-2' ਵਿਚ ਉਹ ਪਹਿਲੀ ਵਾਰ ਅਜੈ ਦੇਵਗਨ ਨਾਲ ਨਜ਼ਰ ਆਵੇਗੀ। ਇਨ੍ਹਾਂ ਫ਼ਿਲਮਾਂ ਤੋਂ ਇਲਾਵਾ ਵਾਣੀ ਕਪੂਰ ਯਸ਼ਰਾਜ ਫ਼ਿਲਮਜ਼ ਦੀ ਕ੍ਰਾਈਮ ਕਿਲਰ ਵੈੱਬ ਸੀਰੀਜ਼ 'ਮੰਡਲਾ ਮਰਡਰਜ਼' ਵੀ ਕਰ ਰਹੀ ਹੈ। ਇਸ ਨੂੰ ਗੋਪੀ ਪੁਥਰਨ ਨੇ ਨਿਰਦੇਸ਼ਿਤ ਕੀਤਾ ਹੈ।

# ਅਯੂਸ਼ਮਾਨ ਖੁਰਾਣਾ ਫੇਰ ਚਰਚਾ ਵਿਚ



ਇਸਤਰੀ-2 ਦੀ ਸੁਪਰ ਸਫਲਤਾ ਤੋਂ ਬਾਅਦ ਆਪਣੇ ਡਰਾਉਣੇ ਯੂਨੀਵਰਸ ਨੂੰ ਅੱਗੇ ਵਧਾਉਂਦੇ ਹੋਏ ਦਿਨੇਸ ਵਿਜਾਨ ਨੇ ਫ਼ਿਲਮ "ਬਾਂਬਾ" ਦਾ ਐਲਾਨ ਕਰ ਦਿੱਤਾ ਹੈ। ਇਸ ਵਾਰ ਫ਼ਿਲਮ ਵਿਚ ਆਯੂਸ਼ਮਾਨ ਖੁਰਾਣਾ ਅਤੇ ਰਸ਼ਮਿਕਾ ਮੈਦਾਨਾ ਇਕੱਠੇ ਨਜ਼ਰ ਆਉਣਗੇ। ਇਹ ਫ਼ਿਲਮ ਇਕ ਖ਼ੂਨੀ ਬੈਕਗ੍ਰਾਊਂਡ 'ਤੇ ਆਧਾਰਿਤ ਇਕ ਮਨੋਰੰਜਕ ਪ੍ਰੇਮ ਕਹਾਣੀ ਹੋਵੇਗੀ। ਇਸ ਦਾ ਨਿਰਦੇਸ਼ਨ 'ਮੁਜਯਾ' ਰਾਹੀਂ ਪ੍ਰਸਿੱਧ ਆਦਿੱਤਿਆ ਸਰਪੋਤਦਾਰ ਕਰਨਗੇ। ਦਿਨੇਸ਼ ਵਿਜਾਨ ਅਤੇ ਅਮਰ ਕੌਸ਼ਿਕ ਇਸ ਨੂੰ ਮੈਡਾਕ ਫ਼ਿਲਮਜ਼ ਦੇ ਬੈਨਰ ਹੇਠ ਬਣਾਉਣ ਜਾ ਰਹੇ ਹਨ। ਥਾਂਬਾ' ਵਿਚ ਆਯੁਸ਼ਮਾਨ ਖੁਰਾਣਾ ਅਤੇ ਰਸ਼ਮਿਕਾ ਮੰਦਾਨਾ ਤੋਂ ਇਲਾਵਾ ਨਵਾਜ਼ੂਦੀਨ ਸਿੱਦੀਕੀ ਅਤੇ ਪਰੇਸ਼ ਰਾਵਲ ਵੀ ਅਹਿਮ ਭੂਮਿਕਾ ਨਿਭਾਉਣਗੇ। ਇਹ ਫ਼ਿਲਮ ਇਸੇ ਮਹੀਨੇ ਫਲੋਰ 'ਤੇ ਆ ਰਹੀ ਹੈ ਅਤੇ ਅਗਲੇ ਸਾਲ ਦੀਵਾਲੀ 'ਤੇ ਰਿਲੀਜ਼ ਕੀਤੀ ਜਾਵੇਗੀ। ਇਸ ਐਲਾਨ ਤੋਂ ਬਾਅਦ ਪ੍ਰਸੰਸਕ ਫ਼ਿਲਮ ਨੂੰ ਲੈ ਕੇ ਬੇਹੱਦ ਉਤਸ਼ਾਹਿਤ ਹੋ ਗਏ ਹਨ। ਇਸ ਸਾਲ ਦੀ ਸ਼ੁਰੂਆਤ ਵਿਚ ਮੈਡਾਕ ਫ਼ਿਲਮਜ਼ ਦੀ 'ਮੁੰਡਯਾ' ਰਿਲੀਜ਼ ਹੋਈ ਸੀ। ਇਸ ਫ਼ਿਲਮ ਨੂੰ ਦਰਸ਼ਕਾਂ ਤੋਂ ਜ਼ਬਰਦਸਤ ਹੁੰਗਾਰਾ ਮਿਲਿਆ ਸੀ। ਮੈਡਾਕ ਫ਼ਿਲਮਜ਼ ਦੀ ਤਾਜ਼ਾ ਰਿਲੀਜ਼ 'ਇਸਤਰੀ-2' ਨੂੰ ਵੀ ਦਰਸ਼ਕਾਂ ਤੋਂ ਜ਼ਬਰਦਸਤ ਹੁੰਗਾਰਾ ਮਿਲਿਆ ਸੀ। ਇਸ ਫ਼ਿਲਮ ਨੇ ਘਰੇਲੂ ਟਿਕਟ ਖਿੜਕੀ 'ਤੇ 600 ਕਰੋੜ ਤੋਂ ਜ਼ਿਆਦਾ ਦੀ ਕਮਾਈ ਕਰ ਕੇ ਬਾਲੀਵੁੱਡ ਦੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਹੋਣ ਦਾ ਰਿਕਾਰਡ ਆਪਣੇ ਨਾਂਅ ਕਰਦੇ ਹੋਏ ਇਤਿਹਾਸ ਰਚ ਦਿੱਤਾ। ਘਰੇਲੂ ਟਿਕਟ ਖਿੜਕੀ ਤੋਂ ਇਲਾਵਾ ਦੁਨੀਆ ਭਰ ਵਿਚ ਛੱਪਰ-ਫਾੜ ਕਮਾਈ ਕਰਦੇ ਹੋਏ ਇਹ ਫ਼ਿਲਮ 'ਆਲ ਟਾਈਮ ਬਲਾਕਬਸਟਰ' ਫ਼ਿਲਮਾਂ ਦੀ ਸੂਚੀ ਵਿਚ ਸ਼ਾਮਿਲ ਹੋ ਚੁੱਕੀ ਹੈ। ਭਾਰਤ ਹੀ ਨਹੀਂ ਸਗੋਂ ਦੁਨੀਆ ਭਰ ਦੇ ਦਰਸ਼ਕਾਂ ਨੇ ਇਸ ਫ਼ਿਲਮ ਨੂੰ ਬਹੁਤ ਪਸੰਦ ਕੀਤਾ ਹੈ।

# ਸ਼ਿਲਪਾ ਸ਼ੈਟੀ ਨੇ 'ਇੰਡੀਅਨ ਪੁਲੀਸ ਫੋਰਸ' ਦੀ ਸ਼ੂਟਿੰਗ ਦੇ ਦਿਨ ਯਾਦ ਕੀਤੇ

**ਮੁੰਬਈ:** ਅਦਾਕਾਰਾ ਸ਼ਿਲਪਾ ਸ਼ੈਟੀ ਨੇ ਸੀਰੀਜ਼ 'ਇੰਡੀਅਨ ਪੁਲੀਸ ਫੋਰਸ' ਦੇ ਸ਼ੂਟਿੰਗ ਦੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਬੜਾ ਆਨੰਦਦਾਇਕ ਤਜਰਬਾ ਸੀ। ਇਸ ਦੌਰਾਨ ਕੀਤੇ ਸਟੰਟ ਬੇਸ਼ੱਕ ਔਖੇ ਸਨ। ਜ਼ਿਕਰਯੋਗ ਹੈ ਕਿ ਇਸ ਸੀਰੀਜ਼ ਨੇ ਆਪਣੇ ਰਿਲੀਜ਼ ਦਾ ਇੱਕ ਸਾਲ ਪੂਰਾ ਕਰ ਲਿਆ ਹੈ। ਇਸ ਦਾ ਨਿਰਦੇਸ਼ਨ ਰੋਹਿਤ ਸ਼ੈਟੀ ਨੇ ਕੀਤਾ ਹੈ। ਇਸ ਵਿੱਚ ਸ਼ਿਲਪਾ ਨੇ ਪਹਿਲੀ ਮਹਿਲਾ ਪੁਲੀਸ ਅਫ਼ਸਰ ਦਾ ਕਿਰਦਾਰ ਨਿਭਾਇਆ ਹੈ। ਇੱਕ ਸਾਲ ਪਹਿਲਾਂ ਰਿਲੀਜ਼ ਹੋਈ 'ਇੰਡੀਅਨ ਪੁਲੀਸ ਫੋਰਸ' ਵਿੱਚ ਸ਼ਿਲਪਾ ਨੂੰ ਏਟੀਐੱਸ ਚੀਫ ਤਾਰਾ ਸ਼ੈੱਟੀ ਦੇ ਰੂਪ 'ਚ ਦਿਖਾਇਆ ਗਿਆ ਹੈ। ਅਦਾਕਾਰਾ ਨੇ ਕਿਹਾ ਕਿ ਸੀਰੀਜ਼ ਦੇ ਸਾਲ ਪੂਰਾ ਹੋਣ ਨਾਲ ਉਸ ਨੂੰ ਅਹਿਸਾਸ ਹੋਇਆ ਹੈ ਕਿ ਸਮਾਂ ਕਿੰਨੀ ਤੇਜ਼ੀ ਨਾਲ ਲੰਘਦਾ ਹੈ। ਉਸ ਨੇ ਕਿਹਾ ਕਿ ਜਿਵੇਂ ਇਹ ਅਜੇ ਕੱਲ੍ਹ ਦੀ ਹੀ ਗੱਲ ਹੋਵੇ ਅਤੇ ਉਸ ਨੂੰ ਕਿਰਦਾਰ ਨਿਭਾਉਣ ਲਈ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਉਸ ਨੇ ਕਿਹਾ ਕਿ ਏਟੀਐੱਸ ਮੁਖੀ ਦਾ ਕਿਰਦਾਰ ਨਿਭਾਉਣਾ ਉਸ ਲਈ ਮਾਣ ਵਾਲੀ ਗੱਲ ਸੀ। ਇਹ ਕੰਮ ਬੇਸ਼ੱਕ ਔਖਾ ਸੀ ਪਰ ਇਹ ਆਨੰਦ ਦੇਣ ਵਾਲਾ ਸੀ। ਉਸ ਨੇ ਕਿਹਾ ਕਿ ਰੋਹਿਤ ਦੇ ਨਿਰਦੇਸ਼ਨ ਵਾਲੀ ਇਸ ਸੀਰੀਜ਼ ਵਿੱਚ ਕੰਮ ਕਰਨਾ ਉਸ ਲਈ ਬੜਾ ਵਿਲੱਖਣ ਤਜਰਬਾ ਸੀ।



# ਹੁਣ ਅਦਾਕਾਰੀ ਦਾ ਇਰਾਦਾ ਨਹੀਂ: ਮਮਤਾ ਕੁਲਕਰਣੀ

ਮਹਾਕੁੰਭ ਦੌਰਾਨ ਫੇਰ ਚਰਚਾ ਵਿਚ ਆਈ 90 ਦੇ ਦਹਾਕੇ ਦੀ ਬਾਲੀਵੁੱਡ ਅਦਾਕਾਰਾ ਮਮਤਾ ਕੁਲਕਰਣੀ ਲਗਭਗ 24 ਸਾਲ ਬਾਅਦ ਭਾਰਤ ਆਈ ਹੈ। ਸਾਲ 1996 ਵਿਚ ਮਮਤਾ ਕੁਲਕਰਣੀ ਦਾ ਝੁਕਾਅ ਅਧਿਆਤਮ ਵੱਲ ਹੋਇਆ ਸੀ। ਉਸ ਦੌਰਾਨ ਉਸ ਦੀ ਮੁਲਾਕਾਤ ਗੁਰੂ ਗਗਨ ਗਿਰੀ ਮਹਾਰਾਜ ਨਾਲ ਹੋਈ। ਇਸ ਮੁਲਾਕਾਤ ਤੋਂ ਬਾਅਦ ਉਸ ਦੇ ਮਨ ਵਿਚ ਅਧਿਆਤਮ ਨੂੰ ਲੈ ਕੇ ਰੁਚੀ ਲਗਾਤਾਰ ਵਧਦੀ ਹੀ ਗਈ । ਫਿਰ ਉਹ ਸਾਲ 2000 ਡੋਂ 2012 ਡੇਵ ਲਗਾਤਾਰ ਤਪ ਕਰਦੀ ਰਹੀ। ਆਖਰੀ ਵਾਰ ਸਾਲ 2000 ਵਿਚ ਮੁੰਬਈ ਵਿਚ ਨਜ਼ਰ ਆਉਣ ਵਾਲੀ ਮਮਤਾ ਜਦੋਂ ਤੋਂ ਮੁੰਬਈ ਆਈ ਹੈ, ਉਸ ਤੋਂ ਬਾਅਦ ਤੋਂ ਹੀ ਬਾਲੀਵੁੱਡ ਵਿਚ ਉਸ ਦੀ ਵਾਪਸੀ ਨੂੰ ਲੈ ਕੇ ਚਰਚਾ ਦਾ ਬਾਜ਼ਾਰ ਕਾਫ਼ੀ ਗਰਮ ਹੈ। ਪਰ ਉਸ ਨੇ ਬਾਲੀਵੁੱਡ 'ਚ ਵਾਪਸੀ ਕਰਨ ਦਾ ਆਪਣਾ ਰੁਖ ਸਾਫ਼ ਕਰਦੇ ਹੋਏ ਕਿਹਾ ਹੈ ਕਿ 'ਹੁਣ ਨਾ ਤਾਂ ਬਾਲੀਵੁੱਡ ਵਿਚ ਮੈਨੂੰ ਰੁਚੀ ਹੈ ਅਤੇ ਨਾ ਦੀ ਫਿਰ ਤੋਂ ਮੈਂ ਐਕਟਿੰਗ ਦੇ ਖੇਤਰ ਵਿਚ ਆਉਣਾ ਚਾਹੁੰਦੀ ਹਾਂ। ਮਮਤਾ ਦਾ ਕਹਿਣਾ ਹੈ ਕਿ ਹੁਣ ਉਸ ਦੀ ਉਮਰ ਨਹੀਂ ਹੈ ਕਿ ਉਹ ਦੁਬਾਰਾ ਬਾਲੀਵੁੱਡ ਬਾਰੇ ਸੋਚ ਵੀ ਸਕੇ। ਹੁਣ ਉਹ ਸਿਰਫ ਅਧਿਆਤਮਿਕ ਜ਼ਿੰਦਗੀ ਜੀਣਾ ਚਾਹੁੰਦੀ ਹੈ। ਮਮਤਾ ਦਾ ਕਹਿਣਾ ਹੈ ਕਿ ਹੁਣ ਉਸ ਦੀ ਉਮਰ ਨਹੀਂ ਕਿ ਦੁਬਾਰਾ ਬਾਲੀਵੁੱਡ ਬਾਰੇ ਸੋਚ ਵੀ ਸਕੇ। ਹੁਣ ਉਹ ਸਿਰਫ਼ ਅਧਿਆਤਮਿਕ ਜ਼ਿੰਦਗੀ ਜਿਊਣਾ ਚਾਹੁੰਦੀ ਹੈ। ਐਕਟਿੰਗ ਵਿਚ ਵਾਪਸੀ ਦਾ ਇਰਾਦਾ ਨਹੀਂ" ਮਮਤਾ ਕੁਲਕਰਣੀ ਨੇ ਦੱਸਿਆ ਕਿ ਉਹ ਫਿਲਹਾਲ ਚੰਦ ਮਹੀਨਿਆਂ ਲਈ ਇਥੇ ਆਈ ਹੈ ਪਰ ਹੁਣ ਉਹ ਇਥੇ ਆਉਂਦੀ-ਜਾਂਦੀ ਰਹੇਗੀ। ਹੋ ਸਕਦਾ ਹੈ ਕਿ ਕੁਝ ਮਹੀਨੇ ਬਾਅਦ ਉਹ ਹਮੇਸ਼ਾ ਲਈ ਮੁੰਬਈ ਵਿਚ ਰਹਿਣ ਲੱਗੇ। ਮਮਤਾ ਕੁਲਕਰਣੀ ਅਤੇ ਵਿਵਾਦਾਂ ਵਿਚਾਲੇ ਡੂੰਘਾ ਸੰਬੰਧ ਰਿਹਾ ਹੈ। ਮਮਤਾ ਅਤੇ ਵਿੱਕੀ ਗੋਸਵਾਮੀ ਦੀਆਂ ਚੋਰੀ-ਚੋਰੀ ਵਿਆਹ ਕਰਨ ਦੀਆਂ ਖ਼ਬਰਾਂ ਨੇ ਇਕ ਸਮੇਂ ਖ਼ੂਬ ਤੂਲ ਫੜਿਆ ਸੀ। ਇਕ ਸਮੇਂ ਉਨ੍ਹਾਂ 'ਤੇ ਨਸ਼ੇ ਦੀ ਤਸਕਰੀ ਕਰਨ ਦਾ ਦੋਸ਼ ਲੱਗ ਚੁੱਕਾ ਹੈ। ਸੀ.ਐਨ.ਐਨ. ਨਿਊਜ਼ 18 ਨੂੰ ਦਿੱਤੀ ਇੰਟਰਵਿਊ ਵਿਚ ਉਸ ਨੇ ਸਾਫ਼ ਸ਼ਬਦਾਂ ਵਿਚ ? : 'ਮੈਂ ਅਤੇ ਵਿੱਕੀ ਸੰਬੰਧ ਵਿਚ ਜ਼ਰੂਰ ਸੀ ਪਰ 4 ਸਾਲ ਪਹਿਲਾਂ ਅਸੀਂ ਵੱਖਰੇ ਹੋ ਚੁੱਕੇ ਹਾਂ। ਹੁਣ ਉਹ ਮੇਰਾ ਅਤੀਤ ਹੈ। ਮਮਤਾ ਨੇ ਤਾਮਿਲ ਫ਼ਿਲਮ 'ਨਨ ਬਰਗਲ (1991) ਤੋਂ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਦੀ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ ਫ਼ਿਲਮ ਨਿਰਮਾਤਾ ਮੇਹੁਲ ਕੁਮਾਰ ਨੇ ਹਿੰਦੀ ਫ਼ਿਲਮ 'ਤਿਰੰਗਾ' (1993) ਲਈ ਮਮਤਾ ਨੂੰ ਕਾਸਟ ਕੀਤਾ। ਮਮਤਾ ਨੂੰ 'ਆਸ਼ਿਕ ਆਵਾਰਾ' (1993) ਨਾਲ ਹਿੰਦੀ ਫ਼ਿਲਮਾਂ ਵਿਚ ਪਛਾਣ ਮਿਲੀ। ਇਸ ਫ਼ਿਲਮ ਲਈ ਮਮਤਾ ਨੂੰ 'ਫ਼ਲਿਮ ਫੇਅਰ ਲਕਸ ਨਿਊ ਫੇਸ' ਦਾ ਪੁਰਸਕਾਰ ਮਿਲਿਆ। ਇਸ ਤੋਂ ਬਾਅਦ ਮਮਤਾ ਕੁਲਕਰਣੀ ਨੇ 'ਕਰਨ ਅਰਜੁਨ', 'ਨਸੀਬ', 'ਸਬਸੇ ਬੜਾ ਖਿਲਾੜੀ', 'ਛੁਪਾ ਰੁਸਤਮ', 'ਘਾਤਕ', 'ਵਕਤ ਹਮਾਰਾ ਹੈ', 'ਬਾਜ਼ੀ ਵਰਗੀਆਂ ਲਗਭਗ 50 ਫ਼ਿਲਮਾਂ ਵਿਚ ਅਕਸ਼ੈ ਕੁਮਾਰ ਤੋਂ ਲੈ ਕੇ ਸਲਮਾਨ ਅਤੇ ਸ਼ਾਹਰੁਖ ਖਾਨ ਵਰਗੇ ਟੌਪ ਸਟਾਰਾਂ ਨਾਲ ਕੰਮ ਕਰਦੇ ਹੋਏ ਇਸ ਸਨਅਤ ਵਿਚ ਵੱਖਰੀ ਪਛਾਣ ਬਣਾਈ। ਮਮਤਾ ਨੇ ਹਿੰਦੀ ਸਿਨੇਮਾ ਤੋਂ ਇਲਾਵਾ ਤਾਮਿਲ, ਬੰਗਾਲੀ, ਮਰਾਠੀ ਫ਼ਿਲਮ ਸਨਅਤ ਵਿਚ ਕੰਮ ਕੀਤਾ। ਮਮਤਾ ਕੁਲਕਰਣੀ ਦਾ ਫ਼ਿਲਮ ਕਰੀਅਰ ਕਾਫ਼ੀ ਚੰਗਾ ਚੱਲ ਰਿਹਾ ਸੀ ਪਰ ਉਸ ਨੇ ਖ਼ੁਦ ਹੀ ਚੀਜ਼ਾਂ ਨੂੰ ਖ਼ਰਾਬ ਕਰ ਲਿਆ।



*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥*

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ ਹਰ ਸਾਲ ਦੀ ਤਰ੍ਹਾਂ 14, 15 ਅਤੇ 16 ਫਰਵਰੀ 2025 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ, ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**14 ਫਰਵਰੀ 2025, ਸ਼ੁਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

**16 ਫਰਵਰੀ 2025, ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

* ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।
* ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

**ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)**

**12200 E. 131st., Street Fishers, IN 46037-6621**

**Cell: 317-792-7121 Ph: 317-773-8446**